ਸਭ ਹੱਕ ਕਰਤਾ ਜੀਦੇ ਰਾਖਵੇ ਹਨ

ੴ

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ
ਜੀਅ ਦਾਨ ਦੇ ਭਗਤੀ ਲਾਇਨ ਹਰਿ ਸਿਉ ਲੈਨ ਮਿਲਾਏ

---

-ਃਪੋਥੀ ਸੰਤ ਬਲਾਸਃ-

( ਅਰਥਾਤ )

# ਜਨਮ ਸਾਖੀ ਸੰਤ ਅਤਰ ਸਿੰਘ

# ਮਹਾਰਾਜ

ਜੀਕੀ

-:ooooo:-

ਕ੍ਰਿਤ ਕਵ ਭਾਈ ਨਰਾਇਣ ਸਿੰਘ. ਮਹੇਰਨਾਂ ਕਲਾਂ
ਡਾਕ ਖਾਨਾ ਮੰਡੀ ਅਹਮਦ ਗੜ੍ਹ ( ਜ਼ਿਲਾ ਲੁਧਿਆਣਾ )

---

## ਭਾਗ ਪਹਿਲਾ

---

ਬਗੈਰ ਦਾਸਦੇ ਦਸਖਤਾਂਦੇ ਕੋਈ ਸੱਜਣ ਨਾ ਖਰੀਦੇ

ਪਹਿਲੀਵਾਰ ੫੦੦ ਕੀਮਤ

704

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

॥ ੧ੴ ਸਤਿਗੁਰਪ੍ਰਸਾਦਿ ॥

# ਸੂਚਨਾ

ਸੰਤ ਮਹਾਰਾਜ ਜੀਕਾ ਜੀਵਨ ਲਿਖਨ ਦਾ ਕਾਰਨ ਇਕ ਵਾਰ ਸੰਤ ਮਹਾਰਾਜ ਜੀ ਨਗਰ ਮਹੇਰਨੇ ਤੋਂ ਬਾਹਰ ਸੰਤਪੁਰੇ ਇਕ ਬਿਰਛ ਹੇਠ ਪਲੰਘ ਉਪਰ ਬੈਠੇ ਸਨ ਦਾਸ ਨਿਰੈਣ ਸਿੰਘ ਆਪਣੇ ਨਗਰ ਮਹੇਰਨੇ ਤੇ ਦਰਸਨ ਕਰਨ ਆਇਆ ਸੰਤਾਂ ਅਗੇ ਨਮਸਕਾਰ ਕਰਕੇ ਪਲੰਘ ਦੇ ਪਾਸ ਬੈਠ ਗਿਆ ਸੰਤਾ ਨੇ ਮੇਰੇ ਸੀਸ ਤੇ ਹਸਤ ਕਵਲ ਰਖਕੇ ਬਚਨ ਕੀਤਾ ਭਾਈ ਥੋਨੂ ਛੰਦਾ ਬੰਦੀ ਫੁਰੇਗੀ ਤੁਸੀ ਇਤਹਾਸ ਬਣਾਵੋਗੇ ਮੈ ਬੇਨਤੀ ਕੀਤੀ ਜੀ ਸੱਚੇ ਪਾਤਸ਼ਾਹੁ ਛੰਦਾ ਬੰਦੀ ਫੁਰੀ ਤੇ ਭਜਨਬੰਦਗੀ ਨਾ ਭੁਲ ਜਾਵੇ ਫਿਰ ਬਚਨ ਕੀਤਾ ਭਜਨ ਭੀ ਹਿਰਦੇ ਵਿਚ ਬਸਿਆ ਰਹੇਗਾ ਇਸਤੇ ਪਹਿਲੇਭੀ ਦਾਸ ਨੂੰ ਬਚਨ ਸੁਣਨ ਦਾ ਤੇਪੁਛਣ ਦਾ ਬਹੁਤਖਿਆਲ ਸੀ ਫੇਰਤਾਂ ਅਗੇ ਨਾਲੋ ਭੀ ਬਹੁਤ ਯਾਦੇ ਖਿਆਲ ਹੋਗਿਆ ਫੇਰ-੧੯੮੩ ਬਿ: ਵਿਚ ੧੯ ਮਾਘ ਨੂੰਜਦ ਸੰਤ ਮਹਾਰਾਜ ਜੀ ਜੋਤੀ ਜੋਤ ਸਮਾਗਏ ਗੁਰਸਾਗਰ ਸਾਹਿਬ ਸੰਗਤ ਬਹੁਤ ਅਕੱਤਰ ਹੋਈ ਭਾਰੀਜੋੜਮੇਲ ਕੀਤਾਭਾਈਗੁਲਾਬ ਸਿੰਘਨੂੰਸੰਗਤਨੇ ਸਿਰੇਪਾਉ ਸ੍ਰੀਸਾਹਿਬ ਦੇਕੇ ਗੁਰਦੁਆਰੇ ਦੀ ਸਭ ਕਾਰ ਸੌਂਪਕੇ ਫੇਰ ਦਮਦਮੇਂ ਸਾਹਿਬ ਗੁਰੂਕੀ ਕਾਂਸੀ ਵਿਖੇ ਜੋੜ ਮੇਲ ਕੀਤਾ ਸਭ ਦੇਸ ਦੇਸੰਤ੍ਰ ਦੂਰ ਨੇੜੇ ਤੋਂ ਸੰਗਤ ਅਕੱਤਰ ਹੋਈ ਏਸ ਜੋੜਮੇਲੇ ਪਰ ਸੰਗਤ ਨੇ ਬਿਚਾਰ ਕੇ ਗੁਰਮਤਾ ਪਾਸ ਕੀਤਾ ਕਿ ਸੰਤ ਮਹਾਰਾਜ ਕੀ ਜਨਮ ਸਾਖੀ ਬਣਨੀ ਚਾਹੀਏ ਦਾਸ ਭੀ ਏਥੇ ਹਾਜ਼ਰ ਸੀ ਸੰਗਤ ਨੇ ਬੁਲਾਕੇ ਬਚਨ ਕੀਤਾ ਭਾਈ ਨਰੈਣ ਸਿੰਘ ਜੀ ਆਪ ਸੰਤ ਮਹਾਰਾਜ ਜੀ ਕੀ ਜਨਮ ਸਾਖੀ ਬਣਨੀ ਚਾਹੀਏ ਦਾਸ ਭੀ ਹਾਜਰ ਸੀ ਸੰਗਤ ਨੇ ਬੁਲਾਕੇ ਬਚਨ ਕੀਤਾ ਭਾਈ ਨਰੈਣ ਸਿੰਘ ਜੀ ਆਪ ਸੰਤ ਮਹਾਰਾਜ ਜੀਕੀ ਹਜੂਰੀ ਵਿੱਚ ਬਹੁਤ ਉਸਤਤਿ ਭਰੇ ਛੰਦ ਸਣੌਦੇ ਰਹੇ ਹੋ ਹੁਣ ਸੰਤਾਂ ਦੀ ਜਨਮਸਾਖੀ ਤਿਆਰ ਕਰੋ ਸੰਗਤ ਦਾ ਬਚਨ ਸੁਣਕੇ ਫੇਰ ਸੰਤ ਮਹਾਰਾਜ ਜੀ ਕਾ ਬਚਨ ਚੇਤੇ ਆਇਆ ਜੋ ਸੰਤਪੁਰੇ ਮੇਰੇ ਜਨਮ ਨਗਰ ਕੀਤਾ ਸੀ। ਇਤਹਾਸ ਬਣੌਣ ਦਾ ਮੈਂ ਸੰਗਤ ਦਾ ਬਚਨ ਪਰਵਾਨ ਕੀਤਾ ਫੇਰ ਪੰਜ ਜੈਕਾਰੇ ਬੁਲਾਏ ਗਏ ਏਸ ਦਿਨ ਤੋਂ ਮੈਂ ਸਾਖੀਆਂ ਸੇਵਕਾਂ ਪਾਸੋਂ ਪੁਛਣੀਆਂ ਤੇ ਲਿਖਣੀਆਂ ਸ਼ੁਰੂ ਕੀਤੀਆਂ ਜੋ ਪਹਿਲਾਂ ਸੰਤ ਮਹਾਰਾਜ ਜੀ ਕੀ ਮਾਤਾ ਪਾਸੋਂ ਪੁਛਦਾ ਰਿਹਾ ਸੀ ਫੇਰ ਸੰਤ ਮਹਾਰਾਜ ਜੀ ਕੀ ਭੈਣ ਬੇਬੇ ਰਤਨ ਕੌਰ ਪਾਸੋਂ ਪੁਛਕੇ ਜਨਮ ਲੀਲਾ ਤੇ ਬਾਲ ਲੀਲਾ ਲਿਖੀ

ਫੇਰ ਸੰਤ ਮਹਾਰਾਜ ਜੀ ਕੇ ਜਨਮ ਨਗਰ ਪਹੁੰਚਕੇ ਸੰਤਾਂ ਦੇ ਬਾਲਸਖਾਈ ਨੰਬਰਦਾਰ ਹਰਨਾਮ-

Sri Satguru Jagjit Singh Ji eLibrary NamdhariElibrary@gmail.com

ਸਿੰਘ ਤੇ ਭਾਈ ਚੰਦਾ ਸਿੰਘ ਇਤਆਦਕ ਜੋ ਕਈ ਬਿਰਧ ਬਾਲ ਸਖਾ ਮਿਲੇ ਸਭਨਾਂ ਤੋ ਬਾਲਕ ਅਵਸਥਾ ਦੇ ਬਚਨ ਪੁਛਕੇ ਲਿਖੇ ਏਥੇਹੀ ਭਾਈ ਮਕੰਦ ਸਿੰਘ ਪੈਨਸ਼ਨਰ ਸੰਤਾਂ ਦਾ ਬਾਲ ਸਖਾਈ ਹੈਸੀ ਜੋ ਨੌਕਰੀ ਵੇਲੇ ਸਾਥ ਸੀ ਨੌਕਰੀ ਵੇਲੇ ਦੇ ਬਲਾਸ ਓਸਨੇ ਲਖਾਏ ਨੌਕਰੀ ਛਡਕੇ ਤਪ ਕਰਨ ਦਾ ਪ੍ਰਸੰਗ ਗਿਆਨੀ ਪ੍ਰੇਮ ਸਿੰਘ ਨੇ ਲਖਾਇਆ ਜਿਸਦਾ ਜਨਮ ਤਪਿਆਣਾ ਸਾਹਿਬ ਵਾ ਕਨੇਏ ਨਗਰ ਦਾ ਹੈ ਫੇਰ ਸੰਤਾਂ ਦੇ ਜੋ ਜੋ ਗੜਵਈ ਰਹੇ ਯਾ ਦਿਸੰਤਰ ਯਾਤਰਾ ਵੇਲੇ ਨਾਲ ਰਹੇ ਦਸਕੇ ਲਖੌਂਦੇ ਰਹੇ ਜੋ ਜੋ ਸਾਖੀ ਕਿਸੇ ਸਜਣ ਦੇ ਜੁਬਾਨੀ ਲਿਖੀ ਹੈ ਤਿਨ੍ਹਾਂ ਦੇ ਨਾਮ ਭੀ ਸਾਖੀ ਵਿੱਚ ਦਰਜ ਹਨ ਜੋ ਕੋਈ ਸਜਣ ਸਾਤੇ ਭੁਲਿਆ ਪ੍ਰਸੰਗ ਸਾਡੇ ਪਾਸ ਲਿਖ ਭੇਜੇਗਾ ਅਸੀਂ ਬੜਾ ਉਨ੍ਹਾਂ ਦਾ ਧਨਵਾਦ ਕਰਾਂਗੇ ਦੂਜੀ ਬਾਰ ਛਪਣ ਵੇਲੇ ਵਿਚ ਛਾਪਿਆ ਜਾਊ

## ( ਭੂਮਕਾ )

ਸਾਧ ਸੰਗਤ ਜੀ ਜਦ ਕਦ ਭੀ ਜਗਤ ਵਿੱਚ ਗੈਲਾਨ ਫੈਲਦੀ ਹੈ ਉਦੋਂ ਪਰਮੇਸ਼ਰ ਜੀਵਾਂ ਨੂੰ ਸ਼ੁਭ ਮਾਰਗ ਪੌਣ ਵਾਸਤੇ ਭਗਤਾਂ ਦੀ ਰਛਿਆ ਵਾਸਤੇ ਅਪਣੀ ਕਲਾ ਪ੍ਰਕਾਸ਼ ਕੇ ਸਰੂਪ ਬਣਾ ਕੇ ਜੀਵਾਂ ਦਾ ਉਧਾਰਕਰਦਾ ਹੈ। ਯਥਾ ਗੁਰਵਾਕ-ਸਤਿਗੁਰ ਵਿੱਚ ਆਪ ਰਖਿਓਨ ਕਰ ਪਰਗਟ ਆਖਿ ਸੁਣਾਇਆ। ਸਤਿਗੁਰ ਨਾਨਕ ਸਾਹਿਬ ਜੀ ਨੇ ਅਕਾਲ ਪੁਰਖ ਦੇ ਸਚੇ ਢਾਡੀ ਬਣਕੇ ਆਪ ਕੀਰਤਨ ਕਰਕੇ ਚਾਰ ਕੁੰਟ ਵਿੱਚ ਪਰਚਾਰ ਕੀਤਾ ਫੇਰ ਨੌ ਜਾਮੇ ਗੁਰੂ ਏਸੇ ਲੈਣ ਪਰ ਚਲਦੇ ਰਹੇ ਫੇਰ ਕੁਝ ਦਿਨ ਖਾਲਸੇ ਵਿੱਚ ਕੀਰਤਨ ਦਾ ਪਰਵਾਹੁ ਚਲਦਾ ਰਿਹਾ ਫੇਰ ਕੁਝ ਸਮਾ ਪਾਕੇ ਬੇਦੀ ਸੋਢੀ ਬਾਵੇ ਖੰਡੇ ਦਾ ਅੰਮ੍ਰਿਤ ਛਡਕੇ ਚਰਨਪਾਹੁਲ ਦੇਣ ਲਗ ਪਏ ਰਬਾਬੀਆਂ ਪਾਸੋਂ ਕੀਰਤਨ ਸੁਣਨਾ ਕੁਝ ਕੀਰਤਨ ਦਾ ਰਿਵਾਜ ਘਟ ਹੋਗਿਆ ਫੇਰ ਬਾਬਾ ਰਾਮ ਸਿੰਘ ਭੈਣੀ ਸਾਹਿਬ ਪਰਗਟ ਹੋਏ ਨਾਮ ਜਪਣ ਤੇ ਕੀਰਤਨ ਕਰਨ ਦੀ ਧੁਨ ਫੇਰ ਜਾਗੀ ਉਪਰੰਤ ਏਸ ਲਹਿਰ ਨੂੰ ਮਜੂਦਾ ਹਕੂਮਤ ਵਲੋਂ ਕੁਝ ਖੇਚਲ ਪਹੁੰਚੀ ਫੇਰ ਫੌਜੀ ਖਾਲਸੇ ਵਿੱਚ ਕੀਰਤਨ ਦਾ ਕੁਝ ਪਰਵਾਹ ਚਲਦਾ ਰਿਹਾ ਜਿਨ੍ਹਾਂ ਵਿੱਚੋਂ ਕਈ ਸਿੰਘ ਬੰਦਗੀ ਕਰ ਆਤਮ ਰਸਦੇ ਲੈਣ ਵਾਲੇ ਨਾਮ ਕਟਾਕੇ ਰਮਤੇ ਰਹਿਕੇ ਜਾਗਤ ਜੋਤ ਨਾਲ ਮਿਲਗਏ ਫੇਰ ਸੰਤ 'ਅਤਰ ਸਿੰਘ' ਜੀਮਹਾਰਾਜ ਨੇ ਅਕਾਲਪੁਰਖ ਦੇਸੱਚੇ ਢਾਡੀ ਬਣਕੇ ਚਾਰਕੁੰਟਵਿੱਚ ਕੀਰਤਨ ਦੀ ਧੁਨ ਜਾਹਰ ਕੀਤੀ ਮੁੜ ਗੁਰੂ ਨਾਨਕ ਜੀਦੇ ਦਰਸ਼ਣ ਦੀ ਝਾਕੀ ਸੰਗਤਾਂ ਨੂੰ ਮਿਲੀ ॥ਧੰਨ ਧੰਨ ਹਰਿਜਨ ਕਾ ਉਪਜਿਆ ਜਿਨ ਕੀਨੋ ਸਉਤ ਬਿਧਾਤਾ ਦੇ ਵਾਕਾਂ ਅਨੁਸਾਰ ਜੈਸੇ ਸੁਕਾ ਬਾਗ ਨਮੀਂਆਂ ਟਾਹਣੀਂਆਂ ਅਤੇ ਫੁਲਾਂ ਨਾਲ ਭਰਪੂਰ ਹੋਵੇ ਤਿਵੇਂ ਸੰਸਾਰ ਵਿੱਚ ਕੋਣੇ ੨ ਤੇ ਘਰ ਘਰ ਕੀਰਤਨ ਹੋਣ ਲਗਪਿਆ ਜੋ ਗੰਦੇ ਗੀਤ ਗੌਣਵਾਲੇ ਮੁੜ ਕੀਰਤਨੀ ਜੱਥੇ ਤੇ ਢਡੀ ਬਣਕੇ ਲਗੇ ਹਰੀਜਸ ਕਰਨ ਬੁਲਬੁਲਾਂ ਚਹਿਕ ਪਈਆਂ ਸ੍ਰੀ ਸੰਤ ਮਹਾਰਾਜ ਜੀਦੇ ਦੀਵਾਨ ਵਿੱਚ ਕਈ ਵਾਰ ਪੰਜਪੰਜ ਸਤਸਤ ਸੌ ਅੰਮ੍ਰਿਤ ਅਭਿਲਾਖੀ ਅੰਮ੍ਰਿਤ ਛਕਕੇ ਤਿਆਰ ਬਰ ਤਿਆਰ ਸਿੰਘ ਸਜਦੇ ਸੋ ਐਸੇ ਮਹਾਂਪੁਰਸ਼ ਦੇ ਗੁਣ ਕਥਨ ਵਿੱਚ ਨਹੀਂ ਆ ਸਕਦੇ॥ ਕਿਉਂਕਿ ਮਹਾਪੁਰਸ਼ਾਂ ਵਿੱਚ ਅਕਰਖਣ ਸ਼ਕਤੀ ਹੁੰਦੀ ਹੈ ਸਭ ਕਿਸੇ ਦਾ ਹਿਰਦਾ ਖਿਚਕੇ



Sri Satguru Jagjit Singh Ji eLibrary NamdhariElibrary@gmail.com

ਆਪਣੀ ਤਰਫ ਮੋੜ ਲੈਂਦੇ ਹਨ। ਜੀਵਾਂ ਦੇ ਸਭ ਖਯਾਲ ਹੋ ਜਾਂਦੇ ਹਨ। ਯਥਾ ਗੁਰ ਵਾਕ ਗਉੜੀ ਬੈਰਾਗਣ ਜਿਸੁ ਮਿਲਿਐ ਮਨ ਹੋਇ ਅਨੰਦ ਸੋ ਸਤਗੁਰ ਕਹੀਐ ਮਨ ਕੀ ਦੁਬਿਦਾ ਬਿਨਸ ਜਾਇ ਹਰ ਪਰਮ ਪਦ ਲਹੀਐ। ਗਉੜੀ ਮ: ੫ ਗੁਆਰੇਰੀ। ਸੰਤਨ ਕੀ ਮਹਿਮਾ ਕਵਨ ਵਖਾਨਉ। ਅਗਾਧ ਬੋਧ ਕਿਛੁ ਮਿਤ ਨਹੀਂ ਜਾਨਉ। ਗੁਰੂ ਪਯਾਰੀ ਸਾਧ ਸੰਗਤ ਜੀ ਸੰਤਾਂ ਪਾਸੋਂ ਭਰਮ ਦੀ ਨਿਵਰਤੀ ਹੁੰਦੀ ਹੈ ਜਥਾ ਗੁਰ ਵਾਕ ਹੈ। ਹਰਿ ਕਾ ਸੰਤ ਹਰਿ ਕੀ ਹਰਿ ਮੂਰਤਿ ਤਿਸ ਮਿਲੀਐ ਭਰਮ ਚੁਕਾਇ ਦਾ। ਗੁਰਬਾਣੀ ਸੰਤਾਂ ਦਾ ਧਯਾਨ ਧਰਨਾ ਦਸਦੀ ਹੈ ਕਿ ਜਥਾ ਗੁਰਵਾਕ ਹੈ। ਦੇਵ ਗੰਧਾਰੀ ਮਃ ੫। ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ। ਅੱਗੇ ਹੋਰ ਦੇਖੋ ਸਾਰੰਗ ਮਹੱਲਾ ੫। ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਯਾਨਕਉ। ਐਸੇ ਸੰਤ ਭੀ ਕੋਟਾਂ ਮੱਧ ਇੱਕ ਹੁੰਦੇ ਹਨ। ਜਥਾਗੁਰ ਵਾਕ ਹੈ॥ ਕੋਟ ਮੱਧੇ ਕੋਈ ਸੰਤ ਦਿਖਾਇਆ। ਜਥਾ ਕੋਈ ਇਕ ਅਧਨਾਮੇ ਰਜੀਅੜਾ ਕਾਇ ਵਿਰਲੀ ਜਾਇਵੁਠੀ। ਜਥਾ ਜਨ ਨਾਨਕ ਕੋਟਨ ਮੈਂ ਕੋਊ ਨਾਰ ਇਣ ਜਹਿ ਚੀਤ। ਫੇਰ ਉਹ ਕੈਸਾ ਹੁੰਦਾ ਹੈ ਜਗ ਨੂੰ ਤਾਰਨ ਵਾਲਾ ਹੁੰਦਾ ਹੈ ਜਥਾ ਗੁਰਵਾਕ ਹੈ। ਇਕ ਸਹਬਿ ਆਇਆ ਵਰਸਾਏ ਬਹੁਤੇਰੇ। ਤਿਸ ਲਗ ਮੁਕਤ ਭਏ ਘਨੇਰੇ ਫੇਰ ਓਹਨਾਂ ਮਹਾ ਪੁਰਸ਼ਾਂ ਨੂੰ ਗੁਰਬਾਣੀ ਬੇਅੰਤ ਬੇਅੰਤ ਆਖਦੀ ਹੈ ਸੁਖਮਨੀ ਸਾਹਿਬ ਸਾਧ ਕੀ ਸੋਭਾ ਸਦਾ ਬੇਅੰਤ। ਓਨ੍ਹਾਂ ਮਹਾਂ ਪੁਰਸ਼ਾਂ ਨੂੰ ਗੁਰੂ ਜੀ ਇਉ ਬਲਿਹਾਰੇ ਆਖਦੇ ਹਨ ਜਥਾ ਮਾਝ ਮ: ੫ ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮ ਸੁਣਾਵਣਿਆ॥ ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸ਼ਨ ਪਾਵਣਿਆ॥ ਗੁਰ ਪਿਆਰੀ ਸਾਧ ਸੰਗਤ

## ਸੰਤਾਂ ਦੀ ਅਚਰਜ ਸਭਾ ਸਿਰੀ ਰਾਗ ਮਹੱਲਾ ੧

ਭਾਈ ਰੇ ਸੰਤ ਜਨਾ ਕੀ ਰੇਣ। ਸੰਤ ਸਭਾ ਗੁਰ ਪਾਈਐ ਮੁਕਤ ਪਦਾਰਥ ਧੇਣ॥ (ਵਾ) ਸਭ ਸੁਖ ਹਰ ਰਸ ਭੋਗਣੇ ਸੰਤ ਸਭਾ ਮਿਲ ਗਆਨ। ਸਰੀ ਰਾਗ ਮ: ੫। ਥਾਨ ਸੁਹਾਵਾ ਪਵਿਤੁ ਹੈ ਜਿੱਥੇ ਸੰਤ ਸਭਾ। ਢੋਈ ਤਿਸਹੀ ਨੋ ਮਿਲੈ ਜਿਨ ਪੂਰਾ ਗੁਰੂ ਲਭਾ। ਨਾਨਕ ਬਧਾ ਘਰ ਤਹਾ ਜਿਥੈ ਮਿਰਤੁਨ ਜਨਮ ਜਰਾ॥ ਜੇ ਕੋਈ ਸੰਤਾਂ ਬਿਨ ਆਪੇ ਹਠ ਕਰੇ ਗਿਆਨ ਨਹੀਂ ਪਰਾਪਤ ਹੁੰਦਾ ਜਥਾ ਗੁਰਵਾਕ ਹੈ॥ ਸਿਰੀ ਰਾਗ ਮ: ੪॥ ਸੰਤ ਜਨਾਂ ਵਿਣ ਭਾਈਆ ਹਰਿ ਕਿਨੈ ਨ ਪਾਇਆ ਨਾਉ। ਵਿਚ ਹਉਮੈ ਕਰਮ ਕਮਾਮਦੇ ਜਿਉ ਵੇਸ਼ਿਆ ਪੂਤ ਨਿ ਨਾਉ। ਜਿਨਾ ਦੇ ਅਤ ਹੀ ਭਾਗ ਮਾੜੇ ਹਨ ਓਹ ਸੰਤਾਂ ਦੀ ਸੰਗਤ ਨਹੀਂ ਕਰਦੇ ਜਥਾ ਗੁਰਵਾਕ ਹੈ॥ ਮਾਝ ਮਃ ੪। ਵਡਭਾਗੀ ਹਰ ਸੰਤ ਮਿਲਾਇਆ। ਗੁਰ ਪੂਰੇ ਹਰ ਰਸ ਮੁਖ ਪਾਇਆ। ਭਾਗ ਹੀਨ ਸਤਿਗੁਰ ਨਹੀਂ ਪਾਇਆ। ਮਨਮੁਖ ਗਰਭਜੂਨੀ ਨਿਤ ਪਉਂਦਾ ਜੀਉ॥

## ॥ ਵਾਹਿਗੁਰੂ ਨੂੰ ਸੰਤ ਖਰੇ ਪਿਆਰੇ ਹਨ॥

ਮਾਝ ਮਹੱਲਾ ੫। ਅੰਮ੍ਰਿਤ ਨਾਮ ਤੇਰਾ ਸੋਈ ਗਾਵੈ। ਜੋ ਸਾਹਿਬ ਤੇਰੈ ਮਨਿ ਭਾਵੈ।

Sri Satguru Jagjit Singh Ji eLibrary NamdhariElibrary@gmail.com

ਤੂੰ ਸੰਤਨ ਕਾ ਸੰਤ ਤੁਮਾਰੇ ਸੰਤ ਸਾਹਿਬ ਮਨ ਮਾਨਾ ਜੀਉ ॥ ੨ ॥ ਤੂੰ ਸੰਤਨ ਕੀ ਕਰਹਿ ਪ੍ਰਤਿ ਪਾਲਾ । ਸੰਤ ਖੇਲਹਿ ਤੁਮ ਸੰਤ ਗੁਪਾਲਾ । ਅਪਨੇ ਸੰਤ ਤੁਧ ਖਰੇ ਪਿਆਰੇ ਤੂੰ ਸੰਤਨ ਕੇ ਪਰਾਨ ਜੀਉ ॥ ੩ ॥ ਉਨ ਸੰਤਨ ਕੈ ਮੇਰਾ ਮਨੁ ਕੁਰਵਾਨੇ ॥ ਜਿਨ ਤੂੰ ਜਾਤਾ ਜੋ ਤੁਧ ਮਨਿ ਭਾਨੇ। ਤਿਨਕੈ ਸੰਗ ਸਦਾ ਸੁਖ ਪਾਇਆ। ਹਰਿ ਹਰਿ ਨਾਨਕ ਤ੍ਰਿਪਤ ਅਘਾਨਾ ਜੀਉ ॥ ੪ ॥ ਮਾਝ ਮ: ੫। ਤੇਰੀ ਮਹਿਮਾ ਤੂੰਹੀ ਜਾਣਹਿ। ਅਪਣਾ ਆਪ ਤੂੰ ਆਪ ਪਛਾਣਹਿ। ਹਉ ਬਲਿਹਾਰੀ ਸੰਤਨ ਤੇਰੇ ਜਿਨ ਕਾਮ ਕਰੋਧ ਲੋਭ ਪੀਠਾ ਜੀਉ । ੩ । ਤੁਮ ਨਿਰਵੈਰ ਸੰਤ ਤੇਰੇ ਨਿਰਮਲ ॥ ਜਿਨ ਦੇਖੇ ਸਭ ਉਤਰੈ ਕਲਮਲ ॥ ਨਾ-ਨਕ ਨਾਮ ਧਿਆਇ ਧਿਆਇ ਜੀਵੈ ਬਿਨਸਿਆ ਭ੍ਰਮ ਭਉ ਧੀਠਾ ਜੀਉ ॥ ੪ ॥ ਹੋਰ ਦੇਖੋ ਗੁਰਵਾਕ ਤੀਨ ਵਿਆਪੈ ਜਗਤ ਕਉ ਤੁਰੀਆ ਪਾਵੈ ਕੋਇ ॥ ਨਾਨਕ ਸੰਤ ਨਿਰਮਲ ਭਏ ਜਿਨ ਮਨ ਵਸਿਆ ਸੋਇ ॥

## ॥ ਸੰਤਾਂ ਦੇ ਚਰਨ ਭਵਸਾਗਰ ਤਾਰਨ ਵਾਲੈ ਜਹਾਜ਼ ਹਨ ॥

ਜਥਾ ਗੁਰਵਾਕ ਹੈ ॥ ਚਰਨ ਭਏ ਸੰਤ ਬੋਹਿਥਾ ਤਰੇ ਸਾਗਰ ਜੇਤ । ਮਹਾਭਿਆਨ ਉਦਿ-ਆਨ ਮੈਂ ਗੁਰ ਦੱਸੇ ਭੇਤ॥ ਵਾ॥ ਸੰਤਹ ਚਰਨ ਮਾਥਾ ਮੇਰੋ ਪਉਤ ॥ ਅਨਕ ਬਾਰ ਸੰਤਹ ਡੰਡੌਤ ॥ ਵਾ ॥ ਸੰਤ ਚਰਨ ਚਰਨ ਮਨੁ ਲਾਈਐ ॥ ਵਾ ॥ ਸੰਤ ਚਰਨ ਤੀਰਥ ਕੱਟ ਗੰਗਾ । ਵਾ । ਸੰਤ ਚਰਨ ਧਰੋ ਮਾਥੇ ਚਾਂਦਨਾ ਗ੍ਰਿਹਿ ਹੋਤ ਅੰਧੇਰੈ । ਇਤ੍ਯ ਆਦਕ ਬਹੁਤ ਪਰਮਾਣ ਗੁਰਬਾਣੀ ਵਿਚੋਂ ਮਿਲਦੇ ਹਨ ।

## ॥ ਸੰਤ ਵਾਹਿਗੁਰੂ ਨੂੰ ਨੈਣੀ ਦਖਾਲ ਦਿੰਦੇ ਹਨ ॥

ਜਥਾ ਗੁਰਵਾਕ ਹੈ ॥ ਗਉੜੀ ਮਾਝ ਮ: ੪ । ਨੈਣੀ ਮੇਰੇ ਪਿਆਰਿਆ ਨੈਣੀ ਗੋਬਿੰਦਾ ਕਿਨੇ ਹਰਿ ਪ੍ਰਭ ਡਿਠੜਾ ਨੈਣੀ ਜੀਉ। ਮੇਰਾ ਮਨ ਤਨ ਬਹੁਤ ਬੈਰਾਗਿਆ ਮੇਰੇ ਗੋਵਿੰਦਾ ਹਰਿ ਬਾਝਹੁ ਧਨ ਕੁਮਲੈਣੀ ਜੀਉ। ਸੰਤ ਜਨਾਂ ਮਿਲ ਪਾਇਆ ਮੇਰੇ ਗੋਵਿੰਦਾ ਮੇਰਾ ਹਰ ਪ੍ਰਭ ਸੱਜਣ ਸੈਣੀ ਜੀਉ । ਹਰ ਆਇ ਮਿਲਿਆ ਜਗ ਜੀਵਨ ਮੇਰੇ ਗੋਵਿੰਦਾ ਮੈ ਸੁਖ ਬਿਹਾਣੀ ਰੈਣੀ ਜੀਓ । ਤਾਂਤੇ ਸਾਧ ਸੰਗਤ ਜੀ ਹੋਰ ਉਪਾਓ ਸਭੇ ਛਡ ਕੇ ਸੰਤਾਂ ਦੇ ਚਰਨੀ ਲਗੀਏ ਫੇਰ ਸੰਤ ਸੱਚਾ ਮਾਰਗ ਦਸਦੇ ਹਨ ਜਥਾ ਗੁਰਵਾਕ ਭੀ ਹੈ। ਗਉੜੀ ਗੁਆਰੇਰੀ ਮ: ੫ ॥ ਉਕਤਿ ਸਿਆਣਪ ਸਗਲੀ ਤਿਆਗ । ਸੰਤ ਜਨਾਂ ਕੀ ਚਰਨੀ ਲਾਗ । ਜੇਕਰ ਸੰਤਾਂ ਦੇ ਚਰਨੀ ਲਗੀਏ ਫੇਰ ਸੰਤ ਸੱਚਾ ਮਾਰਗ ਦਸਦੇ ਹਨ । ਜਥਾ ਗੁਰਵਾਕ ਹੈ ॥ ਗਉੜੀ ਗੁਆਰੇਰੀ ਮ: ੫ ॥ ਕਰ ਕਿਰਪਾ ਸੰਤਨ ਸਚ ਕਹਿਆ । ਸਰਬ ਸੁਖ ਇਹ ਆਨੰਦ ਲਹਿਆ ॥ ਸਾਧ ਸੰਗ ਹਰ ਕੀਰਤਨ ਗਾਈਐ ॥ ਕਹੁ ਨਾਨਕ ਬਡਭਾਗੀ ਪਾਈਐ । ਗੁਰੂ ਜੀ ਸੰਤਾਂ ਦੀ ਰਹਿਤ ਗੁਰ ਬਾਣੀ ਵਿਚ ਇਸ ਪਰਕਾਰ ਉਚਾਰਦੇ ਹਨ। ਗਉੜੀ ਮਃ ੫ । ਗੁਆਰੇਰੀ ॥ ਰੈਣ ਦਿਨਸ ਰਹੈ ਇਕ ਰੰਗਾ । ਪ੍ਰਭ ਕਉ ਜਾਣੈ ਸਦਾ ਹੀ ਸੰਗਾ। ਠਾਕਰ

Sri Satguru Jagjit Singh Ji eLibrary NamdhariElibrary@gmail.com

ਨਾਮ ਕੀਓ ਉਨਵਰਤਨ। ਤ੍ਰਿਪਤ ਅਘਾਵਨ ਹਰਕੈ ਦਰਸ਼ਨ । ੧ । ਹਰ ਸੰਗ ਰਾਤੇ ਮਨ ਤਨ ਹਰੇ । ਗੁਰ ਪੂਰੇ ਕੀ ਸਰਨੀ ਪਰੇ । ੧ । ਰਹਾਉ । ਚਰਨ ਕਮਲ਼ ਆਤਮ ਆਧਾਰ । ਏਕ ਨਿਹਾਰਹਿ ਆਗਿਆਕਾਰ । ਏਕੋ ਬਨਜ ਏਕੋ ਬਿਉਹਾਰੀ। ਅਵਰਨ ਜਾਨਹਿ ਬਿਨ ਨਿਰੰਕਾਰੀ । ੨ ਹਰਖ ਸੋਗ ਦੋਹੂੰਹੁ ਤੇ ਮੁਕਤੇ । ਸਦਾ ਅਲਿਪਤੁ ਜੋਗ ਅਰ ਜੁਗਤੇ । ਦੀਸਹਿ ਸਭ ਮਹਿ ਸਭ ਤੇ ਰਹਿਤੇ ॥ ਪਾਰਬ੍ਰਹਮ ਕਾ ਓਇ ਧਿਆਨਧਰਤੇ ॥ ੩। ਸੰਤਨ ਕੀ ਮਹਿਮਾ ਕਵਨ ਵਖਾਨਉ। ਅਗਾਧ ਬੋਧ ਕਿਛੁ ਮਿਤਿ ਨਹੀਂ ਜਾਨਉ । ਪਾਰ ਬ੍ਰਹਮ ਮੁਹਿ ਕਿਰਪਾ ਕੀਜੈ ॥ ਧੂਰ ਸੰਤਨ ਕੀ ਨਾਨਕ ਦੀਜੈ । ੪ । ਹੋਰ ਦੇਖੋ ਆਸਾ ਮ: ੫ । ਆਠ ਪਹਿਰ ਨਿਕਟਿ ਕਰ ਜਾਨੈ । ਪ੍ਰਭ ਕਾ ਕੀਆ ਮੀਠਾ ਮਾਨੈ। ਏਕ ਨਾਮ ਸੰਤਨੁ ਆਧਾਰ॥ ਹੋਇ ਰਹੇ ਸਭ ਕੀ ਪਗਛਾਰ॥ ੧ ॥ ਸੰਤ ਰਹਤ ਸੁਨਹੁ ਮੇਰੇ ਭਾਈ॥ ਉਆ-ਕੀ ਮਹਿਮਾ ਕਥਨ ਨ ਜਾਈ ॥ ੧ ॥ ਰਹਾਉ ॥ ਵਰਤਣ ਜਾਕੈ ਕੇਵਲ ਨਾਮ ॥ ਅਨਦ ਰੂਪ ਕੀਰਤਨ ਬਿਸ੍ਰਾਮ ॥ ਮਿਤ੍ਰ ਸਤ੍ਰ ਜਾਕੈ ਏਕੁ ਸਮਾਨੈ ॥ ਪ੍ਰਭ ਅਪੁਨੇ ਬਿਨ ਅਵਰੁ ਨ ਜਾਨੈ ॥ ੨ ॥ ਕੋਟਿ ਕੋਟਿ ਅਘ ਕਾਟਨ ਹਾਰਾ ॥ ਦੁਖ ਦੂਰਿ ਕਰਨ ਜੀਅਕੇ ਦਾਤਾਰਾ ॥ ਸੂਰ ਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥ ੩ ॥ ਤਾਕਾ ਸੰਗ ਬਾਛਹਿ ਸੁਰ ਦੇਵ ॥ ਅਮੋਘ ਦਰਸ਼ਨ ਸਫਲ ਜਾਕੀ ਸੇਵ ॥ ਕਰ ਜੋੜਿ ਨਾਨਕੁ ਕਰੇ ਅਰਦਾਸਿ ॥ ਮੋਹਿ ਸੰਤ ਟਹਿਲ ਦੀਜੈ ਗੁਣ ਤਾਸ ॥ ੪ ॥

## ਅਗੇ ਗੁਰੂ ਜੀ ਦਸਦੇ ਹਨ ਸੰਤਾਂ ਦੀ ਕਿਰਪਾ ਤੇ ਕੀ ਕੀ ਪ੍ਰਾਪਤ ਹੁੰਦਾ ਹੈ

ਗਉੜੀ ਗੁਆਰੇਰੀ ਮਹਲ ੫ । ਸੰਤਨ ਕੇ ਬੰਧਨ ਕਾਟੇ ਹਰਿ ਰਾਇ । ਤਾਕਉ ਕਹਾ ਬਿਆਪੈ ਮਾਇ । ਕਹੁ ਨਾਨਕ ਜਿਨ ਧੂਰ ਸੰਤ ਪਾਈ। ਤਾਕੈ ਨਿਕਟ ਨਾ ਆਵੈ ਮਾਈ । ਜਥਾ ਕਬੀਰ ਜੀ ਉਚਰਦੇ ਹਨ । ਕਹੁ ਕਬੀਰ ਜਿਸ ਉਦਰ ਤਿਸ ਮਾਇਆ । ਤਵ ਛੂਟੈ ਜਵ ਸਾਧੂ ਪਾਇਆ । ਗਉੜੀ ਗੁਆਰੇਰੀ ਮਹਲਾ ੫ ॥ ਸੰਤ ਪ੍ਰਸ਼ਾਦਿ ਜਪੈ ਹਰਿ ਨਾਉ । ਸੰਤ ਪ੍ਰਸਾਦਿ ਹਰਿ ਕੀਰਤਨ ਗਾਉ । ਸੰਤ ਪ੍ਰਸਾਦਿ ਸਗਲ ਦੁਖ ਮਿਟੇ । ਸੰਤ ਪ੍ਰਸਾਦਿ ਬੰਧਨ ਤੇ ਛੁਟੇ ॥ ੨ ॥ ਸੰਤ ਕ੍ਰਿਰਪਾ ਤੇ ਮਿਟੇ ਮੋਹ ਭਰਮ। ਸਾਧ ਰੇਣ ਮਜਨ ਸਭ ਧਰਮ । ਸਾਧ ਕ੍ਰਿਪਾਲ ਦਇਆਲ ਗੋਵਿੰਦੁ । ਸਾਧਾ ਮਹਿ ਇਹ ਹਮਰੀ ਜਿੰਦ । ੩ । ਕਿਰਪਾ ਨਿਧ ਕਿਰਪਾਲ ਧਿਅਵਉ । ਸਾਧ ਸੰਗ ਤਾ ਬੈਠਣ ਪਾਵੋ ਮੋਹਿ ਨਿਰਗੁਣ ਕਉ ਪ੍ਰਭ ਕੀਨੀ ਦਇਆ । ਸਾਧ ਸੰਗ ਨਾਨਕ ਨਾਮ ਲਇਆਂ ॥ ੪। ਗੁਰੂ ਪਿਆਰੇ! ਸਾਧ ਸੰਗਤ ਸੰਤਾਂ ਦੀ ਮਹਿਮਾ ਗੁਰ ਬਾਣੀ ਦਾ ਅੱਖਰ ੨ ਕਰਦਾ ਹੈ ਬੜੇ ਭਾਗ ਤਿਨ੍ਹਾਂ ਦੇ ਹਨ ਜੋ ਸੰਤਾਂ ਦੇ ਚਰਨੀ ਲਗਦੇ ਹਨ ਜਥਾ ਗੁਰ ਵਾਕ ਭੀ ਹੈ ਗਉੜੀ ਮਹੱਲਾ ੫ ॥ ਸਫਲ ਓਹ ਮਾਥਾ ਸੰਤ ਨਮਸਕਾਰਸ। ਚਰਣ ਪੁਨੀਤ ਚਲਹਿ ਹਰਿ ਮਾਰਗ । ਕਹੁ ਨਾਨਕ ਭਲਾ ਮੇਰਾ ਕਰਮ। ਜਿਤੁ ਭੇਟੇ ਸਾਧੂ ਕੇ ਚਰਨ ॥ ਵਾ ॥ ਸੰਤ ਧੂਰ ਪਾਈਐ ਵਡ ਭਾਗੀ । ਹੋਰ ਦੇਖੋ ਅਹੰਬੁਧਿ ਮਨ ਪੂਰ ਬਿਧਾਈ । ਸਾਧ ਧੂਰ ਕਰ

ਸੁਧ ਮਜਾਈ।

## ਜਿਸ ਦੇ ਹੀਏ ਵਾਹਿਗੁਰੂ ਪਰਗਟ ਹੋਵੇ ਉਸਦੀ ਏਹ ਨਸ਼ਾਨੀ ਹੈ

-ੴ[ ਅੱਗੇ ਦੇਖੋ ]ੴ-

ਗਉੜੀ ਮਹਲਾ ॥੫॥ ਰਾਮ ਸੰਤ ਮਹਿ ਭੇਦ ਕਿਛੁ ਨਾਹੀ ਏਕੁ ਜਨੁ ਕਈਮਹਿ ਲਾਖ ਕਰੋਰੀ ॥ ਜਾਕੈ ਹੀਐ ਪ੍ਰਗਟ ਪ੍ਰਭੁ ਹੋਆ ਅਨਦਿਨ ਕੀਰਤਨੁ ਰਸਨ ਰਮੋਰੀ ॥ ਤੁਮ ਸਮਰਥ ਅਪਾਰ ਅਤਿ ਊਚੇ ਸੁਖ ਦਾਤੇ ਪ੍ਰਭ ਪ੍ਰਾਨ ਅਧੋਰੀ ॥ ਨਾਨਕ ਕਉ ਪ੍ਰਭ ਕੀਜੈ ਕਿਰਪਾ ਉਨ ਸੰਤਨ ਕੈ ਸੰਗ ਸੰਗੋਰੀ ॥

## ਗੁਰੂ ਜੀ ਸੰਤਾਂ ਅਗੇ ਬੇਨਤੀ ਕਰਨ ਸਖਾਲਦੇ ਹਨ ਦੇਖੋ

ਗਉੜੀ ਮਹਲਾ ॥੫॥ ਤੁਮ ਹਰਿ ਸੇਤੀ ਰਾਤੇ ਸੰਤਹੁ ॥ ਨਿਬਾਹਿ ਲੇਹੁ ਮੋਕਉ ਪੁਰਖ ਬਧਾਤੇ ਓੜ ਪਹੁਚਾਵਹੁ ਦਾਤੇ ॥੧॥ ॥ਰਹਾਉ॥ ਤੁਮਰਾ ਮਰਮ ਤੁਮਾਹੀ ਜਾਨਿਆ ਤੁਮ ਪੂਰਨ ਪੁਰਖ ਬਿਧਾਤੇ ॥ ਰਾਖਉ ਸਰਣ ਅਨਾਥ ਦੀਨ ਕਉ ਕਰਹੁ ਹਮਾਰੀ ਗਾਤੇ ॥੧॥ ਤਰਣ ਸਾਗਰ ਬੋਹਿਥ ਚਰਨ ਤੁਮਾਰੇ ਤੁਮ ਜਾਨਹੁ ਅਪਨੀ ਭਾਤੇ ॥ ਕਰ ਕਿਰਪਾ ਜਿਸੁ ਰਾਖਹੁ ਸੰਗੇ ਤੇਤੇ ਪਾਰ ਪਰਾਤੇ ॥੨॥ ਈਤ ਊਤ ਪ੍ਰਭ ਤੁਮ ਸਮਰਥਾ ਸਭੁ ਕਿਛੁ ਤੁਮਰੈ ਹਾਥੇ ॥ ਐਸਾ ਨਿਧਾਨ ਦੇਹੁ ਮੋਕਉ ਹਰਿ ਜਨ ਚਲੈ ਹਮਾਰੇ ਸਾਥੇ ॥੩॥ ਨਿਰਗੁਨੀਆਰੇ ਕਉ ਗੁਨ ਕੀਜੈ ਹਰਿ ਨਾਮੁ ਮੇਰਾ ਮਨੁ ਜਾਪੇ ॥ਸੰਤ ਪ੍ਰਸਾਦਿ ਨਾਨਕ ਹਰਿ ਭੇਟੇ ਮਨ ਤਨ ਸੀਤਲ ਧ੍ਰਾਪੇ ॥੪॥

## ਤਿੰਨੇ ਭਵਣ ਸੰਤਾਂ ਦੇ ਹੇਤ ਵਾਹਿਗੁਰੂ ਨੇ ਬਣਾਏ ਹਨ ਦੇਖੋ

(ਗੁਰ ਵਾਕ ਜਥਾ ਗਉੜੀ ਮਹਲਾ ॥੧॥)

ਸੰਤ ਹੇਤ ਪ੍ਰਭਿ ਤ੍ਰਿਭਵਣ ਧਾਰੇ ॥ ਆਤਮ ਚੀਨੈ ਸੁ ਤਤ ਬੀਚਾਰੇ ॥ ਸੰਸਾਰ ਸਮੁੰਦਰ ਬਿਨਾ ਸੰਤਾਂ ਤੋਂ ਕੋਈ ਤਰ ਨਹੀਂ ਸਕਦਾ ॥ਦੇਖੋ ਗੁਰ ਵਾਕ ॥ਜਿਸ ਲੜ ਲਗਿਐ ਜੀਵੀਐ ਭਵਜਲ ਪਈਐ ਪਾਰਿ ॥ ਮਿਲ ਸਾਧੂ ਸੰਗ ਉਧਾਰ ਹੋਇ ਮੁਖ ਊਜਲ ਦਰਿਬਾਰ ॥ਵ॥ ਪਾਵਕ ਸਾਗਰ ਗਾਹਰੋ ਚਰਿ ਸੰਤਨ ਨਾਵ ਤਰਾਇਉ ॥ਵ॥ ਸਾਧ ਨਾਵ ਬੈਠਾਵਹੁ ਨਾਨਕ ਭਵ-ਸਾਗਰ ਪਾਰ ਉਤਾਰਾ ॥ ਇਤਿਆਦਕ ਗੁਰਬਾਣੀ ਦੇ ਅਨੇਕ ਪਰਮਾਣ ਹਨ ਕਿਤਨੇ ਕੁ ਲਿਖ ਲਈਏ ਅਖੀਰ ਮੁਕਦੀ ਗਲ ਸੰਤ ਗੋਬਿੰਦ ਕੇ ਏਕੋ ਕਾਮ ॥ ਬਾਰੰਬਾਰ ਸੰਤਾਂ ਦੀ ਸ਼ਰਨ ਬਲ ,ਇਸ਼ਾਰਾ ਗੁਰਬਾਣੀ ਕਰਦੀ ਹੈ ਜਥਾ ਬਾਵਨ ਅਖਰੀ ਧਾਯਾ ਧਾਇ ਪਰੋ ਸੰਤ ਸਰਨਾ ॥ ਜਿਹ ਆਸਰ ਇਆ ਭਵਜਲ ਤਰਨਾ ॥ ॥ਵ॥ ਜੋਕੋ ਜਨਮ ਮਰਨ ਤੇ ਡਰੈ॥ ਸਾਧ ਜਨਾ ਕੀ ਸ਼ਰਨੀ ਪਰੈ ॥ ਸੰਤਾਂ ਦਾ ਨਿੰਦਕ ਗੁਰਬਾਣੀ ਵਿੱਚ ਬਹੁਤ ਜਗਾ ਫਿਟਕਾਰਿਆ ਹੈ ਜਥਾ ਗੁਰ ਵਾਕ ਹੈ ਸੁਖੁ ਨ ਪਾਇਨ ਮੁਗਧ ਨਰ ਸੰਤ ਨਾਲ ਖਹੰਦੇ ॥ ਵਾ ਸੰਤ ਕਾ ਨਿੰਦਕ ਪਰਮੇਸਰ ਮਾਰਾ ॥ ਵਾ ਰਹਦੇ ਖੁਹਦੇ ਨਿੰਦਕ ਮਾਰਿਅਨ ਕਰ ਆਪੇ ਆਹਰ ॥ ਸੰਤ ਸਹਾਈ ਨਾਨਕਾ ਵਰਤੈ ਸਭ ਜਾਹਰ ॥ ਵਾ ਸੰਤਕੀ ਨਿੰਦਾ ਦੋਖ ਮਹਿ ਦੋਖ॥ ਕਬੀਰ

Sri Satguru Jagjit Singh Ji eLibrary NamdhariElibrary@gmail.com

ਜੀ ਦਾ ਭਵਿਖਤ ਵਾਕ ਚਾਰ ਚਰਨ ਕਹਿਹ ਬਹੁ ਆਗਰ ਸਾਧੂ ਸੁਖ ਪਾਵਹਿ ਕਲ ਸਾਰਰ ਵਾ ਗੁਰਸਾਗਰ ਰਤਨੀ ਭਰਪੂਰੇ ॥ ਅੰਮ੍ਰਿਤ ਸੰਤ ਚੁਗਹਿ ਨਹਿ ਦੂਰੇ ॥ ਗੁਰ ਸਾਗਰ ਅੰਮ੍ਰਿਤਸਰ ਜੋ ਇਛੇ ਸੋ ਫਲ ਪਾਏ ਗੁਰਸਾਗਰ ਰਤਨੀ ਨਹੀ ਤੋਟ " ਵਾ ॥ ਗੁਰਸਾਗਰ ਸਤ ਸੇਵੀਐ ਦੋ ਤੋਟ ਨ ਆਵੈ ਇਤਆਦਕ ਗੁਰ ਪਰਮਾਣ ਬਹੁਤ ਮਿਲਦੇ ਹਨ ਆਸਾ ਮਹਲਾ ੩ । ਗੁਰ ਸਾਗਰ ਪੂਰਾ ਭੰਡਾਰ । ਉਤਮ ਰਤਨ ਜਵਾਹਰ ਅਪਾਰ । ਗੁਰ ਪ੍ਰਸਾਦੀ ਦੇਵਣ ਹਾਰ । ਨਾਨਕ ਬਖਸੇ ਬਖਸਣ ਹਾਰ । ਤੁਰੀਆ ਵਸਥਾ ਦੀ ਪਗ ਪਤੀ ਗੁਰੂ ਜੀ ਦਸਦੇ ਹਨ । ਤੁਰੀਆ ਅਵਸਥਾ ਗੁਰ ਮੁਖ ਪਾਈਐ ਸੰਤ ਸਭਾ ਕੀ ਓਟ ਲਹੀ । ਸੰਤ ਹੀ ਸਾਹ ਤੇ ਸੰਤ ਹੀ ਭਗਵੰਤ ਹਨ ਸੰਤਾਂ ਪਾਸੋਂ ਹੀ ਸਚ ਦੀ ਪ੍ਰਾਪਤੀ ਹੁੰਦੀ ਹੈ ਜਥਾ ਗੁਰ ਵਾਕ ਭੀ ਹੈ ॥ ਸਲੋਕ ॥ ਸੇਈ ਸਾਹ ਭਗਵੰਤ ਸੇ ਸਚ ਸੰਪੈ ਹਰਿ ਰਾਸ । ਨਾਨਕ ਸਚੁ ਸੁਚਿ ਪਾਈਐ ਤਿਸੰਤਨ ਕੈ ਪਾਸ ॥

## ਸਤਿਗੁਰ ਭੀ ਸਾਧੂ ਭੀ ਸੰਤ ਭੀ ਇਕੇ ਦੇ ਨਾਮ ਹਨ

-:[ ਦੇਖੋ ਗੁਰਵਾਕ । ਗਉੜੀ ਵਾਰ ਮਹਲਾ ੧ । ]:-

ਮਨ ਅੰਦਰ ਹਉ ਮੈ ਰੋਗ ਹੈ ਭਰਮਿ ਭੂਲੇ ਮਨ ਮੁਖ ਦੁਰਜਨਾ । ਨਾਨਕ ਰੋਗੁ ਗਵਾਇ ਮਿਲ ਸਤਿਗੁਰ ਸਾਧੂ ਸਜਨਾ । ਵਾ । ਸੋ ਸਤਿਗੁਰ ਜਿਸ ਰਿਦੈ ਹਰਿ ਨਾਉ ॥ ਵਾ ॥ ਸਤਿ ਪੁਰਖ ਜਿਨ ਜਾਨਿਆ ਸਤਿਗੁਰ ਤਿਸ ਕਾ ਨਾਉ ॥ ਵ ॥ ਜਿਸ ਮਿਲਿਐ ਮਨ ਹੋਇ ਅਨੰਦ । ਸੋ ਸਤਿਗੁਰ ਕਹੀਐ ॥ ਜੇ ਕੋਈ ਇਸ ਗੁਰ ਵਾਕ ਤੇ ਉਲਟ ਚਲੇ ਤਿਸਦੇ ਪਰਥਾਇ ਗੁਰੂ ਜੀ ਇਓਂ ਉਚਾਰਦੇ ਹਨ ਦੇਖੋ ਗੁਰਵਾਕ ਗਉੜੀ ਵਾਰ ਸਲੋਕ ਮ: ੪ ॥ ਜਿਨ ਗੁਰਮੁਖਿ ਹਰਿ ਅਰਾਧਿਆ ਤਿਨ ਸੰਤਜਨਾ ਜੈਕਾਰ । ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸਨੋ ਫਿਟੁ ਫਿਟੁ ਕਹੈ ਸਭ ਸੰਸਾਰ ॥ ਜੋ ਕੋਈ ਸੰਤਾਂ ਨੂੰ ਤੇ ਵਾਹਿਗੁਰੂ ਨੂੰ ਇਕੋ ਸਰੂਪ ਸਮਝਦਾ ਹੈ ਤੇ ਦਰਸ਼ਣ ਕਰਦਾ ਹੈ ਓਸ ਨੂੰ ਨਿਹਚਲ ਅਸਥਾਨ ਤੇ ਮਹਾ ਅਨੰਦ ਪ੍ਰਾਪਤ ਹੁੰਦਾ ਹੈ ਦੇਖੋ ਗੁਰ ਵਾਕ ॥ ਧਾਵਤ ਰਹੇ ਏਕੁ ਇਕੁ ਬੂਝਿਆ ਆਇ ਵਸੇ ਅਬ ਨਿਹਚਲੁ ਥਾਇ । ਜਗਤੁ ਉਧਾਰਨ ਸੰਤ ਤੁਮਾਰੇ ਦਰਸ਼ਨ ਪੇਖਤ ਰਹੇ ਅਘਾਇ ॥

## ਹਰਿ ਰਸ ਅਮੋਲਾ ਕਿਸ ਹਟੀ ਵਿਚ ਹੈ ਦੇਖੋ ਗੁਰਵਾਕ ਆਸਾ ਮ: ੫

ਹਰਿ ਰਸਕੀ ਕੀਮਤਿ ਕਹੀ ਨ ਜਾਇ ' ਹਰਿ ਰਸੁ ਸਾਧੂ ਹਾਟ ਸਮਾਇ ।

ਨਿੰਦਕ ਨੂੰ ਉਪਦੇਸ਼ ॥ ਆਸਾ ਮਹਲਾ ੫ ॥ ਨਿੰਦਕ ਕੀ ਗਤਿ ਕਤ ਹੂੰ ਨਾਹੀ ਖਸਮੈ ਏਵੈ ਭਾਣਾ । ਜੋ ਜੋ ਨਿੰਦ ਕਰੈ ਸੰਤਨ ਕੀ ਤਿਉ ਸੰਤ ਨ ਸੁਖ ਮਾਨਾ ॥ ੩ ॥ ਸੰਤਾਂ ਟੇਕ ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ । ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ । ੪ ॥ ਸੰਤਾਂ ਤੋਂ ਬਲਿਹਾਰ ਜਾਈਏ ਹਿਰਦੇ ਵਿਚ ਵਾਹਿਗੁਰੂ ਨੂੰ ਬਸਾ ਦਿੰਦੇ ਹਨ ਦੇਖੋ ਗੁਰਵਾਕ ਆਸਾ ਮ: ੫ ॥ ਸਦ ਅਨੰਦ ਅਨੰਦੀ ਸਾਹਿਬ ਗੁਨ ਨਿਧਾਨ ਨਿਤ ਨਿਤ ਜਾਪੀਐ । ਬਲਿਹਾਰੀ ਤਿਸ ਸੰਤ ਪਿਆਰੇ ਜਿਸ ਪ੍ਰਸਾਦਿ ਪ੍ਰਭੁ ਮਨਿ ਵਾਸੀਐ । ਪਰਮੇਸਰ

Sri Satguru Jagjit Singh Ji eLibrary NamdhariElibrary@gmail.com

ਤੇ ਸਦਾ ਏਹੋ ਮੰਗੀਏ ਜਥਾ ਗੁਰਵਾਕ ਹੈ। ਆਸਾ ਮਹਲਾ ੫ ॥ ਜਨ ਨਾਨਕ ਕਉ ਇਹੁ ਦਾਨ ਦੇਹੁ ਪ੍ਰਭ ਪਾਵਹੁ ਸੰਤ ਰੇਨ ਉਰਧਾਰੀ। ਸ੍ਰਵਨੀ ਕਥਾ ਨੈਨ ਦਰਸੁ ਪੇਖੇ ਮਸਤਕ ਗੁਰ ਚਰਨਾਰੀ ॥ ਵਾ ॥ ਕਿਰਪਾ ਨਿਧਾਨ ਦਇਆਲ ਮੁਹਿ ਦੀਜੈ ਕਰ ਸੰਤਨ ਕਾ ਚੇਰਾ। ਵਾ ॥ ਸਾਸ ਸਾਸ ਸਿਮਰੋ ਪ੍ਰਭ ਅਪੁਨਾ ਸੰਤ ਸੰਗ ਨਿਤ ਰਹੀਐ ॥ ਵਾ ॥ ਜਿਨ ਹਰਿ ਧਿਆਇਆ ਤਿਸਨੋ ਸਰਬ ਕਲਿਆਣ ਹੋਏ ਨਿਤ ਸੰਤ ਜਨਾ ਕੀ ਸੰਗਤਿ ਜਾਇ। ਬਹੀਐ ਮੁਹੁ ਜੋੜੀਐ। ਭਵਿਖਤ ਵਾਕ ਸੋ ਸਮਝੇ ਜਿਸ ਨੂੰ ਭਗਵਾਨ ਦਿਆਲ ਹੋਵੇ। ਸੋਰਠ ਮਹਲਾ ੫। ਸੰਤ ਸਰੋਵਰ ਨਾਵੈ। ਸੋ ਜਨੁ ਪਰਮਗਤ ਪਾਵੈ। ਮਰੈ ਨ ਆਵੈ ਜਾਈ। ਹਰਿ ਹਰਿ ਨਾਮ ਧਿਆਈ ॥ ੩ ॥ ਇਹੁ ਬ੍ਰਹਮ ਵਿਚਾਰ ਸੁਜਾਨੈ। ਜਿਸ ਦਇ-ਆਲ ਹੋਏ ਭਗਵਾਨੈ ॥ ੪ ॥

## ( ਜਨਮ ਮਰਣ ਤੋਂ ਛੁਟਨ ਤੇ ਪਾਰਗਰਾਮੀ ਹੋਣ ਦੀ ਜੁਗਤਿ )

ਗਉੜੀ ਮਹਲਾ ੫ ॥ ਨੇਤ੍ਰ ਸੰਤਨ ਕਾ ਦਰਸਨ ਪੇਖਾ। ਪ੍ਰਭ ਅਵਿਨਾਸੀ ਮਨ ਮਹਿ ਲੇਖ ॥ ੨ ॥ ਸੁਨਿ ਕੀਰਤਨੁ ਸਾਧ ਪਹਿ ਜਾਇ ॥ ਜਨਮ ਮਰਣ ਕੀ ਤ੍ਰਾਸ ਮਿਟਾਇ ॥ ੩। ਹੋਰ ਦੇਖੋ ਸੋਰਠ ਮਹਲਾ ੫। ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ। ਸੰਤ ਪ੍ਰਸਾਦਿ ਹਰਿ ਨਾਮ ਧਿਆਇਆ ਸਰਬ ਕੁਸਲ ਤਬ ਥੀਆ ॥ ੧ ॥ ਸੰਤਨ ਬਿਨੁ ਅਵਰੁਨ ਦਾਤਾ ਬੀਆ। ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥ ਰਹਾਉ ॥ ਕੋਟਿ ਪਰਾਧ ਮਿਟਹਿ ਜਨ ਸੇਵਾ ਹਰਿ ਕੀਰਤਨ ਰਸ ਗਾਈਐ। ਈਹਾ ਸੁਖ ਆਗੇ ਮੁਖ ਊਜਲ ਜਨਕਾ ਸੰਗ ਵਡ ਭਾਗੀ ਪਾਈਐ ॥ ੨ ॥ ਰਸਨਾ ਏਕ ਅਨੇਕ ਗੁਣ ਪੂਰਨ ਜਨ ਕੀ ਕੇਤਿਕ ਉਪਮਾ ਕਹੀਐ। ਅਗਮ ਅਗੋਚਰ ਸਦ ਅਬਿਨਾਸੀ ਸਰਣਿ ਸੰਤਨ ਕੀ ਲਹੀਐ ॥ ੩ ॥ ਨਿਰਗੁਨ ਨੀਚ ਅਨਾਥ ਅਪਰਾਧੀ ਓਟ ਸੰਤਨ ਕੀ ਆਹੀ। ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ ਨਾਨਕ ਲੇਹੁ ਨਿਬਾਹੀ ॥ ੪ ॥

## ਬਡਿਆਂ ਭਾਗਾਂ ਵਾਲੇ ਸੰਤਾਂ ਦੇ ਮਾਰਗ ਚਲਕੇ ਬਿਖ ਸੰਸਾਰ ਤਰਦੇ ਹਨ

ਦੇਖੋ ਗੁਰਵਾਕ ਸੋਰਠ ਮਹਲਾ ੫ ॥ ਹਰਿ ਕੇ ਚਰਨ ਕਮਲਿ ਆਧਾਰ ॥ ਸੰਤ ਪ੍ਰਸਾਦਿ ਪਾਇਓ ਸਚਿ ਬੋਹਿਥ ਚੜਿ ਲੰਘੇ ਬਿਖ ਸੰਨਸਾਰ ॥ ਵਾ ॥ ਸੰਤ ਕਾ ਮਾਰਗੁ ਧਰਮੁ ਕੀ ਪਉੜੀ ਕੋ ਵਡਭਾਗੀ ਪਾਏ। ਕੋਟ ਜਨਮ ਕੇ ਕਿਲ ਬਿਖ ਨਾਸੇ ਹਰਿ ਚਰਨੀ ਚਿਤ ਲਾਏ ਵਾ ॥ ਧਨਾਸਰੀ ਮਹਲਾ ੫। ਸੰਤ ਪ੍ਰਸਾਦਿ ਮਹਾ ਸੁਖ ਪਾਇਆ ਸਗਲੇ ਬੰਧਨ ਕਾਟੇ। ਹਰਿ ਹਰਿ ਨਾਮੁ ਨਾਨਕ ਧਨੁ ਪਾਇਆ ਅਪਨੇ ਘਰ ਲੈਆਇਆ ਖਾਟੇ ॥ ਵਾ ॥ ਜ ਕੋ ਰੇ ਕਰਮ ਭਲਾ ਤਿਨ ਓਟ ਗਹੀ ਸੰਤ ਪਲਾ ਤਿਨ ਨਾਹੀ ਰੇ ਜਮ ਸੰਤਾਵੈ ਸਾਧੂ ਕੀ ਸੰਗਨਾ

## ਮੱਥੇ ਦਾ ਲੇਖ ਬਲੀ ਹੈ ਜਥਾ ॥ ਟੋਡੀ ਮਹਲਾ ੫ ॥

ਸੰਤ ਟਹਲ ਸੋਈ ਹੈ ਲਾਗਾ ਜਿਸ ਮਸਤਕਿ ਲਿਖਿਆ ਲਿਖੋਗ। ਕਹ ਨਾਨਕ ਏਕ ਬਿਨ ਦੂਜਾ ਅਵਰਣ ਕਰਣੈ ਜੋਗ ॥ ਵਾ ॥ ਬਿਨ ਹਰ ਭਜਨ ਰੰਗ ਰਸ ਜੇਤੇ ਸੰਤ

Sri Satguru Jagjit Singh Ji eLibrary NamdhariElibrary@gmail.com

ਦਇਆਲ ਜਾਨੇ ਸਭ ਝੂਠੇ ॥ ਨਾਮ ਰਤਨੁ ਪਾਇਓ ਜਨ ਨਾਨਕ ਨਾਮ ਬਿਹੂਣ ਚਲੇ ਸਭਿ ਮੂਠੇ ॥ ਗੁਰੂ ਪਿਆਰੀ ਸਾਧ ਸੰਗਤ ਜੀ ਗੁਰ ਬਾਣੀ ਅੰਦਰ ਸੰਤਾਂ ਦੇ ਗੁਣ ਤੇ ਸੰਤਾਂ ਦੇ ਲਛਣ ਬਹੁਤ ਬਿਸਤਾਰ ਪੂਰਬ ਲਿਖੇ ਹਨ ਜਿਸਦੇ ਹਿਰਦੇ ਵਿੱਚ ਪੂਰਨ ਜੋਤ ਜਾਗ ਪਈ ਓਹੀ ਸੰਤ ਓਹੀ ਸਤਿਗੁਰ ਓਹੀਖਾਲਸਾ ਓਹੀ ਬ੍ਰਹਮ ਗਿਆਨੀ ਓਹੀਪਰਮੇਸ਼ਰ ਓਹੀਪਾਰਬ੍ਰਹਮ ਜਥਾ ਦਸਮ ਗੁਰੂ ਜੀਦਾ ਵਾਕ ਹੈ ॥ ਪੂਰਨ ਜੋਤ ਜਗੈ ਘਟਮੈ ਤਵ ਖਾਲਸਾ ਤਾਹਿ ਨ ਖਾਲਸ ਜਾਨੈ ॥

## ਸਤਿਗੁਰ ਜੁਗੋ ਜੁਗ ਸਰੂਪ ਧਾਰਦਾ ਤੇ ਭਗਤਾਂ ਦੀ ਰਛਿਆ ਕਰਦਾ ਹੈ ਜਥਾ ਗੁਰ ਵਾਕ ਹੈ ॥

ਗੁਰ ਪੀੜੀ ਜੁਗੋ ਜੁਗ **ਚਲੰਦੀ**। ਵਾ। ਜੁਗ,ਜਗਿ **ਸਤਿਗੁਰ ਧਰੇ ਅਵਤਾਰੀ** ॥ ਵਾਰ ਭਾਈ ਗੁਰਦਾਸ ਜੀ ਬਿਚੋਂ ॥ ਰਹੋ ਬਿਚਾਰ ॥ ਮਹਾਪੁਰਸਾਂ ਦਾ ਜੀਵਨ ਦੁਨੀਆਂ ਦੇ ਉਧਾਰ ਵਾਸਤੇ ਬਣਾਈ ਦਾਹੈ ਬਾਬੇ ਜੀ ਦੀਆਂ ਕਹਾਣੀਆਂ ਸਪੁਤਰ ਸਦਾ ਕਰਦੇਈ ਰਹਿਣਗੇ। ਜਥਾ ਗੁਰ ਵਾਕ ਹੈ॥ ਬਾ ਬਾਣਆ ਕਹਾਣੀਆਂ ਪੁਤ ਸਪੁਤ ਕਰੇਣ ॥ ਗੁਰ ਵਾਕ ਸਤਿਗੁਰ ਸੰਤ ਮਲਾਇਆ ਮਸਤਕ ਧਰਕੇ ਹਥ ॥ ਬਡਾ ਸਾਹਿਬ ਗੁਰੂ ਮਲਾਇਆ ਜਿਨ ਤਾਰਿਆ ਸਗਲ ਜਗਤ ॥ ਰਾਮਕਲੀ ਵਾਰ ਦੂਜੀ ਵਿਚੋਂ ਮੁਕਦੀ ਗਲ ਸਾਧ ਸੰਗਤ ਜੀ ਸੰਸ 'ਅਤਰ ਸਿੰਘ ਮਹਾਰਾਜ' ਜੀ ਕੀ ਅੰਮ੍ਰਿਤ ਭਰੀ ਜੀਵਨ ਕਥਾ ਪੂਰੀ ਮੁਕੱਮਲ ਤਿਆਰ ਹੋਗਈ ਹੈ ਏਸਦੇ ਤਿਆਰ ਹੋਣ ਵਿੱਚ ਡੇਰ ਲਗਾਣ ਕਰਕੇ ਕਈ ਸਜਣਾਂ ਨੇ ਕੁਝ ਗਲਤ ਜੀਵਨ ਬਣਾਕੇ ਛਪਵਾ ਦਿੱਤੇ ਦਾਸਨੇ ਬਹੁਤ ਫਿਰ ਫਿਰਕੇ ਦਰਿਆਫਤ ਕਰਕੇ ਅਸਲੀ ਜੀਵਨ ਤਿਆਰ ਕੀਤਾ ਹੈ ॥ ਪਹਿਲੇ ਦਾਸਦੇ ਪਿਤਾਜੀ ਬਹੁਤ ਚਿਰ ਸੰਤਾਂ ਦੇ ਨਾਲ ਰਹੇ ਸਨ ਬਹੁਤ ਬਚਨ ਤੇ ਸਾਖੀਆਂ ਓਹਨਾਂ ਪਾਸੋਂ ਸਰਵਣ ਕੀਤੀਆਂ ਸਨ ਫੇਰ ਦਾਸ ਭੀ (੨੫) ਸਾਲ ਸੰਤਾਂ ਦੇ ਨਾਲ ਰਹਿਕੇ ਸੰਗਤ ਕਰਦਾ ਰਿਹਾ ਬਹੁਤ ਪ੍ਰਸੰਗ ਅੱਖੀਂ ਦੇਖਿਆ ਸਹੀ ਲਿਖਿਆ ਹੈ ਜੀ ॥ ਸੰਤਾਂ ਨੇ ਦੁਨੀਆਂ ਦੇ ਕੋਣੇ ਕੋਣੇ ਹਰਿ ਜਗਾ ਫਿਰਕੇ ਸਤਿਨਾਮ ਦਾ ਜਾਪ ਜੁਪਾਇਆ ਰਾਜੇ ਮਹਾਰਾਜੇ ਸਰਦਾਰ ਅਮੀਰ ਤੇ ਗ਼ਰੀਬ ਗੁਰੂ ਘਰਦੇ **ਸ੍ਰਧਾਲੂ** ਬਣਾਏ ਅਨੇਕਾਂ ਨੇ ਸੰਤਾਂ ਪਾਸੋਂ ਗੁਰ ਸਿਖਿਆ ਗੁਰ ਸ਼ਬਦ ਮੰਤਰ ਲੈਕੇ ਜੀਵਨ ਪਦ ਮਹਾ ਅਨੰਦ ਪ੍ਰਾਪਤ ਕੀਤਾ ਜਥਾ ਗੁਰ ਵਾਕ ਹੈ ॥ ਮਹਾਂ ਅਨੰਦ ਭਏ ਸੁਖੁ ਪਾਇਆ ਸੰਤਨ ਕੇ ਪਰਸਾਦੇ ॥ ਸਲੋਕ ਮਃ ੫ ਜਿਨਾ ਸਾਸਿ ਗਿਰਾਸਿ ਨ ਬਿਸਰੈ ਹਰਿ ਨਾਮਾ ਮਨ ਮੰਤ ॥ ਧੰਨ ਸਸੇਈ ਨਾਨਕਾ ਪੂਰਨ ਸੋਈ ਸੰਤ ॥ ਵਾ ਇਹੁ ਨੀਸਾਣੀ ਸਾਧਕੀ ਜਿਸੁ ਭੇਤ ਤਰੀਐ ॥ ਜਮ ਕੰਕਰੁ ਨੇੜ ਨ ਆਵਈ ਫਿਹਿ ਬਹੁੜਿ ਨ ਮਰੀਐ ॥ ਗੁਰੂ ਪਿਆਰੀ ਸਾਧ ਸੰਗਤਿ, ਸੰਤ ਅਤਰ ਸਿੰਘ ਮਹਾਰਾਜ ਜੀ ਕੇ ਗੁਣ ਪੰਛੀ ਭੀ ਗੌਉਂਦੇ ਹਨ ਸਭ ਦੁਨੀਆਂ ਦੇ ਕੋਣੇਕੋਣੇ ਵਿੱਚ ਬਿਰਧ ਜੁਆਨ ਬੱਢਾ ਬੱਚਾਤਿਨ੍ਹਾ ਦੀ ਸਿਫਤ ਕਰਦਾ ਹੈ ॥ ਜਿਨਾ ਨੇ ਗੁਰਬਾਣੀ ਦਾ ਰਾਉ ਬਗਾਕੇ

Sri Satguru Jagjit Singh Ji eLibrary NamdhariElibrary@gmail.com

ਸੁੱਕੇ ਹਿਰਦੇਪ੍ਰਫੁੱਲਤ ਕੀਤੇ । ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਛ ਨਾਹਿ॥ ਜਲਤੇ ਉਪਜ ਤਰੰਗ ਜਿਉ ਜਲਹੀ ਬਿਖੈ ਸਮਾਹਿ ॥ ਦੇਖੋ ਸਾਧ ਸੰਗਤ ਆਪਣੇ ਗੁਰੂ ਉਤੇ ਭਰੋਸਾ ਐਸਾ ਚਾਹੀਏ ਜੈਸਾ ਗੁਰ ਸਿਖ ਆਦੋਂ ਰਖਦੇ ਆਏ ਹਨ। ਬਾਈ ਸਉ ਕੋਸ ਵਿਚ ਤੁਰਕਾਂ ਦਾ ਰਾਜ ਸੀ ਜਿਨਾਂ ਵਿਚੋਂ ਬੁੱਧੂ ਸ਼ਾਹ ਯਾ ਭੀਖਨ ਸ਼ਾਹ ਆਦਿਕ ਗੁਰੂ ਤੇ ਭਰੋਸੇ ਵਾਲੇ ਹੋਏ ਬਾਕੀ ਤੁਰਕ ਬੇਅੰਤ ਬਰ ਖਲਾਫ ਸਨ ਜੋ ਮਸੰਦ ਗੁਰੂ ਨੇ ਫੂਕੇ ਓਨ੍ਹਾ ਦਾ ਬੱਚਾ ੨ ਗੁਰੂ ਤੇ ਬਰਖਲਾਫ ਸੀ ਕਈ ਸਿਖ ਬਿਦਾਵੇ ਲਿਖ ਨਸਰਧਕ ਹੋ ਚੁਕੇ ਸਨ ਫਿਰ ਭੀ ਸਰਧਾ ਦੇ ਪੁੰਜ ਗੁਰੂ ਦਸਮੇਸ਼ ਜੀ ਦੇ ਚਰਨਾਂ ਵਿਚ ਪੱਕਾ ਨਿਸਚਾ ਰਖਦੇ ਰਹੇ ਸਿਰ ਮੰਗੇ ਤਾਂ ਸਿਰ ਭੀ ਦਿਤੇ ਨੰਦਲਾਲ ਆਦਕ ਸਰਧਾਲੂ ਬਹੁਤ ਹੋਏ। ਦੇਖੋ ਨਾਮਦੇਵ। ਧਨ ਧਨ ਬਨ ਖੰਡ ਬਿੰਦਰਾਬਨਾ। ਜਹਿ ਖੇਲੇ ਸਿਰੀ ਨਾਰੈਣਾ। ਸੰਤਾਂ ਦੇ ਸ਼ਰਧਾਲੂ ਭੀ ਇਓਂ ਪੜ੍ਹਦੇ ਹਨ ਜਥਾ ਗੁਰਵਾਕ ਹੈ ਹਉ ਕਾਟੇ ਕਾਟਿ ਬਾਢ ਸਿਰ ਰਾਖੋਂ ਜਹਿ ਨਾਨਕ ਸੰਤ ਚੜ੍ਹਿ ਆਵੈ ॥ ਇਤ

## —ঃ ਬੇਨਤੀ ঃ—

ਦੋਹਿਰਾ
ਸੰਤ ਜਨਾਂ ਦੀ ਬਾਰਤਾ ਮੈਂਰੀ ਕਹੂੰ ਉਚਾਰ।
ਮੱਦਤ ਕਰੋ ਅਕਾਲ ਜੀ ਬੰਦੇ ਬਾਰੰ ਬਾਰ ॥ ੧ ॥

## ਗੁਰਵਾਕ ਸ਼ਾਨਤੀ ਭਰਿਆ ਸੱਚਾ ਸੂਰਜ।

ਨਾਮ ਜਪਤ ਕੋਟ ਸੂਰ ਉਜੀਆਰਾ ਬਿਨਿਸੈ ਭਰਮ ਅੰਧੇਰਾ ॥

## ਬੈਂਤ

ਸਚੇ ਸਾਹਿਬ ਅਕਾਲ ਜੀ ਜੋਤ ਵਿਚੋਂ ਪ੍ਰਗਟ ਕਿਰਨ ਜੋ ਭਰੀ ਸਰੂਰ ਕੀਤੀ।
ਆਦੋਂ ਲਿਸਕਦੀ ਰਹੀ ਜਹਾਨ ਅੰਦਰ ਜਿਧਰ ਗਈ ਧਰਤੀ ਨੂਰੋਨੂਰ ਕੀਤੀ।
ਸੂਰਜ ਕੋਟ ਭੀ ਪੈਗਏ ਮਾਤ ਸਾਰੇ ਧੁੰਦ ਭਰਮਦੀ ਜੱਗ ਤੋਂ ਦੂਰ ਕੀਤੀ।
ਮਾਯਾ ਜੱਗਤ ਨੂੰ ਭਰਮ ਭੁਲੋਣ ਵਾਲੀ ਹਰਿਜਨ ਹੇਠ ਚਰਨਾਂ ਚਕਨਾ ਚੂਰ ਕੀਤੀ।
ਕਿਰਨ ਜਿਨ੍ਹਾਂ ਦੇ ਲੱਗ ਗਈ ਵਿਚ ਸੀਨੇ ਦੂਈ ਦਿਲਾਂ ਦੀ ਕੱਢਕੇ ਦੂਰ ਕੀਤੀ।
ਜੁਗੋ ਜੁਗ ਹੀ ਸੰਤ ਸਰੂਪ ਧਰਕੇ ਹਰੀ ਬੰਦਗੀ ਜੱਗ ਭਰਪੂਰ ਕੀਤੀ।
ਕਦੇ ਜਮਾ ਦੀ ਪੈਣ ਨਾ ਵਿਚ ਫਾਹੀ ਸੇਵਾ ਸੰਤ ਕੀ ਜਿਨ੍ਹਾਂ ਮਨਜੂਰ ਕੀਤੀ।
ਸਾਖੀ ਓੜ ਪਹੁਚਾਦਿਓ ਗੁਰੂ ਮੇਰੇ ਅੱਜ ਦਾਸ ਨੇ ਸ਼ੁਰੂ ਜਰੂਰ ਕੀਤੀ।
ਚਰਨੀ ਰੱਖਦੇ ਸੀਸ ਨਰੈਣ ਸਿੰਘਾ ਗੁਰੂ ਬਖਸ਼ਦੇ ਕੁਲ ਕਸੂਰ ਕੀਤੀ ॥ ੨ ॥

## ਮੰਗਲਾਚਰਨ ਬਿਨਤੀ

## -:॥ ਕਬਿੱਤ ॥:-

ਸੰਤ ਕੋ ਸਹਾਈ ਤੈਨੂੰ ਆਖਦੀ ਲੁਕਾਈ ਸਾਰੀ ਭਗਤਾਂ ਦੇ ਕੰਮ ਜੁਗੋ ਜੁਗ ਰੇਹਾ

Sri Satguru Jagjit Singh Ji eLibrary NamdhariElibrary@gmail.com

ਸਾਰਦਾ ॥ ਸਤਿਜੁਗ ਵਿਚ ਪ੍ਰਹਲਾਦ ਦੇ ਬਚਾਵਣੇ ਨੂੰ ਨਰਸਿੰਘ ਰੂਪ ਹਰੀ ਥੰਮ ਵਿਚੋਂ ਧਾਰਦਾ ॥ ਜੁਗ ਜੋ ਤਰੇਤੇ ਆਣ ਅਹੱਲਿਆ ਉਧਾਰੀ ਨਾਥ ਫੇਰ ਤੂੰ ਦੁਆਪਰ ਦਰੋਪਤੀ ਨੂੰ ਤਾਰਦਾ ॥ ਕਲੂਕਾਲ ਵਿਚ ਤੇਰੀ ਓਟਲੈ ਨਰੈਣ ਸਿੰਘਾ ਕਰਕੇ ਨਮਸ਼ਕਾਰ ਸਾਹਿਰੀ ਨੂੰ ਉਚਾਰਦਾ ॥ ੩ ॥

## ਕਰਤਾਰਤੇ ਮੰਗ ਕਰਨੀ

### ਬੈਂਤ

ਸੰਤ ਸਿਫਤ ਉਚਾਰਕੇ ਲਿਖੀ ਜਾਵਾਂ ਦਿਲੋਂ ਦਾਸ ਨੂੰ ਭਈ ਉਮੰਗ ਸਾਈਆਂ ।
ਖੜਾ ਹੋਇ ਦੁਆਰੇ ਗਲ ਡਾਲ ਪੱਲਾ ਹੱਥ ਜੋੜਕੇ ਮੰਗਦਾ ਮੰਗ ਸਾਈਆਂ ।
ਮੇਰੇ ਹਿਰਦੇ ਸਦਾ ਨਿਵਾਸ ਰੱਖੀਂ ਮੈਨੂੰ ਚਾਹੜਦੇ ਸਚਦਾ ਰੰਗ ਸਾਈਆਂ ।
ਤੇਰੀ ਚਰਨ ਹਜ਼ੂਰ ਦੇ ਰਹੇ ਲੱਗੀ ਮੇਰਾ ਨਿਹਚਾ ਰਹੇ ਅਭੰਗ ਸਾਈਆਂ ।
ਤਤ ਬੇਤਿਆਂ ਬ੍ਰਹਮ ਗਿਆਨੀਆ ਦਾ ਸਦਾ ਬਖਸ਼ਨਾ ਦਾਸ ਨੂੰ ਸੰਗ ਸਾਈਆਂ ।
ਉਚਰ ਸੰਤ ਅਵਤਾਰ ਦੇ ਛੰਦ ਆਖਾਂ ਦੇਈਂ ਸਾਹਿਰੀ ਰਚਨਾ ਦਾ ਢੰਗ ਸਾਈਆਂ ।
ਰਹੀ ਲੋੜ ਨ ਤੀਰਥੀਂ ਜਾਵਣੇ ਦੀ ਚੰਗੀ ਚਰਨ ਹਜ਼ੂਰ ਦੀ ਗੰਗ ਸਾਈਆਂ ।
ਜੋੜੇ ਝਾੜਾਏ ਤੇਰੀਆਂ ਸੰਗਤਾਂ ਦੇ ਦਿਲੋਂ ਛੋੜਕੇ ਮਾਣ ਅਰ ਹੰਗ ਸਾਈਆਂ ।
ਸੋਹਣੇ ਛੰਦ ਉਚਾਰਨੇ ਬਖਸ਼ ਮੈਨੂੰ ਸੁਚੇ ਕੰਚ ਦੀ ਜਿਸ ਤਰਾਂ ਵੰਗ ਸਾਈਆਂ ।
ਹੋਵੇ ਕਾਜ ਫਤੇ ਮਹਾਰਾਜ ਮੇਰਾ ਕਰੋ ਦਾਸ ਗਰੀਬ ਦਾ ਅੰਗ ਸਾਈਆਂ ।
ਸਦਾ ਫਤੇ ਹੋਵੇ ਮਹਾਰਾਜ ਮੇਰੀ ਮੇਰਾ ਚਿੱਤ ਦੇ ਨਾਲ ਹੀ ਜੰਗ ਸਾਈਆਂ ।
• ਜਿਨ੍ਹਾਂ ਲਈਐ ਗੁਰੂ ਜੀ ਓਟ ਤੇਰੀ ਨਹੀਂ ਲੋੜਿਆ ਕਿਸੇ ਨੂੰ ਪੰਗ ਸਾਈਆਂ ।
ਦਰਸ਼ਨ ਇਕਬਾਰੀ ਦਿਤੇ ਆਣ ਜਿਸਨੂੰ ਸੋਈ ਭਵਜਲੋਂ ਗਏਨੇ ਲੰਘ ਸਾਈਆਂ ।
ਬੇੜਾ ਤਾਰਦੇ ਆਖ ਨਰੈਣ ਸਿੰਘਾ ਪੁਰਸੂਲਾਤ ਰਸਤਾ ਬੜਾ ਤੰਗ ਸਾਈਆਂ ।

### -ঃ ਦੋਹਰਾ ঃ-

ਸਰਬ ਘਟਾਂ ਵਿੱਚ ਰਵਿ ਰਿਹਾ ਸਭਦੀ ਕਰਦਾ ਸਾਰ
ਸਭਹੀ ਜਾਚਕ ਮੰਗਤੇ ਇੱਕੋ ਆਪ ਦਾਤਾਰ ॥ ੫ ॥

ਸਰਵ ਘਟਾਂਦੇ ਬਿਚ ਨਿਵਾਸ ਤੇਰਾ ਸਰਵ ਜੀਆਂਦੇ ਆਪਹੀ ਕੰਤ ਹੋ ਜੀ ॥
ਨੇਤ ਨੇਤ ਸਭ ਬੇਦ ਪੁਰਾਨ ਆਖਣ ਅੰਤੁ ਲਏਨਾ ਸਦਾ ਬੇਅੰਤ ਹੋ ਜੀ ॥
ਆਪੇ ਏਕ ਨਿਰਲੇਪ ਨਾਲੇਪ ਕੋਈ ਆਪੇ ਫੈਲਦੇ ਹੋਇ ਅਨੰਤ ਹੋ ਜੀ ॥
ਭਗਤ ਕਰਨ ਜੋ ਭਾਵਨੀ ਲਾਇ ਤੇਰੀ ਗਿਆਨ ਬਖਸ ਅਗਿਆਨਕੇ ਹੰਤਹੋ ਜੀ ॥
ਨਹੀ ਰੰਗ ਨ ਰੂਪ ਨ ਰੇਖ ਕੋਈ ਸਰਵ ਠੌਰਦੇ ਵਿਚ ਰਵੰਤ ਹੋਂਜੀ ॥
ਭਾਰ ਪਿਰਥਮੀ ਪਾਪਦੇ ਟਾਰਨੇ ਨੂੰ ਰੂਪ ਧਾਰ ਲੈਂ ਸਦਾ ਸੰਤ ਹੋ ਜੀ ॥
ਤੇਰੀ ਉਮਾਂ ਗਹਿਰ ਗਭੀਰ ਸਾਗਰ ਤੁਲਹਾ ਬਾਂਧ ਮੈ ਰਿਹਾ ਤਰੰਤ ਹੋਜੀ ॥

Sri Satguru Jagjit Singh Ji eLibrary NamdhariElibrary@gmail.com

ਕਰੋ ਪਾਰ ਤੂੰ ਆਖ ਨਰੈਣ ਸਿੰਘਾ ਰਿਹਾ ਸਿਮਰ ਮੈਂ ਵਾਹਿਗੁਰੂ ਮੰਤ ਹੋ ਜੀ ॥

## () ਅਕਾਲ ਮਹਿਮਾਂ ॥ ਚਉਪਈ ॥ ()

ਸਚੇ ਸਾਹਿਬ ਅਕਾਲ ਗੁਸਾਂਈ। ਰਵਿ ਰਹਿਆ ਤੂੰ ਸਭਨੀ ਥਾਈ ॥
ਤੇਰਾ ਬਿਰਧ ਅਨਾਥਾਂ ਪਾਲਣ । ਸੰਤਨ ਕੇ ਦੋਖੀ ਸਦ ਗਾਲਣ ॥ ੭ ॥
ਦੁਖ ਸੁਖ ਰਹਿਤ ਸਭੀ ਤੁਝ ਆਖਣ। ਐਪਰ ਸਤਿਗੁਰ ਜੀ ਇਉ ਭਾਖਣ ॥
ਸੰਤਨ ਦੁਖ ਪਾਏ ਤੇ ਦੁਖੀ । ਸੁਖ ਪਾਏ ਸਾਧਨ ਕੇ ਸੁਖੀ ॥ ੮ ॥ ਗੁਰਵਾਕ ॥
ਜਿਨ ਜਿਨ ਤੁਮਰੀ ਓਟ ਤਕਾਈ । ਤੇ ਸਭ ਲੀਨੇ ਕੰਠ ਲਗਾਈ ॥
ਦੈਂਤ ਪੁਤਰ ਪ੍ਰਹਿਲਾਦ ਬਚਾਯਾ । ਨਰ ਸਿੰਘ ਰੂਪ ਥੰਮ ਚੋਂ ਆਯਾ ॥ ੯
ਭਗਤ ਕਬੀਰ ਭਿਆ ਸਰਨਾਈ । ਤਿਨ ਕੇ ਯੱਗ ਕਰੇ ਜ਼ਗਰਾਈ ॥
ਨਾਮ ਦੇਵ ਦੀ ਛਾਪਰ ਛਾਈ । ਦਿਹੁਰਾ ਫੇਰ ਲਯੋ ਗਲਿ ਲਾਈ ॥ ॥ ੧੦
ਭਗਤ ਕਰੇ ਰਵਦਾਸ ਤੁਮਾਰੀ । ਗੰਗਾ ਪਥਰੀ ਹੇਠ ਨਕਾਰੀ ॥
ਸੈਨ ਭਗਤ ਸੰਤਨ ਕੋ ਸੇਵੈ । ਤਿਸ ਕੀ ਡਿਉਟੀ ਸਤਿਗੁਰ ਦੇਵੈ ॥ ੧੧
ਧੰਨਾ ਭਗਤ ਚਰਨ ਲਿਵ ਲਾਏ । ਹਰਿ ਜੀ ਤੇ ਬੱਛੇ ਚਰਵਾਏ ॥
ਸਗਲ ਭਗਤ ਜੇਕਰ ਲਿਖ ਪਾਊਂ । ਗ੍ਰੰਥ ਵਧਨ ਤੇ ਅਧਕ ਡਰਾਊਂ ॥ ੧੨
ਹਰਿ ਜੀ ਭਗਤ ਅਪਾਰ ਤੁਮਾਰੇ । ਕਉਣ ਸੈਰ ਐ ਕਰਤ ਉਚਾਰੇ ॥
ਤੁੱਛ ਬੁੱਧਿ ਗੁਰ ਦੇਵ ਹਮਾਰੀ । ਮਹਿਮਾ ਅਪਰਮਪਾਰ ਤੁਮਾਰੀ ॥ ੧੩
ਦਿਓ ਸੁਮਤਿ ਸਗਲ ਕੇ ਨਾਥਾ । ਤਵ ਹੀ ਰਚੂੰ ਸੰਤ ਕੀ ਗਾਥਾ ॥
ਸਰਨ ਪਰੇ ਕੀ ਰਾਖ ਦਇਆਲਾਂ । ਨਾਨਕ ਤੁਮਰੇ ਬਾਲ ਗੋਪਾਲਾ ॥ ੧੪

( ਗੁਰਵਾਕ )

## ॥ ਸਤਿਗੁਰ ਮਹਿਮਾ ॥

### -:( ਚਉਪਈ ):-

ਗੁਰ ਨਾਨਕ ਜਿਨ ਡਿੱਠਾ ਸੁਣਿਆ । ਕੀੜਾ ਨਹੀਂ ਨਰਕ ਦਾ ਬਣਿਆ ॥
ਗੁਰ ਅੰਗਦ ਜੀ ਕਰਤ ਖਲਾਸੀ । ਅਮਰ ਦਾਸ ਗੁਰ ਕਟਦੇ ਫਾਸੀ ॥ ੧੫
ਰਾਮ ਦਾਸ ਗੁਰ ਅਰਜਨ ਦੇਵ । ਤਾਰੇ ਸਿੱਖ ਲਗਾਕੇ ਸੇਵ ॥
ਹਰਿਗੋਬਿੰਦ ਦੁਸ਼ਟ ਜਨ ਮਾਰੇ । ਗੁਰ ਹਰਰਾਇ ਰੰਕ ਜਨ ਤਾਰੇ ॥ ੧੬
ਗੁਰ ਹਰ ਕ੍ਰਿਸ਼ਨ ਕਰੇ ਜੜ੍ਹ ਗਿਆਨੀ । ਤੇਗਬਹਾਦਰ ਗੁਰ ਸਿਰ ਦਾਨੀ ॥
ਗੁਰ ਗੋਬਿੰਦ ਸਿੰਘ ਦਲ ਭੱਵਨ । ਦੁਸ਼ਟ ਦਮਨ ਦੁਸ਼ਟਨ ਦਲ ਖਵਨ ॥ ੧੭
ਗੁਰੂ ਗਰੰਥ ਬੋਹਿਥ ਕਲ ਮਾਹੀ । ਜਾਕੈ ਦਰਸ ਪਾਪ ਮਿਟ ਜਾਹੀ ॥
ਸੰਤ ਭਗਤਿ ਗੁਰ ਕੇ ਹਿਤਕਾਰੀ । ਸਭ ਕੋ ਮਮ ਬੰਧਨ ਬਹੁ ਬਾਰੀ ॥ ੧੮
ਸਭ ਸੰਤਨ ਤੇ ਇਹੁ ਬਰ ਮਾਂਗੋਂ । ਕਰੋਂ ਬਿਨੰਤੀ ਮਾਨ ਤਿਆਗੋਂ ॥

Sri Satguru Jagjit Singh Ji eLibrary NamdhariElibrary@gmail.com

ਹਮਰੀ ਬੁਧ ਕਰੋ ਪਰਕਾਸਾ । ਰਚੋਂ ਸੰਤ ਕੀ ਗਾਥ ਹੁਲਾਸਾ॥ ੧੯
ਪੰਥ ਖਾਲਸਾ ਪਰ ਉਪਕਾਰੀ । ਤਿਸ ਕਉ ਨਮਸਕਾਰ ਬਹੁ ਬਾਰੀ॥
ਸਾਧ ਸੰਗਤ ਮੈ ਸਗਲ ਮਨਾਈ । ਵਾਹਿਗੁਰੂ ਕੀ ਫਤੇਹ ਬੁਲਾਈ॥ ੨੦

## ਸਤਿ ਗੁਰ ਮਹਿਮਾ ਸੁਵਯੇ॥

ਦਾਨ ਦਿਓ ਗੁਰ ਨਾਨਕ ਜੀ ਮਮ ਆਨਨ ਸੋਜਸ ਤੋਹਿ ਸੁਨਾਊਂ॥
ਹਾਥ ਧਰੋ ਮੁਹਿ ਮਾਥ ਗੁਰੋ ਤਵ ਸੰਤਨ ਕੀ ਰਚ ਗਾਥ ਬਨਾਊਂ॥
ਓਟ ਲਈ ਜਨ ਕੋਟ ਤਰੇ ਕਛ ਤੋਟ ਨਹੀਂ ਕਹੁ ਕੇਤ ਗਨਾਊਂ॥
ਸੰਤ ਸਰੂਪ ਸਿਰੀ ਗੁਰ ਨਾਨਕ ਮੈਂ ਤੁਮਰੇ ਪਗਰੋਜ ਮਨਾਊਂ॥ ੨੧
ਅੰਗਦ ਜੀ ਗੁਰ ਸੰਗ ਬਸੇ ਨਰ ਨਿੰਦਕ ਨੂੰ ਫੜ ਕੇਸ ਪਛਾੜੇ ॥
ਆਨਨ ਸੇ ਜਸ ਤੇਹਿ ਕਹੂੰ ਮਤ ਮੰਦਨ ਕੀ ਮਮ ਬੁੱਧ ਉਘਾੜੋ ॥
ਆਨ ਬਿਚਾਰ ਭਰੋ ਹਿਰਦੇ ਤੁਛ ਮਾਨ ਹਰੋ ਕਭਿਮਾਨ ਉਖਾੜੋ ॥
ਸੰਤ ਸਰੂਪ ਗੁਰੂ ਜਗ ਪੂਰਨ ਹੰਗ ਕੀਓ ਜਿਨ ਭੰਗ ਦੁਫਾੜੋ ॥ ੨੨
ਬਾਸ ਲਿਓ ਅਮ੍ਰਦਾਸ ਜਹਾ ਜਮ ਤ੍ਰਾਸ ਹਰੀ ਗੁਰ ਦੀਨ ਦਿਆਲਾ ॥
ਜਾਂਲਗ ਆਪ ਰਹੇ ਜਗ ਭੀਤਰ ਗੋਵਿੰਦ ਵਾਲ ਭਈ ਇਹੁ ਚਾਲਾ ॥
ਮਾਤ ਪਿਤਾ ਕਿਨ ਪੂਤ ਮਰੇ ਸੁਖ ਚੈਨ ਰਹੇ ਨਹਿ ਹੋਤ ਦੁਖਾਲਾ ॥
ਸੰਤ ਸਰੂਪ •ਗੁਰੂ ਜਗ ਪੂਰਨ ਤੋੜ ਦਿਓ ਭ੍ਰਮ ਕਾ ਜਿਨ ਤਾਲਾ ॥ ੨੩
ਦਾਸਨ ਦਾਸ ਕਰੇ ਅਰਦਾਸ ਗੁਰੂ ਰਾਮਦਾਸ ਕਰੋ ਨਿਸਤਾਰਾ ॥
ਆਵਣ ਕਾਗ ਸੁਧਾਸਰ ਨ੍ਹਾਵਨ ਹੋਵਣ ਹੰਸ ਨ ਲਾਗਤ ਵਾਰਾ ॥
ਸੋਹਿਤ ਮੰਦਰ ਤਾਲ ਸੁਅੰਦਰ ਖਾਸ ਵਕੁੰਠ ਦਿਸੇ ਚਮਕਾਰਾ ॥
ਸੰਤ ਸਰੂਪ ਗੁਰੂ ਜਗ ਪੂਰਨ ਬੇਦ ਕਤੇਬਨ ਪਾਵਤ ਪਾਰਾ ॥ ੨੪
ਜੋਤ ਧਰੀ ਗੁਰ ਦੇਵ ਸਹੀ ਜਗ ਤਾਰਨ ਕੋ ਗੁਰ ਪੰਚਮ ਹੋਏ ॥
ਸਾਰ ਗਿਰਾ ਰਚਕੈ ਜਗ ਬੋਹਿਥ ਤਾਰਨ ਕੋ ਭਵ ਸਾਗਰ ਸੋਏ ॥
ਸੰਤਨ ਕੇ ਸੁਭ ਛੰਦ ਰਚੂੰ ਵਰ ਦਾਨ ਦਿਓ ਮਨ ਮਾਂਗਤ ਜੋਏ ॥
ਸੰਤ ਸਰੂਪ ਗੁਰੂ ਜਗ ਪੂਰਨ ਕਾਰਜ ਮੈ ਹਰਿ ਆਪ ਖਲੋਏ॥ ੨੫
ਬੀਰ ਬਲੀ ਹਰਿ ਗੋਬਿੰਦ ਜੀ ਗੁਰ ਜੰਗ ਕਰੇ ਜੱਗ ਭੀਤਰ ਭਾਰੇ॥
ਭੂਪ ਬਵੰਜਨ ਕੈਦਨ ਸੇ ਲੜ ਆਪ ਫੜਾਇ ਸਭੇ ਨਿਸਤਾਰੇ ॥
ਪਾਇ ਨਕੇਲ ਫੜੇ ਗੁਰ ਦ੍ਰੋਹਨ ਜੁਤਨ ਸੋਹਤ ਪ੍ਰਾਨ ਨਕਾਰੇ ॥
ਤੇਜ ਦਿਓ ਬਲ ਬੀਰ ਗੁਰੂ ਤਵ ਛੰਦ ਰਚੂੰ ਬਹੁ ਭਾਂਤ ਉਚਾਰੇ ॥ ੨੬
ਸ੍ਰੀ ਹਰ ਰਾਇ ਗੁਰੂ ਲੜ ਲਾਇ ਪਰਾ ਪਗ ਧਾਇ ਦਿਆ ਮੁਹਿ ਕੀਜੈ। ਰੰਕਨ ਕੋ ਤੁਮ
ਰਾਜ ਦਏ ਸਿਰ ਤਾਜ ਦਏ ਸੁਥਰੇ ਪੁੰਨ ਬੀਜੇ। ਤੋਸਰ ਔਰ ਦਤਾਰ ਨਹੀਂ ਉਪਕਾਰ

ਕਰੋ ਤੁ ਕਵਾੜ ਖੁਲੀਜੇ। ਸੰਤਸਰੂਪ ਗੁਰੂ ਜਗਪੂਰਨਛੰਦਨ ਬੰਦਨਕੀ ਮਤਿ ਦੀਜੇ। ੨੭ ਦੇਖ ਗੁਰੂ ਹਰਿ ਕ੍ਰਿਸ਼ਨ ਕੋ ਸਭ ਮਿੱਟਨ ਪਾਪ ਬਿਨਾਸਨ ਦੂਖਾ। ਮੂਰਖ ਨੂੰ ਬੁਧਵਾਨ ਬਨਾਵਤ ਜੋ ਫਿਰ ਬੇਦ ਸੁਨਾਵਤ ਮੂਖਾ। ਅੰਨ ਕਰੇ ਪਰਕਾਸ਼ ਰਿਦੇ ਮੁਹਿ ਛੰਦ ਉਚਾਰਨ ਕੀ ਮਨ ਭੂਖਾ। ਸੰਤ ਸਰੂਪ ਗੁਰੂ ਜਗ ਪੂਰਨ ਸੇਵਕ ਸੇਵਨ ਪਾਵਨ ਸੂਖਾ॥ ੨੮ ॥ ਤੇਗ ਬਹਾਦਰ ਹਿੰਦਨ ਚਾਦਰ ਸੀਸ ਦਿਓ ਗੁਰ ਸੀ ਨ ਉਚਾਰੀ। ਕਾਰਨ ਹਿੰਦ ਦਈ ਜਿਨ ਜਿੰਦ ਗੁਰੂ ਬਖਸਿੰਦ ਬਡੋ ਉਪਕਾਰੀ। ਜੀਭ ਹਜਾਰ ਪੁਕਾਰਤ ਸੇਸ ਨ ਪਾਵਤ ਪਾਰ ਕਹੇ ਬਲਿਹਾਰੀ। ਸੀਤਲ ਸਾਂਤ ਸਰੂਪ ਗੁਰੂ ਗੁਰ ਤੇਗਬਹਾਦਰ ਸੰਤ ਉਤਾਰੀ ॥ ੨੯ ॥ ਦੋਖਨ ਕੇ ਦਲ ਭੰਜਨ ਕੋ ਗੁਰੁ ਜੀ ਦਸਮੇਸ਼ਨ ਤੇਗ ਚਲਾਈ। ਬਾਰ ਦਏ ਸੁਤ ਚਾਰ ਬਲੀ ਸਰਨਾਗਤ ਜੋ ਸਭ ਲੀਨ ਬਚਾਈ। ਦੇਖਨ ਕੇ ਡਰ ਦੂਰ ਕਰੇ ਗੁਰ ਮੋਖ ਦਈ ਮੁੜ ਭੂਮ ਬਸਾਈ। ਦਾਸ ਨਿਰਾਇਣ ਸਿੰਘ ਕਹੇ ਸਿਰ ਹਾਥ ਧਰੋ ਤਵ ਛੰਦ ਬਣਾਈ। ੩੦ ॥ ਬੋਹਿਥ ਰੂਪ ਗਰੰਥ ਗੁਰੂ ਕਲ ਮਾਹਿ ਸਹੀ ਲੜ ਸੰਗਤ ਲਾਈ। ਪਾਠ ਕਰੇ ਸਭ ਕਾਜ ਸਰੇ ਵਹੁ ਭੇਟ ਧਰੇ ਜੁ ਤਜੇ ਚੁਤਰਾਈ। ਦਾਸ ਨਿਰਾਇਣ ਸਿੰਘ ਕਹੇ ਬਲ ਬੱਧ ਕਰੋ ਜਸ ਗਾਇ ਸੁਣਾਈ। ਪੰਥ ਸਹੀ ਗੁਰੂ ਗ੍ਰੰਥ ਸਹੀ ਜਨ ਸੰਤ ਹਰੀ ਮਿਲ ਪੂਜ ਕਰਾਈ ॥ ੩੧ ॥ ਜੇ ਸਤਿ ਸਾਗਰ ਚਾਇ ਕਰੋ ਮਸ ਪੌਣ ਸੁਮਾਨ ਕਰੌਂ ਸੁ ਲਿਖਾਰੀ। ਕਾਟ ਬਨਾਸਪਤੀ ਸਗਰੀ ਲਿਖਵੇ ਹਿਤ ਲੇਖਣ ਹੋਵਤ ਸਾਰੀ। ਸਾਰਸ੍ਵਤੀ ਬਕਤੇ ਕਰਕੇ ਜੁਗ ਕੋਟਨ ਜੋਹਿਤ ਲਾਇ ਉਚਾਰੀ। ਭੂਮ ਪਹਾੜ ਕਹੇਂ ਸਭ ਕਾਗਜ਼ ਤੋਂਨ ਲਿਖੇ ਗਤ ਨਾਥ ਤਿਹਾਰੀ ॥ ੨੩ ॥

## ਇਤ ਸਿਰੀ ਸੰਤ ਬਲਾਸ ਗ੍ਰੰਥੇ ਮੰਗਲਾ ਚਰਨ ਪ੍ਰਸੰਗ ਬਰਨਨ ਨਾਮ ਪਿਰਥਮ ਧਿਆਇ॥ ੧ ॥

## ਅਗੇ ਸੰਤ ਮਹਾਰਾਜ ਜੀ ਕਾ ਕੁਰਸੀ ਨਾਮਾ ਜੁਬਾਨੀ ਸੰਤਾਂ ਦੇ ਬਾਲਸਖਾਈ ਮਿੱਤਰ ਨੰਬਰਦਾਰ ਹਰਿਨਾਮ ਸਿੰਘ ਨਗਰ ਚੀਮਾ ਨਿਵਾਸੀ ਜੀ ਕੇ ਲਿਖਯਤੇ ॥

## ॥ ਚਉਪਈ ॥

ਪੈਂਚ ਭਲਾ ਇਕ ਚੀਮੇ ਗ੍ਰਾਮਾਂ। ਤਹਿ ਹਰਿ ਨਾਮ ਸਿੰਘ ਵਰ ਨਾਮਾ ॥ ਕੁਰਸੀ ਨਾਮਾ ਤਿਨੇ ਲਖਾਯੋ। ਮੈ ਤਿਸ ਪਾਸੋ ਲਿਖ ਲੈ ਆਯੋ। ੧ ॥ ਬਾਬੇ ਬਿਘੂ ਨਗਰ ਬਸਾਯਾ ॥ ਪਹਿਲੇ ਅਹਿਮਦਪੁਰ ਤੇ ਆਯਾ ॥ ਤਿਸਕਾ ਚੀਮਾ ਗੋਤ ਉਚਰਿਆ। ਚੀਮਾ ਨਾਮ ਨਗਰ ਕਾ ਧਰਿਆ ॥ ੨ ॥ ਤੀਨ ਪੁੱਤਰ ਬਿਘੂਦੇ ਹੋਏ। ਬੀਰਾ। ਆਸਾ। ਬਖਤਾ। ਸੋਏ ॥ ਬੀਰੇ ਦੇ ਫਿਰ ਪੁਤਰ ਦੋਏ। ਦੇਸੂ ਔਰ ਮਲੂਕਾ ਜੋਏ। ੩। ਤਿਨਕੇ ਪੁੱਤਰ ਹੋਏ ਚਾਰ

Sri Satguru Jagjit Singh Ji eLibrary NamdhariElibrary@gmail.com

ਤਿਨਕੇ ਸੁਣੀਐ ਨਾਮ ਉਦਾਰ ॥ ਗ੍ਰੀਬ ਸਿੰਘ ਤੇ ਸਿੰਘ ਨਿਹਾਲ। ਖੜਕ ਸਿੰਘ ਸਿੰਘ ਮਾਨ ਸੰਭਾਲ ॥ ੪ ॥ ਗ੍ਰੀਬ ਸਿੰਘ ਦੇ ਬੇਟੇ ਚਾਰ। ਬਡੇ ਕਰਮ ਸਿੰਘ ਸਰਦਾਰ ॥ ਰੈ ਸਿੰਘ ਅਰ ਸ਼ੇਰ ਸਿੰਘ ਜਨ। ਚੌਥੇ ਭਏ ਨਰੈਣ ਸਿੰਘ ਤਨ ॥ ੫ । ਗਰੀਬ ਸਿੰਘ ਪੁਤਰੀ ਆਚਾਰ। ਸੁਣੋ ਨਾਮ ਕਵ ਕਰਤ ਉਚਾਰ ॥ ਬੱਡੀ ਕਰਮ ਕੌਰਜੀ ਜਾਨੋਂ। ਦੂਜੀ ਜੀਵ-ਣ ਕੌਰ ਬਖਾਨੌਂ ॥ ੬ ॥ ਤੀਜੀ ਪ੍ਰੇਮ ਕੌਰ ਜੀ ਗਾਈ। ਚੌਥੀ ਬੀਬਾ ਕੌਰ ਸੁਨਾਈ ॥ ਕਰਮ ਸਿੰਘ ਕੇ ਭਈ ਸਪੁਤਰੀ। ਜਾਣੋਂ ਪਾਰਬਤੀ ਜਗ ਉਤਰੀ ॥ ੭ ॥ ਤਿਨ ਫਿਰ ਸੰਤ ਖਿਲਾਰੇ ਬੀਰ। ਸੰਤ ਸਾਹਿਬ ਤੋਂ ਰਹੀ ਅਖੀਰ ॥ ਬਾਲ ਕਥਾ ਮੁਹਿ ਤਿਨੇ ਲਖ ਈ। ਬੇਬੇ ਰਤਨ ਕੌਰ ਜਗ ਗਾਈ ॥ ੮ ॥ ਧਰਿਓ ਅਤਰ ਸਿੰਘ ਅਵਤਾਰਾ। ਕਰਮ ਸਿੰਘ ਕੇ ਗ੍ਰਿਹਿ ਮਝਾਰਾ ॥ ਭਾਈ ਜੈਇ ਸਿੰਘ ਫਿਰ ਹੋਏ। ਕਰਮ ਸਿੰਘ ਦੇ ਪੁਤਰ ਦੋਏ ॥ ੯ ॥ ਫਿਰ ਪ੍ਰਤਾਪ ਕੌਰ ਲਧ ਤਨਯਾ। ਸੁਖਾ ਕੌਰ ਤੀਸਰੀ ਭਣੀਆਂ ॥ ਜੈਇ ਸਿੰਘ ਦੇ ਪੁੱਤਰ ਏਕ। ਜਨਮਿਓਂ ਇੰਦਰ ਸਿੰਘ ਬਸੇਖ ॥ ੧੦ ॥ ਇਹ ਕੁਲ ਹੈ ਰਤਨਾਂ ਕੀ ਖਾਣ। ਸੰਤ ਸਾਹਿਬ ਭਵਲੀਨਾਂ ਆਂਣ। ਇਸ ਬਿਧ ਕੁਰਸੀ ਨਾਮਾਂ ਗਣਿਓ। ਦਾਸ ਨਰੈਣ ਸਿੰਘ ਮੁਖ ਭਣਿਓ ॥ ੧੧ ॥

## ਸੰਤ 'ਅਤਰ ਸਿੰਘ ਮਹਾਰਾਜ' ਜੀਕੇ ਅਵਤਾਰ ਧਾਰਨ ਦਾ ਕਾਰਨ

### () ਪਉੜੀ ()

ਹਰਿ ਕੀਰਤ ਜਗ ਭੁਲਿਆ ਮੋਹਿ ਬਿਆਪੈ ਭਾਰਾ। ਦੰਭੀ ਸਾਧ ਅਨੇਕ ਥੇ ਡਾਰਾਂ ਦੀਆਂ ਡਾਰਾਂ ॥ ਕਈਕ ਸਾਧੂ ਰੱਖਦੇ ਸੰਗ ਦੋ ਦੋ ਨਾਰਾ। ਸਹੀਨ ਕਿਤੋਂ ਬਿਆਹੀਆਂ ਕਢ ਕੰਨਰ ਕਨਾਰਾ ॥ ਕਈਕ ਨਾਰਾਂ ਗੌਂਦੀਆਂ ਕਰ ਖੋੜ ਸੰਗਾਰਾ। ਪਿੰਡ ਪਿੰਡ ਖਾੜੇ ਲੌਂਦੀਆਂ ਗਾਵਨ ਬਦਕਾਰਾ। ਰਾਜੇ ਪਾਪ ਕੁਮਾਂਮਦੇ ਇਨਸਾਫ ਬਸਾਰਾ। ਕੂੜ ਅਮਾਵਸ ਵਰਤਿਆ ਦਿੱਸੇ ਅੰਧਿਆਰਾ। ਪਾਪ ਗਰਾਸੀ ਪਿਰਥਮੀ ਬਹੁ ਕਰੇ ਪੁਕਾਰਾ। ਰਾਖ ਰਾਖ ਸਰਨਾਗਤੀ ਗੁਰਦੇਵ ਦਾਤਾਰਾ ॥ ੧੨ ॥

### ਤਥਾ

ਸੰਤ ਸਾਹਿਬ ਦੇ ਔਣ ਦੀ ਅਬ ਸੁਣੋ ਕਹਾਨੀ। ਬਿਗੜੇ ਲੋਕ ਜਹਾਨ ਦੇ ਬਿਰਸੀ ਗੁਰ ਬਾਨੀ। ਗੰਦੇ ਗੀਤ ਗਵਾਇੰਦੇ ਬਧ ਗਏ ਤੁਫਾਨੀ। ਖਾਨ ਦਾਨ ਸਰਦਾਰ ਜੋ ਬਹੁਤੇ ਅਭਿਮਾਨੀ। ਨਾਚਕਰੌਂਦੇ ਵੇਸਵਾ ਪੀ ਮਦਰਾ ਪਾਨੀ। ਰਾਜਾ ਪਰਜਾ ਹੋ ਗਏ ਪਾਪਾਂ ਦੀ ਖਾਨੀ। ਭੁਲੇ ਪਰਉਪਕਾਰ ਨੂੰ ਦਿਲ ਅਉਰੇ ਠਾਨੀ ਧਰਤੀ ਪਈ ਪੁਕਾਰਦੀ ਡਗ ਮਗ ਡੋਲਾਨੀ। ਭੇਜੋ ਸਭਕੇ ਨਾਥ ਜੀ ਕੋਈ ਬ੍ਰਹਿਮ ਗਿਆਨੀ ਕਰੇ ਜੋ ਦੂਰ ਕੁਰੀਤੀਆਂ ਬਖਸੇ ਜੀਅਦਾਨੀ ॥ ੧੩

## -ঃ ਸੰਤ ਮਹਾਰਾਜ ਕੇ ਮਾਤ ਪਿਤਾ ਦਾ ਸੰਤ ਸੇਵੀ ਸੁਭਾਓ ॥ঃ-

## ⁝ ਚਉਪਈ ⁝

ਬਾਬਾ ਕਰਮ ਸਿੰਘ ਗੁਣਕਾਰੀ। ਮਾਤ ਪਿਤਾ ਕੇ ਸਦ ਅਨਸਾਰੀ ॥ ਟਹਿਲ ਕਰਨ ਤੇ ਦੀਤਾ ਧਾਰਨ। ਮਾਤ ਪਿਤਾ ਦਿਲ ਮਾਹਿ ਬਚਾਰਨ ॥ ੧੪ ਕਰਮ ਸਿੰਘ ਕੀ ਕਰੀਐ ਸਾਦੀ। ਬਹੁਤ ਬਾਰ ਇਹੁ ਚਿੱਤ ਅਰਾਧੀ ॥ ਗੁਰਮੁਖ ਸਿਖ ਨਾਮ ਜਿਸ ਜੀਤਾ। ਰਿਸਤਾ ਤਿਨ ਪੁਤਰੀ ਦਾ ਕੀਤਾ ॥ ੧੫ ਨਗਰ ਫਤੇ ਗੜ੍ਹ ਗੰਢੂ ਗੋਤਿ। ਮਿਲੀ ਦੁਮੂਰਤਿ ਇੱਕੋ ਜੋਤ* ॥ ਭੋਲੀ ਕੌਰ ਸੁਪਤਨੀ ਆਈ। ਪੂਰਬ ਕੀਤੀ ਭਲੀ ਕਮਾਈ ॥ ੧੬ ਹਰਿ ਸਿਮਰਤ ਘਰ ਬਾਸ ਕਰੰਦੇ। ਸੰਤ ਸਿੱਖਕੀ ਟਹਿਲ ਕੁਮੰਦੇ ॥ ਇਸ ਬਿਧ ਗੁਜਰ ਗਏ ਕੁਝ ਸਾਲ। ਲੜਕੀ ਜਨਮੀ ਭਾਗ ਬੁਸਾਲ ॥ ੧੭ ॥ ਰਤਨ ਕੌਰ ਤਿਸ ਧਰਿਆ ਨਾਮੁ। ਬਡ ਭਾਗਣ ਤਿਸ ਕਹਿਣ ਤੁਮਾਮ ॥ ਇਸ ਬਿਧ ਬਰਸ ਬਿਤੇ ਕੁਝ ਅਉਰ। ਸਾਧ ਸੰਤ ਸੇਵਤ ਕਰ ਗੌਰ ॥ ੧੮ ॥ ਕਿਰਤ ਕਮਾਵਨ ਦਸ ਬੰਧ ਦੇਵਨ। ਪੁੱਤਰ ਚਾਹਤ ਗੁਰ ਘਰ ਸੇਵਨ। ਕਰਮ ਸਿੰਘ ਹਲ ਬਾਹੀ ਕਰਦੇ। ਮਨ ਗੁਰ ਮੰਤਰ ਜਾਪ ਉਚਰਦੇ ॥ ੧੯

## ਸੰਤ ਮਹਾਰਾਜ ਜੀ ਕੇ ਅਵਤਾਰ ਧਾਰਨ ਦਾ ਸੰਜੋਗ ਬਿਧੀ ਮਹਾਂ ਪੁਰਖ ਦਾ ਮਿਲਨਾ ਤੇ ਬਰ ਦੇਣਾ ॥ [ਕਬਿਤ]

ਰਾਜ ਪਟਿਆਲੇ ਜੋ ਤਸੀਲ ਹੈ ਸੁਨਾਮ ਜਾਣੋਂ ਚੀਮਾ ਨਾਮ ਗ੍ਰਾਮ ਏਥੇ ਬਸੇ ਭਾਗ ਭਰਿਆ
ਭੋਲੀ ਕੌਰ ਮਾਈ ਜੀ ਦੇ ਸਾਂਈ ਜੀ ਕਰਮ ਸਿੰਘ ਬਸ ਰਹੇ ਏਥੇ ਸੰਗ ਸਾਧੂਆਂ ਦਾ ਕਰਿਆ
ਏਕ ਰੋਜ਼ ਹਲ ਜੋੜ ਗਏ ਜਾ ਕਰਮ ਸਿੰਘ ਭੋਲੀ ਕੌਰ ਜਾਇ ਪਰਸਾਦ ਅਗੇ ਧਰਿਆ ॥
ਲੰਗੇ ਜਾਂਦੇ ਸਾਧੂ ਨੂੰ ਬੁਲਾਇਕੇ ਨਰੈਣ ਸਿੰਘਾ ਦਿਤਾ ਪਰਸਾਦ ਜੋੜਾ ਬਾਬੇ ਜੀਤੇ ਸਰਿਆ ॥੨੦

## ਮਹਾਂ ਪੁਰਖ ਨੇ ਸੁਤੇ ਸੁਭਾ ਪੁਛਣਾ ॥

### —ः ਦੋਹਰਾ ः—

ਛਕ ਪਰਸਾਦਾ ਸੰਤ ਨੇ ਕੀਤਾ ਬਚਨ ਅਮੋਲ। ਪੁੱਤਰ ਹੈ ਕੇ ਨਹੀਂ ਹੈ ਭੇਦ ਸੁਣਾਵੋ ਖੋਲ ॥ ੨੦ ਆਖਣ ਬਾਬਾ ਕਰਮ ਸਿੰਘ ਸੰਤ ਪੁਛਦੇ ਜੋਇ। ਏਕ ਅਸਾਡੇ ਕਨਿਆਂ ਚਾਰ ਬਰਸ ਦੀ ਸੋਇ। ੨੨ ਪੁਤਰ ਅਸਾਡੇ ਹੈ ਨਹੀਂ ਆਸ ਕਰੇਂਦੇ ਨੀਤ। ਪੁੱਤਰ ਬਖਸਣ ਸਤਿਗੁਰੂ ਇਹੋ ਭਾਵਨਾ ਚੀਤ ॥ ੨੩

## ਸੁਣਕੇ ਮਹਾ ਪੁਰਖ ਨੇ ਬਚਨ ਕਰਨਾ ॥ ਕਬਿੱਤ ॥

ਸੁਣਕੇ ਮਹਾਤਮਾ ਨੇ ਬੋਤਲ ਫੜਾਈ ਬੰਦ ਚਿੱਟੇ ਜਿਹੇ ਰੰਗ ਦੀ ਜੋ ਭਰੀ ਸੁਧਾ ਰੱਸਦੀ।
ਮੁਖ ਤੇ ਸਨੌਣ ਏਨੂੰ ਰੱਖਣਾ ਸੰਭਾਲ ਕੇ ਤੇ ਮੂਰਤਿ ਸਫਲ ਪੈਦਾ ਹੋਊ ਘਰ ਹੱਸਦੀ।
ਬਲੀ ਪੁਤ ਹੋਊ ਚਾਰ ਕੂੰਟ ਨੂੰ ਨਮੌਣ ਵਾਲਾ ਜਿੱਥੇ ਪੈਰ ਧਰੂਗਾ ਜ਼ਮੀਨ ਹੋਜੂ ਵੱਸਦੀ।
ਆਪ ਮਹਾਰਾਜ ਅਵਤਾਰ ਧਾਰੂ ਘਰ ਤੇਰੇ ਕਥਾ ਹੈ ਅਕੱਥ ਨਾ ਜੁਬਾਨ ਮੇਰੀ ਦੱਸਦੀ। ੨੪

ਤਬਾ

*ਏਕ ਜੋਤ ਦੋਇ ਮੂਰਤੀ ਧਨ ਪਿਰ ਕਹੀਐ ਸੋਇ ॥ ਗੁਰ ਵਾਕ

Sri Satguru Jagjit Singh Ji eLibrary NamdhariElibrary@gmail.com

ਸਿੰਘਾ ਤੈਂ ਅਮਾਨਤ ਸੰਭਾਲ ਕੇ ਤੇ ਰੱਖ ਲੈਣੀ ਜਦ ਬਾਲ ਜੱਮੇ ਅਸਾਂ ਬੋਤਲ ਲਜਾਵਣੀ ਸਾਲਦੇ ਈ ਅੰਦਰੇ ਉਤਾਰ ਧਾਰੂ ਮਹਾਬਲੀ ਜਿਨੇ ਸੁੱਤੀ ਦੁਨੀਆਂ ਹਲੂਣਕੇ ਜਗਾਵਣੀ ਚੜ੍ਹਦੇ ਤਰਫ ਲੈਕੇ ਬੋਤਲ ਸਧਾਈਂ ਭਾਈ ਮੰਗ ਲਊ ਸਾਧੂ ਓਦੇ ਹੱਥ ਪਕੜਾਵਣੀ। ਬਾਰਤਾ ਸੁਣਾਊ ਮਹਾ ਅਵਤਾਰ ਸੰਦੀ ਰੱਖਣੀ ਇਆਦ ਨਹੀਂ ਹੋਰ ਨੂੰ ਸੁਣਾਵਣੀ॥ ੨੫

## ॥ ਚਉਪਈ ॥

ਤਵੈ ਸੰਤ ਸਾਧੂ ਇਹੁ ਬਚਨ ਅਲਾਯੋ। ਪੂਰਬ ਤਪ ਤੁਮ ਅਧਕ ਕੁਮਾਯੋ॥ ਜਵੈ ਹਰੀ ਤੁਹਿ ਦਰਸ਼ਨ ਦੀਨਾ। ਹਰਿ ਪਾਸੋਂ ਤੁਮ ਇਹੁ ਬਰ ਲੀਨਾ॥ ੨੬॥ ਹਮਰੇ ਗ੍ਰਿਹਿ ਧਾਰੋ ਅਵਤਾਰਾ। ਜਗਤ ਮਾਹਿ ਕੀਜੇ ਪਰਚਾਰਾ॥ ਸੁਣੀ ਅਰਜ਼ ਪਰਮੇਸ਼੍ਵਰ ਜਵੈ। ਮਾਨ ਲਈ ਤਤ ਛਿਨ ਸੋ ਤਵੈ ॥ ੨੭॥ ਤੁਮਰੇ ਗ੍ਰਿਹਿ ਆਊ ਜੱਗ ਨਾਥ। ਬਚਨ ਕੀਆ ਜੋ ਤੁਮਰੇ ਸਾਥ॥ ਕਰਮ ਸਿੰਘ ਬਿਨਤੀ ਫਿਰ ਠਾਨੀ। ਜਗਤ ਨਾਥ ਕੀ ਕਵਣ ਨਿਸ਼ਾਨੀ ॥ ੨੮ ਤਵ ਸਾਧੂ ਫਿਰ ਬੋਲਤ ਸੋਇ। ਉੱਜਲ ਟਿੱਕਾ* ਮਸਤਕ ਹੋਇ॥ ਜੁਵਾ ਅਵਸਥਾ ਨਦਰ ਨ ਆਵੈ। ਮਸਤਕ ਸਮ ਸੰਗੋ ਮਿਲ ਜਾਵੈ॥ ੨੯॥ ਤਿਸਕੇ ਦਰਸ ਪਰਾਛਤ ਲਾਥ। ਤਾਤੇ ਨਾਮਜਗਤ ਕੋ ਨਾਥ॥ ਕਲਜੁਗ ਮਹਿ ਸਤਯੁਗ† ਬਰਤਾਵੈ। ਜਗਤ ਨਾਥ ਤਾਂਤੇ ਕਹਵਾਵੈ॥ ੩੦ ਕਰਮ ਸਿੰਘ ਸੁਣ ਚਰਨੀ ਪਰਿਓ। ਰੂਪ ਅਲੇਪ ਸੰਤ ਨੇ ਕਹਿਓ॥ਨਿਰਗੁਣ ਆਪ ਸਰਗੁਣ ਭੀ ਓਹੀ। ਕਲਾ ਧਾਰ ਜਿਨ ਸਗਲੀ ਮੋਹੀ (ਗੁਰਵਾਕ) ੩੧॥ ਸੰਤਨ ਤੇ ਐਸਾ ਬਰ ਪਾਏ। ਖੁਸ਼ੀ ਹੋਇ ਹਰਿ ਕੇ ਗੁਣ ਗਾਏ॥ ਜਿਓਂ ਬਾਕੇ ਬੁੱਢੇ ਬਰ ਬੀਨਾ। ਹਰਿ ਗੋਬਿੰਦ ਗੁਰੂ ਭਵ ਲੀਨਾ॥ ੩੨॥ ਜਿਉ ਗੁੱਦੜ ਗੁਰ ਵਰਤੇ ਹੋਏ। ਕਲਾਵਾਨ ਗਿਨਿਓ ਜਗ ਸੋਏ॥ ਮੂਲ ਚੰਦ ਜਿਓਂ ਸ਼ਹਿਰ ਸੁਨਾਮ। ਵਰਪਾਯੋ ਗੁਰ ਕੀ ਲਗ ਸਾਮ॥ ੩੩॥ ਰਤਨ ਹਾਇ ਗੁਰ ਵਰਤੇ ਭਯੋ॥ ਤੇਗਬਹਾਦਰ ਗੁਰ ਵਰ ਦਯੋ॥ ਮੋਹਰ ਗੁਰ ਕੀ ਮਸਤਕ ਰਹੀ। ਇਹੁ ਭੀ ਬਚਨ ਗੁਰੂ ਕਾ ਸਹੀ॥ ੩੪॥ ਤਾਤ ਮਾਤ ਸੰਤਨ ਕੇ ਜੋਏ। ਸੁਨੁ ਵਰ ਸੰਤਨ ਤੇ ਖੁਸ਼ ਹੋਏ ਬੋਤਲ ਆਇ ਧਰੀ ਗਹਿ ਮਾਹੀ। ਰਿੱਧ ਸਿੱਧ ਘਰ ਪ੍ਰਗਟੀ ਤਾਹੀ॥ ੩੫॥ ਮਾਤਾ ਉਦਰ ਪਵਨ ਠਹਿਰਾਈ। ਹਰਿ ਜੀ ਅਪੁਨੀ ਕਲਾ ਟਿਕਾਈ॥ ਜਨਮ ਮਰਨ ਹਰਿ ਜਨ ਨਹਿ ਆਵੈ। ਗੁਰ ਬਾਣੀ ਇਹੁ ਭੇਦ ਬਤਾਵੈ॥ ੩੬

## ਏਸ ਚੀਮੇ ਗ੍ਰਾਮ ਸੰਤਾਂ ਦੀ ਕੁਲ ਵਿਚ ਪਹਿਲੇ ਭੀ ਬੰਦਗੀ ਵਾਲੇ ਕਈ ਮਹਾਂਪੁਰਸ਼ ਹੋਇ ਹਨ॥

## ਰਾਮ ਸਿੰਘ, ਹੀਰਾ ਦਾਸ ਨਿਰੀਕਾਰੀਆ ਆਦਿਕ ॥ ਸੁਵਯਾ॥

ਕਾਨ ਸੁਨੀ ਉਪਮਾ ਇਸ ਗ੍ਰਾਮ ਸੁ ਜਾਇ ਸਹੀ ਮਮ ਨੇਤਰ ਪੇਖੀ॥ ਪੂਰਬ ਭੀ ਇਸ

---

*ਗੁਰਵਾਕ। ਸੰਤਜਨਾਂ ਮਸਤਕ ਨੀਸਾਣ। †ਸੰਤ ਭਗਤ ਗੁਰ ਸਿੱਖ ਹੈਂ ਜਗ ਤਾਰਨ ਆਏ। ਕਲਯੁਗ ਮੈਂ ਅਵਤਾਰ ਧਾਰ ਸਤਿਯੁਗ ਬਰਤਾਇ॥ ਵਾਰ ਭਾਈ ਗੁਰਦਾਸ ਜੀ॥

Sri Satguru Jagjit Singh Ji eLibrary NamdhariElibrary@gmail.com

ਗ੍ਰਾਮ ਵਿਖੇ ਜਨ ਹੋਤ ਭਏ ਗੁਣਮਾਨ ਬਸੇਖੀ॥ ਗ੍ਰਾਮ ਨਹੀਂ ਹਰਿ ਧਾਮ ਸਹੀ ਉਪਮਾ ਕਵਤੇ ਛਵ ਜਾਤ ਨ ਲੇਖੀ॥ ਸਾਚ ਕਹੋਂ ਮਮ ਕੂਰਨ ਭਾਖਤ ਕੌਣ ਕਹੈ ਕਵ ਮਾਰਤ ਸੇਖੀ॥ ੩੭॥

## ਇਤ ਸਿਰੀ ਸੰਤ ਬਲਾਸ ਗ੍ਰੰਥ ਮਹਾਪੁਰਖ ਮਿਲਣ ਪ੍ਰਸੰਗ ਬਰਨਨ ਨਾਮ ਦੂਸਰੋ ਧਿਆਇ॥ ੨॥

## ਅਥ ਜਨਮ ਲੀਲਾ ਸੰਤ ਅਤਰ ਸਿੰਘ ਮਹਾਰਾਜ ਜੀ ਕੇ ਅਵਤਾਰ ਧਾਰਨ ਦੀ ਕਥਾ ਬੇਬੇ ਰਤਨ ਕੌਰ ਜੀ ਦੇ ਜ਼ਬਾਨੀ॥ ਦੋਹਰਾ॥

ਤਵ ਉਨੀਸਉ ਤੇਈਆ ਬਿੱਕਰਮੀ ਪਹਿਚਾਨ। ਚੇਤ੍ਰ ਦੀ ਏਕਮ ਭਈ ਐਤਵਾਰ ਦਿਨ ਮਾਨ॥ ੧॥ ਭਯੋ ਨਛੱਤਰ ਕਿਰਤਕਾ ਮੇਖ ਰਾਸ ਮਹਿ ਚੰਦ। ਢਲੀ ਰਾਤ ਮਹਿ ਭਵ ਲਯੋ ਸਭ ਜਨ ਕਰਤ ਅਨੰਦ॥ ੨॥

### । ਚਉਪਈ।

ਏਕਾ, ਨਾਯਾ, ਦੂਆ, ਤੀਆ। ਸੰਮਤ ਬਿਕਰਮੀ ਤਵ ਥੀਆ॥ ਤੀਆ, ਨਾਯਾ, ਆਠਾ ਕੀਆ। ਨਾਨਕ ਸ਼ਾਹੀ ਸੰਮਤ ਦੀਆ॥ ੩॥ ਚੇਤ ਸੁਦੀ ਏਕਮ ਤਿਥ ਜੋਇ। ਐਤਵਾਰ ਦਿਨ ਜਾਣੋ ਸੋਇ॥ ਤਵੈ ਨਛੱਤਰ ਭਯੋ ਕਿਰਤਕਾ। ਮੇਖ ਰਾਸ ਮਹਿ ਚੰਦ ਵਿਰਤਕਾ॥ ੪॥ ਢਲੀ ਰਾਤ ਧਰਿਓ ਅਵਤਾਰਾ। ਕਰਮ ਸਿੰਘ ਕੇ ਗ੍ਰਹਿ ਮਝਾਰਾ॥ ਭੋਲੀ ਕੌਰ ਮਾਤ ਸਫਲਾਈ। ਪੁੱਤਰਵੰਤ ਭਈ ਸੁਖਪਾਈ॥ ੫॥ ਦਹਿ ਦਿਸ ਹੋਤ ਭਯੋ ਉਜਿਆਰਾ। ਜੈ ਜੈ ਸਬਦ ਹੋਤ ਧੁਨਕਾਰਾ॥ ਤਤ ਛਿਨ ਬਹੁਤ ਭਯੋ ਪਰਕਾਸ਼ਾ। ਦਾਈ ਦੇਖਤ ਬਢਿਓ ਹੁਲਾਸਾ॥ ਪੈਂਦਾ ਨਾਨ ਅਹੋ ਤਿਸ ਦਾਈ। ਦਾਦੀ ਕੇ ਢਿਗ ਦੌਰੀ ਆਈ॥ ੬॥ ਭਜੇ ਪੋਤਰਾ ਆਖ ਸੁਨਾਈ। ਜਨਮਤ ਹੀ ਬਹੁ ਕਲਾ ਦਖਾਈ॥ ਦਾਮਨ ਸਮ ਉਜਿਆਰਾ ਭਯੋ। ਹਮਰੋ ਦੂਖ ਪਾਪ ਦੁਰ ਗਯੋ॥ ੭॥ ਆਗੇ ਬਹੁ ਬਾਰਕ ਮੈਂ ਦੇਖੇ। ਐਸੇ ਕੌਤਕ ਕਵੀ ਨ ਪੇਖੇ॥ ਜਬ ਇਸ ਬਾਲਕ ਦਰਸ਼ਣ ਦੀਨਾ। ਜੈ ਜੈ ਕਾਰ ਦੇਵਗਣ ਕੀਨਾ॥ ੮॥ ਫੂਲਨ ਕੀ ਬਰਖਾ ਬਹੁ ਕਰੀ। ਧੰਨ ਧੰਨ ਬਡ ਭਾਗੀ ਘਰੀ॥ ਸੁਣ ਦਾਦੀ ਮਨ ਮੋਧ ਬਢਾਈ। ਗੁਰ ਨਾਨਕ ਕੀ ਕਰੀ ਬਡਾਈ॥ ੯ ਕਰਮ ਸਿੰਘ ਕੋ ਕਹਿਤ ਸੁਣਾਈ। ਬੋਤਲ ਚੜ੍ਹਦੇ ਦਿਸ ਲੈ ਜਾਈ॥ ਲੈਕਰ ਬੋਤਲ ਚਲਤਾ ਭਇਓ। ਥੋੜੀ ਦੂਰ ਗ੍ਰਾਮ ਤੇ ਗਇਓ॥ ੧੦॥ ਆਕਰ ਲੀਨੇ ਸੰਤ ਬੁਲਾਈ ਹਮਰੀ ਬੋਤਲ ਦੇਵੋ ਭਾਈ॥ ਕਰਮ ਸਿੰਘ ਤਵ ਬੋਤਲ ਦੀਨੀ। ਰੂਪ ਸੰਤ ਕਾ ਪਿਖੇ ਨਵੀਨੀ॥ ੧੧॥ਐਸੇ ਬਚਨ ਸੰਤ ਮੁਖ ਭਾਖੇ। ਇਹੁ ਬਾਲਕ ਜਗ ਡੂਬਦਾ ਰਾਖੇ॥ ਮਹਾ ਤਪੀਸਰ ਪਰਉਪਕਾਰੀ। ਇਸ ਕੋ ਖਲਕ ਨਿਵੇਗੀ ਸਾਰੀ॥ ੧੨॥ ਜਗਤ ਉਧਾਰਨ ਕਾਰਨ ਆਯੋ॥ ਜਗਤ ਨਾਥ ਮਾਨੁੱਖ ਤਨ ਪਾਯੋ॥

Sri Satguru Jagjit Singh Ji eLibrary NamdhariElibrary@gmail.com

ਭੰਜਨ ਘੜਨ‡ ਸਭੀ ਇਸ ਹਾਥ। ਭਾਣੇ ਦਾ ਮਾਲਕ ਜਗਨਾਥ ॥੧੩ ਏਹ ਬਾਰਤਾ ਗਪਤੀ ਭਾਖੇ। ਕਿਸਹੀ ਪਾਸਨ ਕਵਹੂੰ ਭਾਖੇ ॥ ਪਰਗਟ ਹੋਣ ਤ ਕਹਿਣੀ ਸਹੀ ॥ ਉਤਨੀ ਦੇਰ ਆਖਣੀ ਨਹੀ ॥ ੧੪ ਨਗਰ ਤਰਫ ਨੂੰ ਸੀਸ ਨਵਾਯਾ। ਇਵ ਕਹਿ ਸਾਧੂ ਰੂਪ ਛੁਪਾਯਾ ॥ ਕਰਮ ਸਿੰਘ ਅਪਨੇ ਗ੍ਰਿਹਿ ਆਯੋ। ਬਚਨ ਸੁਪਤਨੀ ਕੋ ਸਮਝਾਯੋ ॥ ੧੫ ਰਾਖੋ ਗੁਪਤ ਨ ਭਾਖੋ ਕਵਹੀ। ਖੁਸ਼ੀ ਹੋਇ ਸਤਿਗੁਰ ਕੀ ਤਵਹੀ ॥ ਪਰਗਟ ਹੋਣ ਜਗਤ ਸਭ ਜਾਣੈ। ਫੇਰ ਬਚਨ ਇਹ ਆਖ ਬਖਾਣੈ ॥ ੧੬

## -ਃ ਦੋਹਰਾ ਃ-

ਫਿਰ ਅਪਨੇ ਗ੍ਰਿਹਿ ਆਇਕੇ ਅਨਗਨ ਕੀਨੋ ਦਾਨ।
ਜੇਤਕ ਆਵਨ ਮੰਗਤੇ ਮਨ ਬਾਂਛਤ ਲੈ ਜਾਨ ॥ ੧੭

## ਚਉਪਈ

ਵਹੁ ਭਿਛਕ ਸੁਣ ਆਵਤ ਭਏ। ਲਏ ਦਾਨ ਜਸ ਗਾਵਤ ਗਏ ॥ ਜੇਤਕ ਨਗਰ ਕੇ ਨਰ ਨਾਰ। ਦੇਤ ਬਧਾਈ ਅਪਰ ਅਪਾਰ ॥ ੧੮ ਕਰਮ ਸਿੰਘ ਜੀ ਪਿਤਾ ਪਿਆਰੇ। ਲੈ ਪਰਸਾਦ ਗਏ ਗੁਰਦ੍ਵਾਰੇ ॥ ਕਹਿਓ ਗ੍ਰੰਥੀ ਕੇ ਵਲ ਤਾਕ। ਗੁਰੂ ਗ੍ਰੰਥ ਕਾ ਲੇਵਹੁ ਵਾਕ ॥ ੧੯ ਨਾਮ ਧਰਨ ਹਿਤ ਸਬਦ ਸੁਨਾਯਾ ਆਦ ਅੱਖਰ ਤਬ ਐੜਾ ਆਯਾ ॥ ਅਤਰ ਸਿੰਘ ਤਵ ਧਰਿਆ ਨਾਮ। ਸੱਚਾ ਅਤਰ ਭਵਰ ਪਏ ਸਾਮ ॥ ੨੦ ਸਬਦ ਗੁਰੂ ਪੰਚਮ ਕੋ ਆਯੋ। ਮੈ ਸਮਝਣ ਹਿਤ ਅਗਰ ਲਖਾਯੋ ॥ ਸੋ ਸਾਖੀ ਗੁਰ ਭਾਖਤ ਭਏ ਅਤਰ ਸਿੰਘ ਸੂਰਾ ਲਿਖ ਗਏ ॥੨੧

## ਦੇਖੋ ਸ਼ਬਦ ਆਸਾ ਮਹਲਾ ॥ ੫ ॥

ਆਠ ਪਹਿਰ ਨਿਕਟ ਕਰਿ ਜਾਨੈ। ਪ੍ਰਭ ਕਾ ਕੀਆ ਮੀਠਾ ਮਾਨੈ ॥ ਏਕ ਨਾਮ ਸੰਤਨ ਅਧਾਰ। ਹੋਇ ਰਹੇ ਸਭ ਕੀ ਪਗ ਛਾਰ ॥ ੧ ਸੰਤ ਰਹਿਤ ਸੁਨਹੋ ਮੇਰੇ ਭਾਈ। ਉਆ ਕੀ ਮਹਿਮਾ ਕਥਨ ਨ ਜਾਈ ॥ ੨ ॥ ਰਹਾਉ ॥ ਬਰਤਣ ਜਾਕੈ ਕੇਵਲ ਨਾਮ। ਅਨਦ ਰੂਪ ਕੀਰਤਨੁ ਬਿਸਰਾਮ ॥ ਮਿਤਰ ਸਤਰ ਜਾਕੈ ਏਕ ਸਮਾਨੈ। ਪ੍ਰਭ ਅਪਨੇ ਬਿਨ ਅਵਰ ਨਾ ਜਾਨੈ ॥ ੨ ॥ ਕੋਟਿ ਕੋਟਿ ਅਘ ਕਾਟਨ ਹਾਰਾ। ਦੁਖ ਦੂਰ ਕਰਨ ਜੀ ਕੇ ਦਾਤਾਰਾ ॥ ਸੂਰਬੀਰ ਬਚਨ ਕੇ ਬਲੀ। ਕੌਲਾ ਬਪਰੀ ਸੰਤੀ ਛਲੀ ॥ ੩ ਤਾਕਾ ਸੰਗ ਬਾਛੈ ਸੁਰ ਦੇਵ। ਅਮੋਘ ਬਰਸਨ ਸਫਲ ਜਾਕੀ ਸੇਵ ॥ ਕਰ ਜੋੜਿ ਨਾਨਕੁ ਕਰੇ ਅਰਦਾਸਿ। ਮੁਹਿ ਸੰਤ ਟਹਿਲ ਦੀਜੈ ਗੁਣ ਤਾਸ ॥ ੪ ॥

## ਫੇਰ ਸੰਤਾਂ ਦੇ ਮੁਖ ਸੰਸਕਾਰ ਅੰਮ੍ਰਿਤ ਪਾਇਆ ॥ [ਦੋਹਰਾ]

ਜੋ ਰੀਤੀ ਗੁਰ ਘਰ ਵਿਖੇ ਸਗਰੀ ਕਰੀ ਬਿਚਾਰ। ਸੰਸਕਾਰ ਅੰਮ੍ਰਿਤਵੈ ਕੀਨੋ ਤੁਰਤ ਤਿਆਰ ॥ ੨੨ ॥

---

‡ ਗੁਰਵਾਕ। ਵਾਹਿਉਸਾਰੈ ਉਸਰੇਵਾਹੈ। ਸਰਭਰ ਸੋਖੈਭੀ ਭਰਪੋਖੈ ਸਮਰਥਬੇਪਰਵਾ ਹੈ

## । ਚਉਪਈ ।

ਸ੍ਰੀ ਸੰਤਨ ਮੁਖਿ ਅੰਮ੍ਰਿਤ ਪਾਇਆ । ਗੁਰੂ ਗ੍ਰੰਥ ਕਾ ਪਾਠ ਰਖਾਯਾ ॥ ਨੌਮੇ ਦਿਨ ਫੇਰ ਭੋਗ ਪਾਇਕੇ । ਮਾਯਾ ਬਸਤਰ ਭੇਟ ਚੜ੍ਹਾਕੇ ॥ ੨੩ ॥ ਕੀਨੋ ਯਗ ਅਤੁਟਿ ਅਪਾਰ ॥ ਮੰਗਲ ਗਾਵੇ ਮਿਲ ਨਰ ਨਾਰ ॥ ਕੁਲ ਪਰਵਾਰ ਖੁਸ਼ੀ ਬਹੁ ਕਰੀ । ਧੰਨ ਧੰਨ ਬਡ ਭਾਗੀ ਘਰੀ ॥ ੨੪ ॥

## ਦੋਹਰਾ

ਜੋ ਜੋ ਸਾਕ ਸਕਿਰੀਆਂ ਸਭ ਹੀ ਆਵਨ ਪਾਸ । ਬਸਤਰ ਭੂਖਣ ਲਿਆਵੰਦੇ ਮਨ ਮਹਿ ਬਹੁਤ ਹੁਲਾਸ ॥ ੨੫

## । ਚਉਪਈ ।

ਕਰਮ ਸਿੰਘ ਕੇ ਭੈਣਾ ਚਾਰ । ਤਿਨਕੇ ਸੁਣੀਐ ਨਾਮ ਉਦਾਰ ॥ ਬੱਡੀ ਕਰਮ ਕੌਰ ਜੀ ਜਾਨੋ । ਦੂਜੀ ਜੀਵਨ ਕੌਰ ਬਖਾਨੋ ॥ ੨੬ ॥ ਤੀਜੀ ਪਰੇਮਕੌਰ ਜੀ ਗਾਈ ॥ ਚੌਥੀ ਬੀਬਾਂ ਕੌਰ ਸੁਨਾਈ ॥ ਚਾਰੇ ਆਈਆਂ ਖੁਸ਼ੀ ਮਨਾਇ । ਬਸਤ੍ਰ ਭੂਖਣ ਦੀਨੋ ਲਿਆਇ ॥ ੨੭ ਸ੍ਰੀ ਸੰਤਨ ਕੋ ਕੁੱਛੜ ਲੇਵਨ । ਭਾਂਤ ਭਾਂਤ ਲੋਰੀ ਬਹੁ ਦੇਵਨ ॥ ਕਵਹੀ ਆਖਨ ਰਾਮ ਉਤਾਰੀ । ਕਵਹੀ ਆਖਨ ਕਾਹਨ ਮੁਰਾਰੀ ॥ ੨੮ ॥ ਦਾਈ ਕੋ ਮਿਲ ਪੁਛਨ ਕੀਨਾ । ਜਬ ਇਸ ਬਾਲਕ ਨੇ ਭਵ ਲੀਨਾ ॥ ਕੀਕੀ ਕੌਤਕ ਚੋਜ ਦਖਾਏ । ਸਭ ਹੀ ਮੁਝਕੋ ਭਾਖ ਸੁਨਾਏ ॥ ੨੯ ॥ ਸੁਣ ਕਰ ਦਾਈ ਬੋਲਤ ਭਈ । ਹਮਰੀ ਸੁਧ ਬੁਧ ਭੁਲ ਗਈ ॥ ਜਬ ਇਸ ਬਾਲਕ ਮੁਖ ਦਿਖਾਯੋ । ਜਾਣੋ ਕੋਟ ਭਾਨ ਚੜ੍ਹ ਆਯੋ ॥ ੩੦ ॥ ਘਰ ਭੀਤਰ ਹੋਯੋ ਪਰਕਾਸ਼ਾ । ਕਥਨ ਨ ਜਾਈ ਅਜਬ ਤਮਾਸ਼ਾ ॥ ਜੈ ਜੈ ਕਾਰ ਸਬਦ ਧੁਨ ਹੋਈ ਪਰੀਆ ਆਵਨ ਫੂਲ ਪਰੋਈ ॥ ੩੧ ॥ ਇਸ ਬਿਧ ਬਹੁਤ ਵਾਰਤਾ ਭਾਖੀ ॥ ਖੁਸ਼ੀ ਭਏ ਸਧ ਸੁਣ ਸੁਣ ਸਾਖੀ ॥ ਕਿਤਨੇ ਦੋ ਭਟ ਪਹੁਚੇ ਆਨ । ਉਸਤਤ ਕਰ ਤਿਨ ਲੀਨੋ ਦਾਨ ॥ ੩੨

## ਧਰਤੀ ਦੀ ਪਕਾਰ ਸੁਣੀ ਗਈ ॥ ਪਉੜੀ ॥

ਕਰੇ ਪੁਕਾਰ ਪਿਰਥਮੀ ਬਹੁਤੀ ਦੁਖਿਆਰੀ । ਸੁਣੀ ਪੁਕਾਰ ਅਕਾਲ ਨੇ ਦੁਖੀਏ ਸੰਸਾਰੀ ਸੰਤ ਰੂਪ ਤਨ ਧਾਰਿਆ ਭਾਵੇ ਉਪਕਾਰੀ । ਆਣ ਨਿਵਾਈ ਪਿਰਥਮੀ ਕਦਮਾਂ ਤੇ ਸਾਰੀ ਜਿਨ ਜਿਨ ਦਰਸ਼ਨ ਦੇਖਿਆ ਲਹਿਗਈ ਖੁਮਾਰੀ । ਸੂਰਬੀਰ ਜਨ ਅਤਰ ਸਿੰਘ ਭੁਏ ਸੰਤ ਉਤਾਰੀ । ਘਰ ਘਰ ਮੰਗਲ ਹੋਰਿਹਾ ਗਾਵਨ ਨਰ ਨਾਰੀ । ਹੇ ਪ੍ਰੀਤਮ ਤੁਮ ਧੰਨ ਹੌਂ ਜਾਵਾਂ ਬਲਿਹਾਰੀ ॥ ੩੩

## ਕਵਿਓ ਵਾਚ ਸੁਵੈਯੇ ॥

ਜੋ ਉਪਦੇਸ਼ ਦਯੋ ਗੁਰ ਨਾਨਕ ਜੋ ਉਪਦੇਸ ਦਸੋਂ ਗੁਰ ਕੰਤਾ ॥ ਸੋ ਗੁਰ ਪੰਥ ਕਮਾਵਤ ਹੈ ਸੁਖ ਪਾਵਤ ਹੈ ਸਭ ਦੋਖਨ ਹੰਤਾ ॥ ਰਾਤਿ ਢਲੀ ਅਸ਼ਨਾਨ ਕਰੇ ਮਨ ਲਾਇ ਜਪੇ

Sri Satguru Jagjit Singh Ji eLibrary NamdhariElibrary@gmail.com

ਗੁਰ ਕੋ ਸੁਭ ਮੰਤ੍ਰਾ ॥ ਸੋ ਉਪਦੇਸ਼ਦ੍ਰਿੜਾਵਣ ਕੇ ਅਤਰ ਸਿੰਘ ਭਏ ਜਗਪੂਰਨ ਸੰਤਾ॥ ੩੪ ਜਾਂ ਕਲਘੋਰ ਭਯੋ ਜਗ ਭੀਤਰ ਭੇਖ ਅਨੇਕ ਚਲੇ ਜਗ ਮਾਹੀ ॥ ਸਾਧ ਕਹਾਇ ਕੁਚਾਲ ਚਲੇ ਸੁਭ ਮਾਰਗ ਮੈ ਪਗ ਪਾਵਤ ਨਾਹੀ॥ ਲਾਇ ਭਬੂਤ ਫਿਰੇ ਜਗ ਭੀਤਰ ਰਾਂਡਨ ਕੇ ਬਹੁ ਗਰਭ ਗਰਾਹੀ ॥ ਤਾਂ ਜੱਗ ਤਾਰਕ ਸੰਤ ਭਲੇ ਅਤਰ ਸਿੰਘ ਭਏ ਹਰਿ ਨੂਰ ਅਲਾਹੀ ॥ ੩੫ ॥ ਜਾਂ ਕਲਮੈ ਮਲ ਪਾਪ ਬਧੇ ਤਵ ਨਾਮ ਹਰੀ ਬਿਰਲਾ ਜਨ ਜਾਪੇ। ਜੋਗ ਸਨਿਯਾਸ ਉਦਾਸਨ ਕੇ ਝੂੰਡ ਡਿੰਭ ਧਰੇ ਜਗਨੇ ਗੁਰ ਥਾਪੇ ਔਰਨ ਕੋ ਨਹਿ ਤਾਰ ਸਕੇ ਜੜ੍ਹ ਆਪ ਹੰਕਾਰ ਮਹਾ ਮਧ ਖਾਪੇ ॥ ਤਾਂ ਜਗ ਨਾਮ ਜੁਪਾਵਣ ਕੋ ਅਤਰ ਸਿੰਘ ਭਏ ਭਵ ਤਾਰਨ ਆਪੇ ॥ ੩੬ ॥ ਜਾਂ ਜੱਗ ਕੌਤਕ ਹੋਤ ਭਏ ਨਰ ਨਾਰ ਛਨਾਰ ਨਚਾਵਣ ਲਾਗੇ ॥ ਮਾਸ ਸ਼ਰਾਬ ਛਕੇ ਜਨ ਕੇਟਕ ਫੋਕਿਟ ਕਾਮ ਕੁਮਾਵਨ ਠਾਗੇ । ਕੇਟਕ ਜਾਇ ਮਸਾਨ ਮਨਾਵਤ । ਕੋਟਿਕ ਤੀਰਥ ਨ੍ਹਾਵਣ ਭਾਗੇ ਤਾਂ ਜਗਤਾਰਕ ਸੰਤ ਹਰੀ ਅਤਰ ਸਿੰਘ ਦੁਵਾਰ ਲਗਾਵਣ ਜਾਗੇ ॥ ੩੭ ॥ ਭੇਖ ਪਖੰਡ ਬਧੇ ਜਗ ਭੀਤਰ ਸਿੰਘ ਦਿਸੇ ਬਿਰਲੋ ਜੱਗ ਕੋਈ ॥ ਤੀਰਥ ਔ ਸੁਭ ਥਾਨਨ ਮੈ ਬਿਭਚਾਰ ਕੁਰੀਤ ਪੁਜਾਰ ਖਲੋਈ ॥ ਔਰਨ ਕੀ ਉਪਦੇਸ਼ ਕਰੇ ਜਿਨ ਕੇ ਦਿਲ ਭੀਤਰ ਲਾਲਚ ਹੋਈ ॥ ਤਾਂ ਜਗ ਨਾਮ ਜਪਾਵਨ ਕੇ ਅਤਰ ਸਿੰਘ ਭਏ ਜੱਗ ਪੂਰਨ ਸੋਈ ॥ ੩੮ ॥ ਕੀਰਤ ਕੀ ਜਗ ਰੀਤ ਘਟੀ ਤੁਛ ਰਾਗ ਕਰੇ ਨਰ ਲਾਲਚ ਧਾਰੀ ॥ ਕਾਰਨ ਪੇਟ ਜੁ ਪਾਠ ਪੜ੍ਹੇ ਗੁਰਧਾਮ ਬਸੇ ਬਿਭਚਾਰ ਪੁਜਾਰੀ॥ ਤਾ ਜਗ ਨਾਮ ਜੁਪਾਵਨ ਕੋ ਅਤਰ ਸਿੰਘ ਭਏ ਜਨ ਸੰਤ ਉਤਾਰੀ ॥ ਕੀਰਤ ਕੀ ਧੁਨ ਲਾਗ ਰਹੀ ਮਿਲ ਗੈਨ ਕਰੇ ਹਰ ਕੋ ਨਰ ਨਾਰੀ ॥ ੩੯ ॥ ਰਾਜਨ ਕੇ ਸਿਰ ਰਾਜ ਭਏ ਸਭ ਜੋਗਨ ਕੇ ਸਿਰ ਜੋਗ ਕਮਾਯੋ ॥ ਦੇਵ ਮਿਲੇ ਸੁਰ ਰਾਜ ਮਿਲੇ ਸ਼ਿਵ ਤੇ ਬਿਸ਼ਨੂੰ ਮਿਲਕੇ ਜਸ ਗਾਯੋ ॥ ਸੇਸ਼ ਗਣੇਸ਼ ਦਿਨੇਸ਼ ਮਿਲੇ ਮਿਲ ਦੇਵ ਬਰੰਗਨ ਫੂਲ ਬ੍ਰਸਾਯੋ ॥ ਭੂੰਮ ਪੁਕਾਰ ਕਰੀ ਹਰਿ ਪੈ ਅਤਰ ਸਿੰਘ ਹਰੀ ਜਗ ਤਾਰਨ ਆਯੋ॥ ੪੦

## ਸੰਤ ਮਹਾਰਾਜ ਜੀ ਕੇ ਮਸਤਕ ਵਿਚ ਸੁਫੈਦ ਟਿੱਕਾ ਇਕ ਰੁਪਏ ਜਿਤਨਾ ਸੀ ॥ ਪਉੜੀ ॥

ਮਸਤਕ ਦੇ ਵਿਚ ਚਿਨ੍ਹ ਜੋ ਚਿੱਟਾ ਸੁਭ ਇੱਕਾ ॥ ਜਾਣੋ ਸਭਨੂੰ ਜਾਪਦਾ ਦਰਗਾਹੀ ਟਿੱਕਾ ॥ ਸੁੰਦਰ ਮੁਖੜਾ ਦੇਖਕੇ ਚੰਦ ਲਗਦਾ ਫਿੱਕਾ ॥ ਪਰਸ ਰਾਮ ਦਾ ਤੇਜ ਜਿਵੇਂ ਰਘਵਰ ਨੇ ਛਿੱਕਾ ॥ ਜਿਉ ਕਰ ਸੂਰਜ ਚੜ੍ਹੇ ਤੋਂ ਤਾਰਾ ਗਣ ਨਿੱਕਾ ॥ ਭੇਖੀ ਦੰਭੀ ਛੁਪ ਗਏ ਜੋ ਕੂੜਾ ਸਿੱਕਾ ॥ ੪੧ ॥

## ਇਤ ਸਿਰੀ ਸੰਤ ਬਲਾਸ ਉਵਸਥੇ ਸੰਤ ਅਤਰ ਸਿੰਘ ਮਹਾਰਾਜ ਕੇ ਅਵਤਾਰ ਧਾਰਨ ਪ੍ਰਸੰਗ ਵਰਨਨ ਨਾਮ ਤੀਸਰੋ ਧਿਆਇ ॥ ੩

Sri Satguru Jagjit Singh Ji eLibrary NamdhariElibrary@gmail.com

## ॥ ਦੋਹਰਾ ॥

ਬਾਲ ਰੂਪ ਜਨ ਸੰਤ ਕੀ ਸੁਣੋ ਸਰੋਤਾ ਗਾਥ । ਜਿਉ ਗੋਲਤ ਲਘ ਤਨ ਵਿਖੇ ਦੀਨ ਦੁਨੀ ਕੇ ਨਾਥ ॥ ੧ ॥

## ਃ ਸੁਵਯਾ ਃ

ਸੋਹਤ ਪਾਲਨ ਬੀਚ ਪਏਜਿਵ ਸੇਸਨ ਸੇਜ ਪਏ ਲਛ ਕੰਤਾ। ਤਾਰਨ ਕਾਰਨ ਜੀਵ ਕਲੀ ਹਰਿ ਆਪ ਸਰੂਪ ਧਰੇ ਜਗ ਸੰਤਾ । ਆਠਹੁ ਜਾਮ ਰਹੇ ਖੁਸ਼ਹਾਲ ਪਿਖੇ ਜਨ ਜੋਇ ਕਰੈ ਦੁਖ ਹੰਤਾ। ਜਾਂ ਕੁਲ ਬੀਚ ਨਿਵਾਸ ਲਯੋ ਕਵਿ ਭਾਖਤ ਸੋ ਕੁਲ ਹੈ ਧਨ ਵੰਤਾ ॥ ੨ ॥ ਜਾਮਨ ਜਾਮ ਰਹੈ ਜਵ ਹੀ ਉਠ ਮਾਤਿ ਸਿਨਾਨ ਕਰੈ ਪਰਭਾਤੇ। ਬਾਲਕ ਕੋ ਇਸਨਾਨ ਕਰਾਵਤ ਦਾਤ ਕਹੈ ਤੁਮਰੀ ਜਗ ਦਾਤੇ । ਬੈਠ ਰਰੈ ਮੁਖ ਨਾਮ ਹਰੀ ਮਨ ਸਾਧ ਗੁਰੂ ਚਰਨਾ ਸੰਗ ਲਾਤੇ। ਫੇਰ ਬਿਹਾਰ ਕਰੈਘਰ ਕੋ ਗੁਨ ਗਾਵਤਹੀ ਗੁਜਰਾਨ ਕਰਾਤੇ ॥ ੩ ॥ ਆਰਵਲਾ ਖਟ ਮਾਸ ਭਈ ਇਕ ਰਾਤ ਵਿਖੇ ਸ਼ੁਭ ਕੌਤਕ ਕੀਨਾ । ਮਾਤ ਭਈ ਜਬ ਗੁੜ੍ਹਤ ਨੀਂਦ੍ਰਾ ਆਪ ਉਠੇ ਧਰ ਰੂਪ ਨਵੀਨਾ। ਰਾਗ ਕਰੇ ਮਿਲ ਦੇਵਪਰੀ ਤਿਨ ਮਾਝਿ ਸੁ ਬੈਠ ਹਰੀ ਰਸ ਲੀਨਾ। ਜਾਂ ਸੁਰ ਸੀਸ ਨਵਿ ਇ ਚਲੇ ਛਣਕਾਟ ਭਯੋ ਡਰ ਮਾਤ ਲਗੀਨਾ ॥ ੪ ॥ ਮਾਤ ਕਹੈ ਪਤਿ ਸੋਂ ਸੁਨੀਐ ਪਤਿ ਤੈਂ ਨਾ ਪਿਖੋ ਭਰਪੂਰ ਉਜਾਲਾ । ਦੇਵਪਰੀ ਮਿਲ ਗੈਨ ਕਰੈ ਸੁਤ ਬੈਠਿ ਸੁਨੈ ਧਰ ਰੂਪ ਨਿਰਾਲਾ। ਕੇ ਸਮਝੇ ਸੁਫਨਾ ਸਮਝੇ ਪਤਿ ਜਾਗ ਖੁਲੀ ਹਮਰੀ ਤਤਕਾਲਾ । ਜੋ ਤੁਝ ਵਾਕ ਕਹੇ ਸੁਨ ਸੰਤਨ ਸੋ ਪਰਤੱਖ ਕਰੇ ਸਭ ਵਾਲਾ ॥ ੫

## -ਃ ਦੋਹਰਾ ਃ-

ਮਾਤਾ ਕੌਤਕ ਦੇਖਕੇ ਵਈ ਚਿੱਤ ਬਿਸਮਾਦ। ਮਾਯਾ ਡਾਰੀ ਮਾਤ ਤੇ ਧਰਯੋ ਰੂਪ ਜੋ ਆਦ ॥ ੩ ॥

## ਚਉਪਈ

ਜਵੈ ਮਾਤ ਪੁਰ ਡਾਰੀ ਮਾਯਾ। ਲਖੇ ਮਾਤ ਮੁਹਿ ਸੁਫਨਾ ਆਯਾ ॥ ਹੋਇ ਅਚਿੰਤ ਨਾਮ ਲਿਵ ਲਾਈ । ਤੀਨ ਜਾਮ ਤਬ ਨਿਸਾ ਬਿਤਾਈ ॥ ੭ ॥ ਉਠੀ ਮਾਤ ਕਰਯੋ ਇਸਨਾਨਾ । ਸੁਤ ਕੋ ਭੀ ਇਸਨਾਨ ਕਰਾਨਾ । ਇਸੀ ਭਾਂਤ ਕੁਝ ਦਿਵਸ ਬਿਤਾਏ । ਕਈ ਬਾਰ ਸੁਭ ਚੋਜ ਦਿਖਾਏ ॥ ੮ ॥ ਲੀਲਾ ਕਛੂ ਲਿਖੀ ਨਹਿ ਜਾਈ। ਮਾਯਾ ਡਾਰ ਦੇਣ ਭਰਮਾਈ ॥ ਖਟ ਮਾਸ ਫਿਰ ਔਰ ਬਿਤਾਏ । ਤਵ ਦਿਨ ਬਰਹੋ ਰੀਂਢ ਕੇ ਆਏ ॥ ੯

## ਛੰਦ

ਅੰਗਣ ਬਰਸੇ ਰੰਗ ਭਏ ਜਬ ਸਾਲਕੇ । ਤੁਰਦੇ ਜਾਨੂ ਸੰਗ ਧਰਤ ਪੁਰ ਝਾਲਕੇ । ਧੂਰ ਲਪੇਟੇ ਅੰਗ ਦਮਕ ਸਮਲਾਲਕੇ। ਸਭ ਜਨ ਹੁੰਦੇ ਦੰਗ ਸਰੂਪ ਨਿਹਾਲਕੇ। ਖੇਲਣ ਮਿਲ

ਮਿਲ ਸੰਗ ਹੋਰ ਕਈ ਬਾਲਕੇ। ਕਰਨ ਕਟੋਰਾ ਭੰਗ ਮਾਰ ਵਿਚ ਬਾਲਕੇ। ਦੌੜਨ ਫੇਰ ਉਮੰਗ ਸਰੀਰ ਉਛਾਲਕੇ। ਸੂਰਜ ਤ੍ਰਿਆਗੀ ਹੰਗ ਦੇਖ ਵਲ ਭਾਲਕੇ ॥ ੧੦

## ਤ੍ਰਿਭੰਗੀ ਛੰਦ

ਰੁਢ ਭੱਜਨ ਨੱਸਣ ਬਹੁਤ ਬਿਗੱਸਣ ਖਿਲ ਖਿਲ ਹੱਸਣ ਬਹੁ ਰੰਗੀ। ਚੁੱਕਣ ਨਰ ਨਾਰੀ ਜਾਵਣ ਬਾਰੀ ਮੂਰਤ ਧਾਰੀ ਬਹੁ ਚੰਗੀ। ਸਭ ਸੇ ਮਿਲ ਜਾਵਣ ਮੋਧ ਬਢਾ– ਵਣ ਮਨ ਕੋ ਭਾਵਣ ਭੁਜ ਅੰਗੀ। ਕਵ ਸਿੰਘ ਨਿਰੈਲਾ ਬੋਲਤ ਬੈਨਾ ਛੰਦ ਜੁ ਗੈਨਾ ਤਿਰਭੰਗੀ ॥ ੧੧ ॥ ਮੁਖ ਕਿਰਨਾ ਝਰਨੰ ਰੂਪ ਸਵਰਨੰ ਬਲ ਬਲ ਕਰਨੰ ਸਭ ਲੋਗਾ ਸਭ ਕੋਮਲ ਅੰਗਾ ਤੇਜ ਅਭੰਗਾ ਮਸਤਕ ਚੰਗਾ ਤਜ ਸੋਗਾ। ਮੁਖ ਝਮਕਤ ਲਾਲੀ ਜੋਤ ਅਕਾਲੀ ਦਿਸੇ ਨਰਾਲੀ ਬਿਨ ਰੋਗਾ। ਸਭ ਕਹਨ ਉਚਾਰੀ ਭਯਾ ਉਤਾਰੀ ਪੂਰਬ ਕਰ ਜੋਗਾ ॥ ੧੨

## ਸੁਵਯਾ

ਨੀਰ ਲਏ ਜਨਨੀ ਤਨ ਧੋਵਤ ਚੀਰ ਨਵੀਨ ਸੁ ਅੰਗ ਪਹਿਨਾਏ। ਗੋਦ ਬਰਾਵਤ ਲਾਡ ਲਡਾਵਤ ਚੁੰਮਤ ਭਾਲ ਸੁ ਮੋਧ ਬਢਾਏ ॥ ਸੁੰਦਰ ਹੈ ਮੁਖ ਜੋ ਕਮਲਾਸਮ ਕੰਟਕ ਤੇ ਛਵ ਦੇਣ ਨ ਜਾਏ ॥ ਤੋ ਸਮ ਆਨਨ ਹੋਰ ਨਹੀ ਜੱਗ ਸਾਂਤ ਸਰੂਪ ਹਰੀ ਜਨ ਆਏ ॥ ੧੩

## ॥ ਦੋਹਰਾ ॥

ਬਰਹੇ ਗੰਢ ਕੇ ਦਿਵਸ ਕੀ ਗਿਰਾ ਕਹੂੰ ਮਨ ਲਾਇ ॥
ਪੜੈ ਸੁਨੈ ਜੋ ਪ੍ਰੀਤ ਸੇ ਸੋ ਨਹਿ ਜਮ ਪੁਰ ਜਾਏ ॥ ੧੪

## ॥ ਚਉਪਈ ॥

ਤਾਤ ਮਾਤ ਸੰਤਨ ਕੇ ਜੋਈ ॥ ਦੰਪਤਿ ਬੈਠ ਬਿਚਾਰਤ ਸੋਈ ॥ ਬਰਹੇ ਗੰਡ ਬਾਲਕ ਕੀ ਕਰੀਏ। ਗੁਰੂ ਗ੍ਰੰਥ ਕਾ ਪਾਠ ਜਿ ਧਰੀਏ। ੧੫। ਇਸ ਬਿਧ ਬੈਠ ਮਤਾ ਕਰ ਪਾਸ ॥ ਇਸ ਬਿਧ ਬੈਠ ਮਾਤਾ ਕਰ ਪਾਸ। ਗੁਜਰੀ ਰੈਣ ਸੁਖਾਂ ਦੀ ਰਾਸ। ਦਿਵਸ ਦੂਸਰੇ ਉਠ ਸਵੇਰੇ। ਕਰਮ ਸਿੰਘ ਗਾ ਸੰਤਨ ਡੇਰੇ ॥ ੨੬ ॥ ਦੋ ਕਰ ਜੋੜ ਬੇਨਤੀ ਠਾਨੀ ਹਮਰੇ ਗ੍ਰਿਹਿ ਪੜੀਹਿਸਿ ਗੁਰਬਾਨੀ ॥ ਬੂਟਾ ਸਿੰਘ ਸੰਤ ਕੋ ਨਾਮਾ। ਆਯੇ ਕਰਮ ਸਿੰਘ ਕੇ ਧਾਮਾ ॥ ੧੭ ॥ ਸ੍ਰੀ ਮਾਤਾ ਘਰ ਲੇਪਨ ਦੀਨਾ। ਤਖਤ ਡਸਾਯੋ ਆਣ ਨਵੀਨਾ। ਸੁੰਦਰ ਤਨਯੋ ਬਹੁਰ ਚਦੋਆ। ਸਿੰਘਨ ਜਥਾ ਇਕੱਤਰ ਹੋਆ ॥ ੧੮ ॥ ਢੋਲਕ ਤਾਲ ਬਜਾਵਤ ਆਏ। ਬਹੁਰੋ ਗੁਰੂ ਗ੍ਰੰਥ ਲਿਆਏ। ਚਲੇ ਆਤ ਗੁਰਬਾਣੀ ਗਾਵੈ। ਜੋ ਪੇਖੈ ਉਠ ਸੀਸ ਨਵਾਵੈ ॥ ੧੯ ॥ ਅੰਬਰ ਸ੍ਰਛ ਬਛਾਵਨ ਕਰਿਓ। ਗੁਰੂ ਗ੍ਰੰਥ ਅਬਾਪਤ ਧਰਿਓ ॥ ਖੜੇ ਹੋਏ ਕੀਨੇ ਅਰਦਾਸਾ। ਗੁਰੂ ਗ੍ਰੰਥ ਕੀਨੋ ਪ੍ਰਕਾਸਾ ॥੨੦

ਧਰਿਓ ਪਾਠ ਦੇਗ ਬਰਤਾਈ । ਸਾਤ ਦਿਵਸ ਪਾਵਿਯੋ ਲਿਵ ਲਾਈ । ਚੇਤ ਸੁਦੀ ਏਕਮ ਤਿਥ ਆਈ । ਜਿਤ ਜਨਮੇ ਸਭਕੇ ਸੁਖਦਾਈ । ੨੧ । ਸਗਲ ਸੁਮਘਰੀ ਕਰੀ ਤਿਆਰ ਮਿਲ ਗਾਈ ਆਸਾ ਦੀ ਵਾਰ । ਗੁਰੂ ਗ੍ਰੰਥ ਕਾ ਭੋਗ ਪੁਵਾਯੋ । ਮਾਯਾ ਬਸਤਰ ਭੇਟ ਚੜ੍ਹਾਯੋ ॥ ੨੨ ॥ ਕਰ ਅਰਦਾਸ ਦੇਗ ਬਰਤਾਈ । ਨਰ ਨਾਰੀ ਮਿਲ ਉਸਤਤਿ ਗਾਈ । ਚਾਵਲ ਦੁਧ ਖੀਰ ਬਣਵਾਈ । ਪੰਗਤ ਲਾਇ ਬਹੁਰ ਬਰਤਾਈ ॥ ੨੩ ॥ ਦਿਨ ਭਰ ਬਰਤਤ ਰਹੋ ਭੰਡਾਰਾ । ਛਕ ਛਕ ਜਾਹਿ ਗਰੀਬ ਅਪਾਰਾ ॥ ਸਾਲ ਬਿਤੇ ਜਬ ਇਹ ਦਿਨ ਆਵਤ । ਇਸੀ ਭਾਂਤ ਹਰਿ ਸਾਲ ਕਰਾਵਤ ॥ ਅਬ ਇਸ ਦਿਨ ਕਉ ਮੇਲਾ ਲਾਵਤ । ਦੇਸ ਬਦੇਸੋਂ ਸੰਗਤ ਆਵਤ ॥ ਸੁੰਦਰ ਬਣਿਆ ਮੰਦਰ ਤਾਲ । ਜੋ ਪਰਸੈ ਤਿਸ ਕਰੇ ਨਿਹਾਲ ॥ ੨੫ ॥

## ਕਵਿਓ ਵਾਚ । ਕਬਿੱਤ

ਕਾਹਣਾ ਕਰਨ ਗੁਰੂ ਹਰਨ ਕੁਮਤ ਸਭ ਭਰਨ ਸੁਮੱਤ ਤਾਂਨ ਵੀਨ ਛੰਦ ਰਚੀਏ ।
ਸਰਨਾ ਦੇ ਪਾਲ ਸਦ ਅਰਨਾ ਦੇ ਕਾਲ ਸਦ ਚਰਨ ਜਹਾਜ ਬਹਿ ਤਰਨਾ ਤੋਂ ਬਚੀਏ ।
ਰਰਨਾ ਜੋ ਮੁਖ ਨਾਮ ਪਰਨਾ ਨ ਜਮਧਾਮ ਡਰਨਾ ਨ ਕਾਲਤੇ ਅਕਾਲ ਸੰਗ ਖਚੀਏ ।
ਸਤਿ ੨ ਸਾਧਬਾਣੀਆਖਦੀਨਰੈਣਸਿੰਘਾਂ ਸਾਧਕੀ ਸਰਨ ਅਗਾਈਰਖਾ ਨ ਮਚੀਏ । ੨੬

## ਸੰਤ ਮਹਾਰਾਜ ਕੀ ਆਯੂ ਦੂਸਰਾ ਸਾਲ ਸ਼ੁਰੂ ਭਯਾ ਅੜਿਲ ਛੰਦ

ਸਨੇ ਸਨੇ ਸਭ ਦਿਵਸ ਬਤੀਤੇ ਜਾਂਵਦੇ । ਦਰਸਣ ਕਰ ਨਰ ਨਾਰ ਸਭੇ ਸੁਖ ਪਾਂਵਦੇ ॥
ਆਯੋ ਜੋਗੀਰਾਜ ਆਪ ਤਨ ਧਾਰਕੇ । ਹੋ ਮਾਤਾ ਜੈ ਬਲਿਹਾਰ ਸਰੂਪ ਨਿਹਾਰਕੇ । ੨੭
ਧਨਖ ਜਿਵੇਂ ਭਰਵਟੇ ਸੁੰਦਰ ਸੋਹਿੰਦੇ । ਕਵਲ ਜਿਵੇ ਜੁਗ ਨੈਨ ਚਿਤ ਕੋ ਮੋਹਿੰਦੇ ॥
ਟਿੱਕਾ ਮਸਤਕ ਧੁਰੋਂ ਹੁਕਮ ਕਰਤਾਰਕੇ । ਹੋ ਮਾਤਾ ਜੈ ਬਲਿਹਾਰ ਸਰੂਪ ਨਿਹਾਰਕੇ । ੨੮
ਹਮੂੰ ੨ ਜਬ ਕਰਣ ਸੁਹਾਵਣ ਦੰਦੀਆਂ । ਜਾਣੋ ਹੀਰੇ ਲੜੀ ਕਤਾਰਾਂ ਬੰਧੀਆਂ ।
ਤੋਤਲ ਬੋਲਣ ਬੈਣ ਜੁ ਮੁੱਖੋਂ ਪੁਕਾਰਕੇ । ਹੋ ਮਾਤਾ ਜੈ ਬਲਿਹਾਰ ਸਰੂਪਨਿਹਾਰਕੇ ॥ ੨੯
ਜਰੀ ਰੁਮਾਲੇ ਜਰੀ ਜੁਬਦਾ ਸੀਸ ਕੇ । ਪੈਰੀਂ ਪੌਂਦੇ ਸੁਹਨ ਸਿਰੀ ਜਗਦੀਸਕੇ ॥
ਗਰਦਣ ਲਬੇ ਹੁਲਾਰਾ ਤੁਰਨ ਹੁਲਾਰਕੇ । ਹੋਮਾਤਾ ਜੈ ਬਲਿਹਾਰ ਸਰੂਪ ਨਿਹਾਰਕੇ । ੩੦
ਕਲਗੀ ਜਿਵੇਂ ਲਟੂਹਾਂ ਕੇਸਾਂ ਕਾਲਿਆਂ । ਜਾਣੋ ਸੁੰਦਰ ਕਵਲ ਸੁ ਭਵਰਾ ਛਲਿਆ ॥
ਸਭ ਹੀ ਕੰਠ ਲਗਾਵਨ ਚੁਕ ਉਭਾਰਕੇ । ਹੋਮਾਤਾ ਜੈ ਬਲਿਹਾਰ ਸਰੂਪ ਨਿਹਾਰਕੇ ॥ ੩੧
ਬਸਤਰ ਭੁਖਣ ਪਾਵੈ ਮਾਤਾ ਵਾਲ ਦੇ । ਬੀਤ ਗਯੋ ਇਹ ਸਾਲ ਭਏ ਦੋ ਸਾਲਦੇ ।
ਬੇਬੇ ਬੀਰ ਖਿਲਾਵੈ ਭੁਜਾਂ ਪਸਾਰਕੇ । ਹੋ ਮਾਤਾ ਜੈ ਬਲਿਹਾਰ ਸਰੂਪ ਨਿਹਾਰਕੇ । ੩੨
ਮੱਖਣ ਦਹੀਂ ਖੁਲਾਵੈ ਸੁਹਣੇ ਤਾਤ ਨੂੰ । ਪੇਖ ਪੇਖ ਸੁਖ ਪਾਵੈ ਦਿਨ ਤੇ ਰਾਤ ਨੂੰ ॥
ਛੰਦ ਅੜਿਲ ਸੁਨਾਵੈ ਦਾਸ ਉਚਾਰਕੇ । ਹੋਮਾਤਾ ਜੈ ਬਲਿਹਾਰ ਸਰੂਪ ਨਿਹਾਰਕੇ । ੩੩

Sri Satguru Jagjit Singh Ji eLibrary NamdhariElibrary@gmail.com

## ॥ ਤੀਸਰਾ ਸਾਲ ਸ਼ੁਰੂ ਬੈਂਤ ॥

ਕਦੇ ਖੇਲਦੇ ਖੇਲਦੇ ਬਾਹਰ ਜਾਂਦੇ ਕਦੇ ਬੈਠਦੇ ਮਸਤੀਆਂ ਧਾਰਕੇ ਜੀ ॥
ਕਦੇ ਹਾਣੀਆਂ ਬਚਿਆਂ ਨਾਲ ਮਿਲਕੇ ਸਤਿ ਨਾਮ ਜਪੌਣ ਉਚਾਰ ਕੇ ਜੀ ॥
ਮਾਤਾ ਪੁੱਛਦੀਐ ਕਿਥੋਂ ਸਿਖਿਆਏ ਉਤਰ ਮਾਤ ਨੂੰ ਦੇਣ ਪੁਕਾਰ ਕੇ ਜੀ ॥
ਸਾਨੂੰ ਧੁਰੋਂ ਈਂ ਮਿਲੀ ਹੈ ਦਾਤ ਮਾਤਾ ਆਏ ਬਾਸਤੇ ਏਸ ਬੁਪਾਰ ਕੇ ਜੀ ॥
ਮਾਤਾ ਯਾਦ ਕਰਦੀ ਬਚਨ ਸਾਧੂਆਂ ਦੇ ਦੱਸ ਗਏ ਜੋ ਬਾਤ ਬੀਚਾਰ ਕੇ ਜੀ ॥
ਕਿਆ ਜਾਣੀਏ ਹੈ ਮਹਾਂਪੁਰਖ ਕੋਈ ਜਨਮ ਧਾਰਿਆ ਹੁਕਮ ਕਰਤਾਰ ਕੇ ਜੀ ॥
ਕਦੇ ਬੈਠਿਆ ਬਾਹਰ ਅਕੇਲਿਆਂ ਨੂੰ ਮਾਤਾ ਲੈ ਔਂਦੀ ਟੋਲ ਭਾਰ ਕੇ ਜੀ ॥
ਐਸੇ ਤੀਸਰਾ ਸਾਲ ਬਤੀਤ ਹੋਯਾ ਬਰਹੇ ਗੰਢ ਕੀਤੀ ਦਾਨ ਵਾਰਕੇ ਜੀ ॥

## ਚੌਥਾ ਸਾਲ ਸ਼ੁਰੂ ਬੈਂਤ

ਚੌਥਾ ਸਾਲ ਆਯਾ ਉਮਰ ਸੰਤ ਜੀ ਕੀ ਮਾਤਾ ਦੇਵੰਦੀ ਬੈਠਕੇ ਲੋਰੀਆਈਂ ॥
ਮੱਖਣ ਦਹੀਂ ਤੇ ਦੁਧ ਪਲਾਵਣੇ ਨੂੰ ਗਊਆਂ ਰਖੀਆਂ ਬਗੀਆਂ ਗੋਰੀਆਂਈ ॥
ਖੰਡ ਮਿਸਰੀਆਂ ਲੈ ਬਦਾਮ ਚੰਗੇ ਮਾਤਾ ਰੱਖਦੀ ਭਰਕੇ ਬੋਰੀਆਂਈ ॥
ਕਦੇ ਮੁਲਖ ਰਵਾਜ਼ ਦੇ ਵਾਂਗ ਮਾਤਾ ਚਾਹੇ ਪੌਣੀਆਂ ਸੱਗੀਆਂ ਡੋਰੀਆਂਈ ॥
ਅੱਗੋਂ ਹੱਸਕੇ ਸੰਤ ਜਬਾਵ ਦਿੰਦੇ ਗੱਲਾਂ ਆਖਦੇ ਮਿਠੀਆਂ ਕੋਰੀਆਂਈ ॥
ਮਾਤਾ ਭੋਲੀਏ ਸੱਗੀਆਂ ਸੋਨਿਆਂ ਨੇ ਰੂਹਾਂ ਰੱਬ ਤੋਂ ਕਈ ਬਿਛੋਰੀਆਂਈ ॥
ਸਾਨੂੰ ਇੱਕ ਸਿੰਗਾਰ ਦੀ ਲੋੜ ਮਾਤਾ ਦਿਲੋਂ ਨਾਲ ਪਰਮਾਤਮਾ ਜੋਰੀਆਂਈ ॥
ਸਾਡੇ ਸੀਸ ਦਸਤਾਰ ਸਜਾਇ ਮਾਤਾ ਜਿਵੇਂ ਸਤਿਗੁਰਾਂ ਰੀਤੀਆਂ ਤੋਰੀਆਂਈ ॥
ਉਚੀ ਮੱਤ ਦੇ ਬਚਨ ਬਲਾਸ ਕਰਕੇ ਨਾਲ ਬੱਚਿਆਂ ਖੇਡਦੇ ਹੋਰੀਆਂਈ ॥
ਮਿੱਟੀ ਇੱਕ ਦੂਜੇ ਉੱਤੇ ਪਾਇ ਦਿੰਦੇ ਕਦੇ ਦੌੜਦੇ ਗਲੀਆਂ ਮੋਰੀਆਂਈ ॥
ਮਾਤਾ ਦੇਖਦੀ ਦੌੜਦੇ ਫਿਰਦਿਆਂ ਨੂੰ ਦੇਖੇ ਚੰਦ ਨੂੰ ਜਿਵੇਂ ਚਕੋਰੀਆਂਈ ॥
ਐਸੇ ਬੀਤਿਆ ਸਾਲ ਨਿਰੈਣ ਸਿੰਘਾ ਕਥਾ ਬਹੁਤੀਆਂ ਬਰਨੀਆਂ ਥੋਰੀਆਂਈ ॥ ੩੫

## ਤਥਾ ਬਰਹੇ ਗੰਢ

ਚੌਥੇ ਸਾਲ ਦੀ ਭੀ ਬਰਹੇ ਗੰਢ ਕੀਤੀ ਸਿੰਘਾਂ ਸੱਦ ਦੀਵਾਨ ਲਗਾਇ ਚੰਗੇ ॥
ਗੁਰੂ ਗ੍ਰੰਥ ਦੀ ਬਾਣੀ ਦੇ ਪਾਠ ਕਰਕੇ ਖੁਸ਼ੀ ਖੁਸ਼ੀ ਦੇ ਭੋਗ ਪਵਾਇ ਚੰਗੇ ॥
ਮਾਯਾ ਭੇਟ ਰੁਮਾਲ ਪੁਸ਼ਾਕ ਦੇਕੇ ਦੇਗਾਂ ਕਰ ਪ੍ਰਸਾਦਿ ਬਰਤਾਇ ਚੰਗੇ ॥
ਕੀਤਾ ਯੱਗ ਅਤੁੱਟ ਬਰਤਾਇ ਦਿੱਤਾ ਰਹੇ ਮੰਗਤੇ ਜੋ ਬਰੇ ਸਾਇ ਚੰਗੇ ॥
ਕਰਮ ਸਿੰਘ ਬਾਬੇ ਨੂੰ ਅਸੀਸ ਦਿੰਦੇ ਧੰਨ ਧੰਨ ਕਰਦੇ ਜਸ ਗਾਇ ਚੰਗੇ ॥
ਮਾਤਾ ਬਾਲ ਤੇਰਾ ਉਮਰਵੰਤ ਹੋਵੇ ਸਾਧੂ ਆਖਕੇ ਰਹੇ ਸਧਾਇ ਚੰਗੇ ॥ ੩੬ ॥

Sri Satguru Jagjit Singh Ji eLibrary NamdhariElibrary@gmail.com

## ਪੰਜਵਾਂ ਸਾਲ ਸ਼ੁਰੂ ਬੈਂਤ

ਸਾਲ ਪੰਜਵੇਂ ਦੀ ਕਥਾ ਸੁਣੋ ਸਿੰਘੋ ਚੋਜੀ ਲਗਪਏ ਚੋਜ ਦਖਲਾਣ ਭਾਈ ॥
ਪਿਤਾ ਸੁਣਨ ਜਾਂਦੇ ਕਥਾ ਗੁਰੂਦੁਆਰੇ ਗੋਦੀ ਚੁੱਕਕੇ ਸਾਥ ਲੈ ਜਾਣ ਭਾਈ ॥
ਕਥਾ ਗੁਰੂ ਇਤਹਾਸ ਦੀ ਨਿੱਤ ਹੋਵੇ ਬੂਟਾ ਸਿੰਘ ਜੀ ਸੰਤ ਸੁਜਾਣ ਭਾਈ ॥
ਪਿਤਾ ਪੁੱਛਦੇ ਸਚ ਬਤਾਇ ਬੱਚਾ ਕਿਵੇਂ ਹੋਇਆ ਸੀ ਅਜ ਵਖਿਆਣ ਭਾਈ ॥ ਸੰਤ
ਫੇਰ ਪਰਸੰਗ ਸੁਣਾਇ ਦਿੰਦੇ ਸੁਣਨ ਵਾਲੜੇ ਹੋਣ ਹੈਰਾਨ ਭਾਈ ॥ ਇਕ ਰੋਜ
ਸੀ ਏਹ ਪ੍ਰਸੰਗ ਹੋਯਾ ਮਿਲੇ ਜੁੱਗ ਕਲੂ ਬਾਕੇ ਆਂਣ ਭਾਈ ॥ ਭਾਈ ਬਾਲਾ ਮਰਦਾਨਾ
ਤੇ ਗੁਰੂ ਨਾਨਕ ਬੈਠੇ ਵਿੱਚ ਆ ਕੇ ਬੀਆ ਵਾਣ ਭਾਈ ॥ ਕਲੂ ਆਪਣਾ ਰੂਪ ਬਡ
ਰੂਪ ਕਰਕੇ ਲੱਗਾ ਬੈਠਿਆ ਤਾਂਈ ਡਰਾਣ ਭਾਈ ॥ ਜਗਾ ਸ਼ਹਿਰ ਸੰਗਰੂਰ ਤੇ
ਕੋਸ ਭਰ ਹੈ ਨਉ ਉਜਦਾ ਨਾਨਕੀ ਆਣ ਭਾਈ ॥ ਸੰਤਾਂ ਏਸ ਗੁਰਦੁਆਰ ਦਾ ਨਾਮ
ਸੁਣਕੇ ਲਿਆ ਦੇਖਣਾ ਚਿੱਤ ਮੈਂ ਠਾਣ ਭਾਈ ॥ ਮੱਖਣ ਦਹੀਂ ਸੁਵੇਰਿਉਂ ਛਕ ਰੋਟੀ
ਚੁਪ ਚਾਪ ਰਸਤੇ ਪਏ ਜਾਣ ਭਾਈ ॥ ਰਸਤਾ ਪੁਛ ਪੁਛਾਇ ਨਿਰੈਣ ਸਿੰਘਾ ਪਹੁਚੇ
ਜਾਇ ਗੁਰ ਦੁਆਰ ਪਛਾਣ ਭਾਈ ॥ ੩੭ ॥

## ਮਾਤਾ ਜੀਨੇ ਨਿੱਕੇ ਬੱਚਿਆਂ ਕੋਲੋ ਪੁੱਛਣਾਂ ॥ ਬੈਂਤ ॥

ਮਾਤਾ ਪੁੱਛਦੀ ਨਿਕਿਆਂ ਬੱਚਿਆਂ ਨੂੰ ਸੋਹਣਾ ਲਾਲ ਮੇਰਾ ਕਿੜੇ ਦੱਸਿਓ ਵੇ ॥
ਤਾਰਾ ਅਖੀਆਂ ਦਾ ਕਿਤੇ ਗੁਮ ਹੋਯਾ ਮੇਰੇ ਦਰਦ ਕਲੇਜੜੇ ਬੱਸਿਓ ਵੇ ॥
ਅੱਗੇ ਜੰਗਲਾਂ ਤੋਂ ਕਈ ਬਾਰ ਆਂਦਾ ਪਤਾ ਨਹੀਂ ਬਘਿਆੜ ਗਰੱਸਿਓ ਵੇ ॥
ਖਬਰੈ ਡਿਗਿਆਏ ਕਿਸੇ ਤਾਲ ਕੂਏ ਮਲੇ ਝਾੜ ਜਾ ਬਿਰਛ ਤੇ ਫੱਸਿਓ ਵੇ ॥
ਦੂਰ ਨੇੜਿਓਂ ਢੂੰਡਿਓ ਜਾਇ ਕੋਈ ਛੇਤੀ ਨੱਸਿਓ ਵੇ ਛੇਤੀ ਨੱਸਿਓ ਵੇ ॥
ਬੁਰਾ ਦੁੱਖ ਬਜੋਗ ਹੈ ਪੁਤਰਾਂ ਦਾ ਕੋਈ ਦੇਖ ਨਾ ਕਿਸੇ ਨੂੰ ਹੱਸਿਓ ਵੇ ॥ ੩੮ ॥

## ਨਾਨਕੀਆਂਣੇ ਗੁਰਦੁਆਰੇ ਸੰਤਾਂ ਦੇ ਗ੍ਰੰਥੀ ਨਾਲ ਬਲਾਸ ਗ੍ਰੰਥੀਵਾਚ

ਗ੍ਰੰਥੀ ਏਸ ਗੁਰਦੁਆਰ ਦੇ ਰਹਿਣ ਵਾਲਾ ਪੁਛੇ ਦੱਸ ਕਾਕਾ ਕਿਥੋਂ ਆ ਜਾਏਂ ।
ਕੀ ਐ ਨਾਮ ਤੇਰਾ ਕਿੱਧਰ ਜਾਵਣਾ ਹੈ ਕੇਹੜੀ ਮਾਤ ਸੁਲਖਣੀ ਜਾਇਆਏਂ ।
ਤੇਰੇ ਮੁੱਖ ਤੇ ਚਮਕਦਾ ਨੂਰ ਸੁਹਿਣਾਂ ਕੇਹੜੇ ਪਿਤਾ ਨੇ ਲਾਡ ਲਡਾਇਆਏਂ ।
ਤੇਰੀ ਮਾਤ ਦਰਵੇਸਣੀ ਭੁੱਲ ਕੀਤੀ ਹਥੋਂ ਛੋੜਕੇ ਲਾਲ ਗਵਾਇਆਏਂ ।
ਛੋਟੀ ਉਮਰ ਤੇਰੀ ਰਾਹੁ ਬਿਖੜੇ ਨੂੰ ਕਿਵੇਂ ਲੰਗਕੇ ਲਾਲ ਸਧਾਇਆਏਂ ।
ਗ੍ਰੰਥੀ ਪੁੱਛਦਾ ਬਹੁਤ ਪਿਆਰ ਕਰਕੇ ਨਾਲੇ ਦੱਸ ਜੇ ਭੁਖਾ ਤਿਹਾਇਆਏ ॥ ੩੯ ॥

## ਸੰਤ ਸਾਹਿਬ ਜੀ ਬਾਚ

ਕਥਾ ਸੁਣੀ ਧਰੂ ਦੀ ਯਾਦ ਆਈ ਸੁਣੋ ਖਾਲਸਾ ਬਾਤ ਬਤਾ ਦਿਆਂ ਮੈਂ ।
ਪੰਜ ਸਾਲ ਦੀ ਉਮਰ ਧਰੂ ਦੀ ਸੀ ਰਿਹਾ ਜੰਗਲਾਂ ਵਿੱਚ ਜਣਾਦਿਆਂ ਮੈਂ ।

Sri Satguru Jagjit Singh Ji eLibrary NamdhariElibrary@gmail.com

ਮੇਰਾ ਪਿੰਡ ਚੀਮੇ ਜੋ ਸੁਨਾਮ ਕੋਲ਼ੇ ਆਇਆ ਦਰਸਣਾਂ ਲਈ ਸੁਣਾਦਿਆਂ ਮੈਂ ।
ਨਾਮ ਰੱਖਿਆ ਮੇਰਿਆਂ ਮਾਪਿਆਂ ਨੇ ਅਤਰ ਸਿੰਘ ਹੈ ਤੁਝੇ ਲਖਾਦਿਆਂ ਮੈਂ ।
ਗੰਬੀ ਆਖਦਾ ਮੈਂ ਤੇਰੇ ਨਾਲ ਚੱਲਾਂ ਤੇਰੇ ਮਾਪਿਆਂ ਪਾਸ ਪੁਚਾਦਿਆਂ ਮੈਂ ।
ਸੰਤ ਕਹਿਣ ਕਰਤਾਰ ਹੈ ਨਾਲ ਸਾਡੇ ਭੈ ਭਰਮ ਸਭ ਦਿਲੋਂ ਮੁਕਾਦਿਆਂ ਮੈਂ ।
ਭਲਕੇਠਹਿਰ ਪਰਸੋਂ ਪਿਛੇ ਪਰਤਿ ਜਾਣਾਂ ਮਾਤਾ ਪਿਤਾ ਦੇ ਫਿਕਰ ਮਟਾਦਿਆਂ ਮੈਂ ।
ਕੱਲੇ ਮੁੜੇ ਫਿਰ ਆਖ ਨਿਰੈਣ ਸਿੰਘਾ ਗਾਥਾ ਪਿਛਲੀ ਦੱਸ ਦਸਾਦਿਆਂ ਮੈਂ ॥ ੪੦ ॥

## ਸੰਤ ਸਾਹਿਬ ਜੀਨੇ ਤੀਸਰੇ ਦਿਨ ਚੀਮੀ ਅਪਣੇ ਜਨਮ ਨਗਰ ਔਣਾਂ

ਦਰਸ਼ਣ ਪਾਇ ਗੁਰ ਦੁਆਰ ਦੇ ਰੋਜ ਤੀਜੇ ਮਿਲੇ ਤਾਤ ਅਰ ਮਾਤ ਨੂੰ ਆਇ ਭਾਈ ॥
ਮਾਤਾ ਪੁਛਦੀ ਕੰਠ ਲਗਾਇ ਕਰਕੇ ਕਿਥੇ ਗਿਆ ਸੀ ਸਚ ਬਤਾਇ ਭਾਈ ॥
ਅਸੀਂ ਢੂੰਡਿਆ ਜੰਗਲਾ ਵਿੱਚ ਤੈਨੂੰ ਰਾਹੀ ਪਾਂਧੀਆਂ ਪੁਛ ਪੁਛਾਇ ਭਾਈ ॥
ਤੇਰੇ ਬਾਝ ਬੱਚਾ ਅਖੀ ਨੂਰ ਛਾਯਾ ਕਦੇ ਕਲੜਾ ਫੇਰ ਨਾ ਜਾਇ ਭਾਈ ॥
ਜੰਗਲ ਘਰ ਦੋਵੇ ਭਾਂਭਾਂ ਕਰਦੇ ਬੈਠੇ ਹਾਰ ਕੇ ਟੋਲ ਟੁਲਾਇ ਭਾਈ ॥
ਮੱਖਣ ਪਾਇਕੇ ਚੂਰਮਾਂ ਕੁਟਿ ਚੰਗਾ ਦਿਤਾ ਮਾਤ ਜੀ ਤੁਰਤ ਖੁਵਾਇ ਭਾਈ ॥
ਪੁਤ੍ਰ ਮਾਈਆਂ ਨੂੰ ਹੁੰਦੇ ਬਹੁਤ ਪਿਆਰੇ ਖੁਸ਼ੀ ਹੁੰਦੀਆ ਕੰਠ ਲਗਾਇ ਭਾਈ ॥
ਪਿਤਾ ਰਾਮ ਅਵਤਾਰ ਦੇ ਮਹਲ ਉਤੇ ਮੋਏ ਡਿੱਗ ਬਜੋਗ ਨੂੰ ਪਾਇ ਭਾਈ ॥ ੪੧

## ਸੰਤਾ ਨੇ ਪਿਤਾ ਨੂੰ ਮਿਲਣਾ ॥

ਕਰਮ ਸਿੰਘ ਜੀ ਪਿਤਾ ਸਨ ਬਾਹਰ ਬੈਠੇ ਮਿਲੇ ਪਿਤਾ ਨੂੰ ਸੰਤ ਜੀ ਜਾਇ ਕਰਕੇ ॥
ਝੂਰੇ ਭਜਕੇ ਪਿਤਾ ਦੀ ਗੋਦ ਬੈਠੇ ਪੁਛੇ ਕੰਠਦੇ ਨਾਲ ਲਗਾਇ ਕਰਕੇ ॥
ਕਿਥੇ ਗਿਆ ਸੀ ਕਲੜਾ ਦੱਸ ਬੱਚਾ ਸਾਨੂੰ ਫਿਕਰ ਅੰਦੇਸੜਾ ਲਾਇ ਕਰਕੇ ॥
ਬੋਲੀ ਤੋਤਲੀ ਹੱਸਕੇ ਕਹਣ ਚੋਜੀ ਆਯਾ ਦਰਸ ਗੁਰ ਦੁਆਰ ਦੇ ਪਾਇ ਕਰਕੇ ॥
ਜੋਈ ਸ਼ਹਿਰ ਸੰਗਰੂਰ ਤੇ ਕੋਸ ਭਰ ਹੈ ਬੈਠੇ ਗੁਰੂ ਨਾਨਕ ਜਿਥੇ ਆਇ ਕਰਕੇ ॥
ਅੱਗੇ ਬਾਸਤੇ ਪਿਤਾ ਜੀ ਕੰਮ ਕਰਦੇ ਨਿਗਾ ਰੱਖਦੇ ਕੋਲ ਬਠਾਇ ਕਰਕੇ ॥
ਸੰਤ ਖੇਲਦੇ ਖੇਲਦੇ ਲਾਇ ਪੰਥੀ ਨਿਆਰੇ ਬੈਠਦੇ ਸੁਰਤ ਟਿਕਾਇ ਕਰਕੇ ॥
ਐਸੇ ਤਰਾਂ ਈ ਸਾਲ ਨਿਰੈਣ ਸਿੰਘਾ ਗਿਆ ਪੰਜਵਾ ਬੀਤ ਬਤਾਇ ਕਰਕੇ ੪੨ ॥
ਸਾਲ ਪੰਜਵੇਂ ਦੀ ਬਰਹੇ ਗੰਡ ਕੀਤੀ ਛੇਵਾਂ ਚੜ੍ਹਗਿਆ ਸਾਲ ਸੁਹਾਵਣਾਈ ॥
ਮਾਤਾ ਦਸਿਆ ਸੀ ਕੌਤਕ ਦਾਸ ਤਾਈ ਚੇਤੇ ਆਗਿਆ ਸੋ ਲਿਖ ਪਾਵਣਾਈ ॥
ਸੰਤ ਸਾਹਿਬ ਮਕਾਨ ਦੇ ਸਿਖਰ ਬੈਠੇ ਕਰਨ ਬਾਲਕਾ ਨਾਲ ਖਿਡਾਵਣਾਈ ॥
ਵਿਚੋਂ ਆਖਿਆ ਕਿਸੇਨੇ ਸੋਈ ਤਕੜਾ ਅੱਗੋਂ ਉਤਰ ਤਲੇ ਜਿਸੇ ਜਾਵਣਾ ਈ ॥
ਏਨਾ ਆਖ ਦੌੜੇ ਵਲ ਪੌੜੀਆਂ ਦੇ ਸੰਤ ਸਾਹਿਬ ਜੀ ਉਤਰੇ ਸਾਹਮਣਾਈ ॥
ਬਿਨਾ ਪੌੜੀਆਂ ਧਰਤ ਪੁਰ ਆ ਖਲੋਤੇ ਮਾਤਾ ਪੁੱਛਦੀ ਤਾਤ ਬਤਾਵਣਾਈ ॥

Sri Satguru Jagjit Singh Ji eLibrary NamdhariElibrary@gmail.com

ਇਹਕੀ ਬਰਤਿਆ ਚੋਜ ਅਜੈਬ ਬੱਚਾ ਬਿਨਾ ਪਉੜੀਓਂ ਧਰਤ ਪੁਰ ਆਵਣਾਈ ॥
ਬੋਲੇ ਹੱਸਕੇ ਬਾਲਕੇ ਕਹਿਣ ਮਾਤਾ ਸੋਈ ਬਲੀ ਅਗੋਂ ਜਿਸੇ ਜਾਵਣਾਈ ॥
ਏਹੋ ਸਮਝਕੇ ਮੈਂ ਸਿੱਧੀ ਛਾਲ ਮਾਰੀ ਮਾੜਾ ਆਪਨੂੰ ਨਹੀਂ ਅਖਵਾਵਣਾਈ ॥
ਮਾਤਾ ਦੱਸਿਆ ਸੰਤਾਂ ਦੇ ਪਿਤਾ ਕੋਲੇ ਓਨ ਆਖਿਆ ਗੁਪਤ ਰਖਾਵਣਾਈ ॥
ਸੰਤ ਆਖਦੇ ਸੀ ਬੋਤਲ ਦੇਣ ਵਾਲੇ ਕਲਾਵਾਨ ਪੁੱਤਰ ਥੋੜੇ ਆਵਣਾਈ ॥
ਬਚਨ ਦੱਸ ਗਏ ਸੰਤ ਨਿਰੈਣ ਸਿੰਘਾ ਸੁੱਤਾ ਮੁਲਖ ਹਲੂਣ ਜਗਾਵਣਾਈ ॥ ੪੩ ॥

## ਸੰਤ ਸਾਹਿਬ ਜੀ ਦਾ ਨਿੱਤ ਦਾ ਨਿਯਮ ॥ ਬੈਂਤ ॥

ਸੁਭਹਾ ਜਾਗ ਕੱਚੇ ਤਾਲ ਆਦਿ ਕੇ ਜੀ ਨਾਨਕ ਸਰ ਤੇ ਬੈਠ ਸਨਾਨ ਕਰਦੇ ॥
ਚੁੱਪ ਚਾਪ ਸਮਾਧ ਲਗਾਇ ਕਰਕੇ ਪਾਰਬ੍ਰਹਮ ਦਾ ਦਿਲੋਂ ਧਿਆਨ ਕਰਦੇ ॥
ਸਿਆਣੇ ਲੋਕ ਜੋ ਵੇਖਦੇ ਬੈਠਿਆਂ ਨੂੰ ਸੰਤ ਸਮਝ ਦੇ ਪਰਖ ਪਛਾਨ ਕਰਦੇ ॥
ਮਿਲੇ ਸਾਧ ਫਕੀਰ ਅਤੀਤ ਕੋਈ ਸੰਤ ਸਾਹਿਬ ਉਸਨੂੰ ਆਦਰ ਮਾਨ ਕਰਦੇ ॥
ਘਰੋਂ ਦੁਧ ਲਜਾਇ ਛਕਾਇ ਦਿੰਦੇ ਭੁਲੇ ਸਾਧੂਆਂ ਨੂੰ ਹੱਥੋਂ ਦਾਨ ਕਰਦੇ ॥
ਸੌਦਾ ਖਰਾ ਖਰੀਦਣੇ ਹਾਰ ਚੋਜੀ ਦਿਲੋਂ ਦੂਰ ਸਭ ਝੂਠ ਤੁਫਾਨ ਕਰਦੇ ॥
ਨਾਮ ਜਪਨ ਤੇ ਵੰਡ ਕੇ ਛਕਨ ਵਾਲੇ ਸਭੇ ਜਨਮ ਤੋਂ ਈ ਐਸੀ ਬਾਨ ਕਰਦੇ ॥
ਇਹ ਭੀ ਬੀਤਿਆ ਸਾਲ ਨਿਰੈਣ ਸਿੰਘਾ ਕਥਾ ਬਹੁਤ ਹੈ ਤੁੱਛ ਵਖ੍ਯਾਨ ਕਰਦੇ ॥

## ਇਤ ਸਿਰੀ ਸੰਤ ਬਲਾਸ ਗ੍ਰਿੰਥੇ ਬਾਲ ਉਵਸਥੇ ਸੰਤ ਸਾਹਿਬ ਜੀ ਕਾ ਨੇਕ ਸੁਭਾਉ ਬਰਨਨ ਨਾਮ ਚਤਰਥੋ ਧਿਆਇ ॥ ੪

## ਸਤਵਾਂ ਸ਼ਾਲ ਸ਼ੁਰੂ ॥ ਦੋਹਰਾ ॥

ਸਾਤਮ ਸਾਲ ਸੁਹਾਵਣਾ ਸੁਣੋ ਸਰੋਤਾ ਗਾਥ। ਹਰਿ ਜਨ ਸਿਮਰਤ ਨਾਮ ਕੋ ਸਰਬ ਕਲਾ ਜਹਿ ਹਾਥ ॥ ੧

॥ ਬੈਂਤ ॥

ਗਏ ਸਾਲ ਪਿਛੋਂ ਬਰਹੇ ਰੀਢ ਹੁੰਦੀ ਨਵੇਂ ਸਾਲ ਦਾ ਸੁਣੋ ਪ੍ਰਸੰਗ ਭਾਈ ॥
ਬਿਰਤੀ ਸੰਤ ਜੀ ਸਦਾ ਉਪਰਾਮ ਰਖਦੇ ਦਿਲੋਂ ਦੂਰ ਕੀਤੇ ਮਾਣ ਹੰਗ ਭਾਈ ॥
ਇਕ ਰੋਜ਼ ਸੀ ਜਾਂਦਿਆਂ ਸਾਧ ਡਿਠੇ ਗਏ ਤਿਨਾ ਦੇ ਪਾਸ ਉਮੰਗ ਭਾਈ ॥
ਕਈ ਸੁਖਮਨੀ ਸਾਹਬ ਦਾ ਪਾਠ ਕਰਦੇ ਕਈ ਰਗੜਦੇ ਬੈਠਕੇ ਭੰਗ ਭਾਈ ॥
ਸੰਤਾਂ ਆਖਿਆ ਲੋੜ ਜਿਸ ਚੀਜ਼ ਦੀ ਹੈ ਸਾਨੂੰ ਦਸਿਓ ਤੁਸੀਂ ਨਸੰਗ ਭਾਈ ॥
ਸਾਧਾਂ ਭੁਖਿਆਂ ਨੂੰ ਕਈ ਪਹਿਰ ਗੁਜ਼ਰੇ ਰਸਤ ਲਈ ਮਹਾਤਮਾਂ ਮੰਗ ਭਾਈ ॥
ਸੰਗ ਲਾਇਕੇ ਸਾਧ ਦੇ ਚੇਲਿਆ ਨੂੰ ਸੰਤਾ ਖੇਲਿਆ ਹੋਰ ਹੀ ਢੰਗ ਭਾਈ ॥
ਮਾਤਾ ਗਈ ਰੋਟੀ ਲੈਕੇ ਹਾਲੀਆਂ ਦੀ ਘਰੇ ਰਸਤ ਲੈਕੇ ਗਏ ਲੰਘ ਭਾਈ ॥
ਆਟਾ ਦਾਲ ਮਿਠਾ ਘਰੋਂ ਘਿਓ ਲੈਕੇ ਲਾਏ ਸਾਧੂਆਂ ਪਾਸ ਜਾ ਰੰਗ ਭਾਈ ॥

Sri Satguru Jagjit Singh Ji eLibrary NamdhariElibrary@gmail.com

ਛੋਟੀ ਉਮਰ ਉਦਾਰ ਨਿਰੈਣ ਸਿੰਘਾ ਦੇਖ ਦੇਖ ਸਾਧੂ ਹੁੰਦੇ ਦੰਗ ਭਾਈ ॥ ੨

## ਮਾਤਾ ਜੀ ਨੇ ਘਰੋ ਚੀਜਾਂ ਚੁਕੀਆਂ ਹੋਈਆਂ ਦੇਖਕੇ ਨਰਾਜ ਹੋਣਾ ਤੇ ਸੰਤਾਂ ਨੇ ਬਚਨ ਕਰਨਾ ॥

ਆਟਾ ਦਾਲ ਮਿੱਠਾ ਦੇਖ ਚੱਕ ਹੋਯਾ ਾਈ ਆਣਕੇ ਬਹੁਤ ਨਰਾਜ ਮਾਈ ॥
ਸੰਤ ਆਖਦੇ ਮਾਤ ਜੀ ਖਿਮਾਂ ਕਰੀਏ ਗੁਰੂ ਸਾਰਦਾ ਸਰਬ ਦੇ ਕਾਜ ਮਾਈ ॥
ਜਿੰਦਾ ਮਾਰ ਕੋਠੀ ਦਾਣੇ ਕਢ ਹੇਠੋ ਇਕ ਸਾਲ ਨਹੀਂ ਮੁੱਕਦਾ ਨਾਜ ਮਾਈ ॥
ਜਿੰਦਾ ਮਾਰ ਹੇਠੋ ਐਣ ਭੁੱਲ ਬੈਠੀ ਬਚਨ ਜਾਣਦੀ ਕੂੜ ਦਾ ਪਾਜ ਮਾਈ ॥
ਡਿਠਾ ਸਾਲ ਪਿਛੋ ਬਚਨ ਸੱਤਿ ਹੋਯਾ ਰਖੀ ਆਪ ਕਰਤਾਰ ਨੇ ਲਾਜ ਮਾਈ ॥
ਖੁੱਲਾ ਬਰਤਿਆ ਮੁਕਿਆ ਮੂਲ ਨਾਹੀ ਜੰਦਾ ਖੋਲਿਆ ਮੂਲ ਨ ਬਿਆਜ ਮਾਈ ॥
ਬਚਨ ਹੋਰ ਦੇਖੇ ਕਈ ਸੰਤ ਹੋਏ ਧੰਨ ਧੰਨ ਆਖੇ ਮਹਾਰਾਜ ਮਾਈ ॥
ਇਹ ਭੀ ਬੀਤਿਆ ਸਾਲ ਨਿਰੈਣ ਸਿੰਘਾ ਪਰਤਿ ਫੇਰਨਾ ਹੋਈ ਨਰਾਜ ਮਾਈ ॥ ੩

## ਮਾਤ ਪਿਤਾਨੇ ਸੰਤ ਪੁੱਤਰ ਨੂੰ ਪੜ੍ਹਨ ਬੈਠਾਲਣਾਂ ॥ ਬੈਂਤ ॥

## —() ਅੱਠਵਾਂ ਸਾਲ ਸ਼ੁਰੂ ()—

ਆਏ ਸਾਲ ਪਿਛੇ ਪੁਨ ਦਾਨ ਕਰਦੇ ਮਾਤ ਪਿਤਾ ਜੀ ਬੈਠ ਬੀਚਾਰ ਦੇ ਨੇ ॥
ਪੁਤਰ ਆਂਪਣਾ ਪੜ੍ਹਨ ਬੈਠੋਣ ਖਾਤਰ ਸਾਧੂ ਨਿਰਮਲੇ ਪਾਸ ਪੁਕਾਰਦੇ ਨੇ ॥
ਪੁਛ ਸੰਤ ਜੀ ਪੜ੍ਹਨ ਬਠਾਇ ਦਿੱਤੇ ਬੈਠੇ ਬਾਲਾਂ ਦੀ ਵਿਚ ਕਤਾਰ ਦੇ ਨੇ ॥
ਰੂਪ ਰੰਗ ਹੈ ਬੱਖਰਾ ਸਾਰਿਆਂ ਤੋਂ ਪੁਨੋਂ ਚੰਦ ਵਗੂੰ ਝਲਕਾਂ ਮਾਰਦੇ ਨੇ ॥
ਬੂਟਾ ਸਿੰਘ ਜੀ ਬੈਠਕੇ ਹਰਫ ਦੱਸਣ ਸੋਈ ਸੰਤ ਜੀ ਮਗਰ ਉਚਾਰਦੇ ਨੇ ॥
ਪੱੜ੍ਹਹੇ ਭਾਨ ਪਟ ਬੀਜਨਾ ਮੱਤਿ ਦੇਵੇ ਇਹ ਭੀ ਬੱਖਰੇ ਢੰਗ ਕਰਤਾਰਦੇ ਨੇ ॥
ਕਦੇ ਬਾਲਕਾਂ ਨਾਲ ਮਿਲ ਸ਼ਬਦ ਪੜ੍ਹਦੇ ਬੂਟਾ ਸਿੰਘ ਦਾ ਖੌਫ ਬਸਾਰ ਦੇਨੇ ॥
ਥੋੜੇ ਦਿਨਾਂ ਮੇਂ ਪੰਜ ਗ੍ਰੰਥ ਪੜ੍ਹਕੇ ਡੇਰੇ ਜਾਂਣਦੇ ਬਖਤਨੂੰ ਟਾਰ ਦੇਨੇ ॥
ਨਾਨਕ ਸੁਰਤੇ ਜਾਇ ਅਕੰਤ ਬੈਠਣ ਰਿਦੇ ਵਿਚ ਬੈਰਾਗ ਨੂੰ ਧਾਰ ਦੇਨੇ ॥
ਬੂਟਾ ਸਿੰਘ ਪੁਛੇ ਕਰਮ ਸਿੰਘ ਪਾਸੋਂ ਤੇਰੇ ਲਾਡਲੇ ਕੀ ਮੱਝੀ ਚਾਰਦੇ ॥
ਡੇਰੇ ਪਹੁੰਚ ਦੇ ਨਾਂ ਕਈ ਰੋਜ਼ ਹੋਏ ਕਿੱਥੇ ਬੈਠਕੇ ਬਖਤ ਗੁਜ਼ਾਰਦੇ ਨੇ ॥
ਬਾਬ ਸਾਧ ਨੂੰ ਮੋੜ ਜਵਾਬ ਦਿੱਤਾ ਸਾਡੇ ਰਹੇ ਨਾ ਕੰਮ ਤੇ ਕਾਰਦੇ ਨੇ ॥ ੪ ॥

## ਸੰਤਾਂ ਨੂੰ ਅਕੰਤ ਬੈਠੇ ਦੇਖਕੇ ਲੋਕਾਂ ਨੇ ਮਾਤਾ ਨੂੰ ਕਹਿਣਾ ॥ ਬੈਂਤ ॥

ਨਗਰ ਵਾਸੀ ਜੋ ਲੋਕ ਬੀਚਾਰ ਵਾਲੇ ਸਿਆਣੇ ਸਮਝ ਦੇ ਚਿਤ ਬਰਤੰਤ ਕੋਈ ॥
ਕਹਿਣ ਮਾਤਾ ਨੂੰ ਭੋਲੀਏ ਪੁਤਰ ਤੇਰਾ ਮਹਾਂਪੁਰਖ ਅਵਤਾਰ ਹੈ ਸੰਤ ਕੋਈ ॥
ਐਸੇ ਪੁਤ ਜਹਾਨ ਤੇ ਹੈਨ ਵਿਰਲੇ ਇਕੋ ਦੇਖਿਆ ਨਹੀਂ ਅਨੰਤ ਕੋਈ ॥
ਭਾਗਾਂ ਵਾਲੀਏ ਕੁਲਾਂ ਦੇ ਤਾਰਨੇ ਨੂੰ ਤੇਰੀ ਕੁਖ ਆਯਾ ਭਾਗਵੰਤ ਕੋਈ ॥

Sri Satguru Jagjit Singh Ji eLibrary NamdhariElibrary@gmail.com

ਸੋਵੇ ਨਹੀਂ ਨ ਬੋਲਦਾ ਚੁੱਪ ਕੀਤਾ ਦਿਲੋਂ ਸਿਮਰਦਾ ਗੁਰੂ ਦਾ ਮੰਤ ਕੋਈ ॥
ਟਿੱਕਾ ਭਾਲ ਮੇ ਚਮਕਦਾ ਚੰਦ ਵਾਂਗੂੰ ਨਹੀਂ ਏਸ ਜਹਾਂਨ ਦਾ ਜੰਤ ਕੋਈ ॥
ਐਸੇ ਬੀਤਿਆ ਸਾਲ ਨਿਰੈਣ ਸਿੰਘਾ ਕਥਾ ਬਹੁਤ ਨਾ ਆਵੰਦਾ ਅੰਤ ਕੋਈ ॥ ੫ ॥

## ਨੌਵਾਂ ਸਾਲ ਸ਼ੁਰੂ ਮਾਤਾ ਪਿਤਾ ਨੇ ਸੰਤ ਸਾਹਿਬ ਜੀ ਨੂੰ ਗਊਆਂ ਚਾਰਨ ਲੌਣਾ ॥ ਬੈਂਤ ॥

ਬਿਰਤੀ ਦੇਖਕੇ ਬਹੁਤ ਉਪਰਾਮ ਹੋਈ ਮਾਤ ਪਿਤਾ ਜੀ ਫਿਕਰ ਬਹੁ ਧਾਰਦੇ ਨੇ ॥
ਬਾਲਕ ਰਲੇ ਨਾ ਸਾਧੂਆਂ ਨਾਲ ਕਿਧਰੇ ਐਸਾ ਸੋਚ ਲੌਂਦੇ ਵਿਚ ਕਾਰਦੇ ਨੇ ॥
ਗਊਆਂ ਚਾਰਨੇ ਵਾਸਤੇ ਭੇਜ ਦਿੰਦੇ ਜਗਤ ਨਾਥ ਮੱਝੀ ਗਊ ਚਾਰਦੇ ਨੇ ॥
ਕਦੇ ਬਖਤ ਦੁਪਹਿਰ ਦੇ ਹਾਣੀਆਂ ਨੂੰ ਸੰਤ ਸਾਹਿਬ ਜੀ ਬਚਨ ਉਚਾਰਦੇ ਨੇ ॥
ਆਓ ਪ੍ਰੇਮੀਓ ਤਾਲ ਦੀ ਕਾਰ ਕੱਢੋ ਡਲੇ ਚੁਕ ਸਿਰ ਤੇ ਬਾਹਰ ਡਾਰਦੇ ਨੇ ॥
ਨਾਨਕ ਸਰ ਦੀ ਕਾਰ ਕਢੌਣ ਚੋਜੀ ਕਦੇ ਸਬਦ ਗੌਂਦੇ ਨਾਲ ਪਿਆਰਦੇ ਨੇ ॥
ਅਗੇ ਆਪ ਬੋਲਣ ਪ੍ਰਿਛੇ ਹੋਰ ਹਾਣੀ ਗੂੰਜਾਂ ਪੈਂਦੀਆਂ ਬਿਚ ਉਜਾੜਦੇ ਨੇ ॥
ਨਾਮ ਹਾਣੀਆਂ ਦੱਸ ਨਿਰੈਣ ਸਿੰਘਾ ਬਾਲਸਖਾ ਜੋ ਸੰਤ ਅਵਤਾਰਦੇ ਨੇ ॥ ੬ ॥

## ਪਉੜੀ

ਗੁਰਮੁਖ ਸਿੰਘ, ਮਕੰਦ ਸਿੰਘ ਸੰਤਾਂ ਦੇ ਹਾਣੀ । ਬਦਨ ਸਿੰਘ, ਬਖਤੌਰ ਸਿੰਘ ਫੱਗਾ ਸਿੰਘ ਜਾਣੀ। ਚੰਦਾ ਸਿੰਘ ਤੇ ਰਾਮ ਸਿੰਘ ਪੜ੍ਹਦੇ ਗੁਰਬਾਣੀ। ਨੰਬਰਦਾਰ ਹਰਨਾਮ ਸਿੰਘ ਜਿਨ ਕਥਾ ਬਖਾਣੀ। ਬੈਠ ਸੁਣਾਈ ਦਾਸ ਕੋ ਅਸਚਰਜ ਕਹਾਣੀ। ਕਥਾ ਅਮੋਲਕ ਸੰਤ ਕੀ ਮੇਰੇ ਮਨ ਭਾਣੀ। ਲੰਘ ਗਿਆ ਇਹ ਸਾਲ ਜਿਵੇਂ ਨਦੀਆਂ ਦਾ ਪਾਣੀ। ਅ ਯਾ ਦਸਵਾਂ ਸਾਲ ਹਾਲ ਸੋ ਸੁਣੋ ਪਰਾਣੀ। ੭

## ਦਸਵਾਂ ਸਾਲ ਸ਼ੁਰੂ ॥ ਪਉੜੀ॥

ਦਸਵੇ ਅੰਦਰ ਸਾਲ ਕਥਾ ਬਹੁ ਅਧ ਭੁਤ ਆਵੇ। ਮੱਖਣ ਦਹੀ ਖੁਲਾਇ ਮਾਤ ਜੀ ਲਾਡ ਲਡਾਵੇ। ਪੈਰੀਂ ਮੌਜੇ ਪਾਇ ਖੂੰਡੜੀ ਹੱਥ ਫੜਾਵੇ। ਚੂਰੀ ਪੱਲੇ ਬੰਨ ਸਿਖਯਾ ਦੇ ਸਮਝਾਵੇ। ਨਾਲੇ ਦਿੰਦੀ ਲਾਡ ਬਿੱਚ ਕੁਝ ਘੂਰ ਦਖਾਵੇ। ਧੀਮਾ ਧੀਮਾ ਝਾਕ ਲਾਲ ਨਾ ਅੱਖ ਉਠਾਵੇ। ਗਾਹੜੇ ਜੰਗਲ ਜਾਇ ਸੁਰਤ ਹਰਿ ਸੰਗ ਟਿਕਾਵੇ। ਅ ਪੇ ਹੀ ਜਪੁ ਜਾਪ ਆਪ ਸੰਗ ਆਪ ਮਲ ਵੇ। ਮੂਲ ਨ ਰੱਖਣ ਸਾਰ ਗਊ ਮਝਿ ਕਿਧਰੇ ਜਾਵੇ। ਫਸਲ ਖਾਣ ਜਿਮੀਦਾਰ ਦਾ ਆਇ ਰੌਲਾ ਪ ਵੇ। ਇਸ ਤਤ ਰਹੇ ਸਮਾਧ ਮਾਤ ਜੀ ਟੋਲ ਲਿਆਵੇ। ਰੋਜ ਉਲਾਂਭੇ ਅਓਣ ਮਾਤ ਕੁਝ ਗਿਲਾ ਮਨਾਵੇ ॥ ੮ ॥

## ਮਾਤਾ ਜੀ ਨੇ ਸਾਧੂ ਦੇ ਬਚਨ ਚੇਤੇ ਕਰਨੇ ॥ ਪਉੜੀ ॥

ਮਾਤਾ ਕਰਦੀ ਯਾਦ ਬਚਨ ਸੰਤਾਂ ਦੇ ਜੋਈ। ਏਹੋ ਪੁਰਖ ਅਤੀਤ ਕੰਮ ਹੁਣ ਕਰੇ ਨ ਕੋਈ। ਮਾਤਾ ਜੀ ਤੇ ਭੈਣ ਜੀ ਜਾਹਿ ਟੋਲਣ ਦੋਈ। ਟੋਲ ਭਾਲ ਕੇ ਲਿਉਣ ਆਣ

Sri Satguru Jagjit Singh Ji eLibrary NamdhariElibrary@gmail.com

ਰੂਪ ਹੁਕਮ ਕਰਤਾਰ ਦੇ ਧਾਰਿ ਆਯਾ ਦੁੱਖ ਕਰਨ ਜਹਾਨ ਦੇ ਹੰਤ ਕੋਈ॥ ਮੁੱਖ ਪੌਣ ਰਸੋਈ। ਬੈਠਣ ਜਿਥੇ ਸੰਤ ਓਸ ਥਉਂ ਰੌਣਕ ਹੋਈ। ਮੰਦਰ ਬਣਿਆਂ ਤਾਲ ਪਰਸਦੇ ਜਿਸ ਤ੍ਰੈਲੋਈ। ਕਥਾ ਜਿ ਦਸਵੇਂ ਸਾਲ ਦੀ ਤੁਛ ਭਾਖੀ ਸੋਈ। ਗੁੰਥ ਬਣਨ ਤੋਂ ਡਰੇ ਦਾਸ ਨਹੀਂ ਕੂਲ ਪਰੋਈ॥ ੯

## ਸੰਤ ਅਤਰ ਸਿੰਘ ਮਹਾਰਾਜ ਕੀ ਆਯੂ ਦਾ ੧੧ਸਾਲਸ਼ੁਰੂ ਪਉੜੀ

ਜੈ ਸਿੰਘ ਛੋਟਾ ਪੁੱਤਰ ਮਾਤ ਜੀ ਕਹਿ ਸਮਝਾਯਾ। ਦੇਕਰ ਲਾਡ ਪਿਆਰ ਗਊ ਮੱਝ ਚਾਰਨ ਲਾਯਾ। ਬੈਠਣ ਸੰਤ ਅਕੰਤ ਭਜਨ ਕਰ ਸਮਾ ਬਿਤਾਯਾ। ਮਾਤ ਪਿਤਾ ਨੇ ਰਤਨ ਕੌਰ ਦਾ ਸਗਨ ਪਠਾਯਾ। ਨਗਰ ਜਵਾਹਰ ਕੇ ਵਿਖੇ ਸ਼ੁਭ ਸਗਨ ਪੁਚਾਯਾ। ਬੱਗਾ ਸਿੰਘ ਦੁਮਾਦ ਸਗਨ ਜਿਸ ਝੋਲੀ ਪਾਯਾ। ਧੂਮ ਧਾਮ ਸੇ ਜੰਨ ਸਦ ਸੁਭ ਕਾਜ ਕਰਾਯਾ। ਸੰਤ ਸਾਹਿਬ ਕੋ ਆਖ ਭੈਣਦੇ ਨਾਲ ਪਠਾਯਾ। ਤੀਜੇ ਚੌਥੇ ਰੋਜ਼ ਸੰਤ ਜੀ ਮੋੜਾ ਪਾਯਾ। ਫਿਰ ਬੈਠੇ ਬਣ ਹੇਠ ਆਇ ਹਰਿ ਕਾ ਜਸ ਗਾਯਾ॥ ੧੦॥

## ਬਾਰਵਾਂ ਸਾਲਸ਼ੁਰੂ ਅਤਹੀ ਉਪਰਾਮਤਾ ॥ ਪਉੜੀ ॥

ਬਰਹੇ ਗੰਢ ਭੀ ਕਰੀ ਸਾਲ ਸੁਭ ਚੜਿਆ ਬਾਰਾਂ। ਗਏ ਮਹੀਨੇ ਚਾਰ ਸਉਣ ਵਿਚ ਪੈਣ ਫੁਹਾਰਾਂ॥ ਹੋਤ ਭਈ ਹਰਿਆਵਲ ਹਰੀਆਂ ਹੋਇ ਜਵਾਰਾਂ। ਮਾਤਾ ਆਖੇ ਪੁਤਰ ਤੈਂ ਸਭ ਤਜੀਆਂ ਕਾਰਾਂ। ਆਕਰ ਲੋਕ ਸੁਣਾਂਵਦੇ ਨਿਤ ਕਰਨ ਪੁਕਾਰਾਂ॥ ਫਸਲ ਆਪਣੀ ਵਿਚ ਫਿਰਨ ਹਰਨਾਂ ਦੀਆਂ ਡਾਰਾਂ। ਫਸਲ ਦੀਆਂ ਤੂੰ ਅਤਰ ਸਿੰਘ ਨਹੀਂ ਲੈਂਦਾ ਸਾਰਾਂ॥ ਲੜਕੇ ਤੇਰੇ ਹਾਣ ਦੇ ਕੰਮ ਕਰਨ ਹਜਾਰਾਂ॥ ੧੧॥

—() ਰੁਬਾ ()—

ਮਾਤਾ ਜੀਦੇ ਕਹੇ ਖੇਤ ਵਲ ਫੇਰਾ ਪਾਂਦੇ। ਦਿਨ ਭਰ ਰਹਿੰਦੇ ਬਾਹਰ ਰਾਤ ਘਰ ਫੁਲਕਾ ਖਾਂਦੇ। ਕਥਾ ਸੁਣਨ ਦੇ ਲਈ ਰੋਜ ਗੁਰਦੁਆਰੇ ਜਾਂਦੇ। ਇਹਸੀ ਨਿਯਮ ਹਮੇਸਦਾ ਨਿਤ ਰਹੇ ਨਿਭਾਂਦੇ॥ ਕਦੇ ਪਿਤਾ ਦੇ ਸਾਥ ਜਾਇ ਕੁਝ ਕੰਮ ਕਰਾਂਦੇ॥ ਕਦੇ ਅਕੱਲੇ ਬੈਠਕੇ ਲਿਵ ਗੁਰ ਪਗ ਲਾਂਦੇ॥ ਕੱਦ ਫੀਲ ਸਮਡੀਲ ਹੰਸ ਜਿਉਂ ਕਦਮ ਉਠਾਂਦੇ॥ ਚਿਹਰੇ ਚੰਮਕੇ ਨੂਰ ਦੇਖ ਸਭ ਖੁਸ਼ੀ ਮਨਾਂਦੇ। ਏਸ ਤਰਾਂ ਸੁਭ ਸਮਾਂ ਬਹੁਤ ਚਿਰ ਰਹੇ ਬਤਾਂਦੇ। ਗੁਜ਼ਰ ਗਿਆ ਇਹੁ ਸਾਲ ਉਚਰਿ ਕਵਿ ਆਖ ਸੁਣਾਂਦੇ।੧੨

## ਤੇਹਰਵਾਂ ਸਾਲ ਸ਼ੁਰੂ ¡¡¡ ਪਉੜੀ ¡¡¡

ਸਾਲ ਤੇਹਰਵੇਂ ਦੀ ਸਾਖੀ ਸੁਣੋਂ ਸੰਗਤੇ ਦਾਸ ਨਵੇਂਢੰਗ ਪਉੜੀਆਂ ਉਚਾਰੇ।
ਸੰਤ ਘਰੋਂ ਉਠ ਚਲੇ ਬੀਆ ਵਾਨ ਨੂੰ ਸਾਧੂ ਚਾਰ ਬੈਠੇ ਤਾਲਦੇ ਕਨਾਰੇ।
ਦੇਖ ਸਾਧੂਆਂਨੂੰ ਆਏ ਘਰ ਫੇਰਸੀ ਲੈਕੇ ਦੁਧ ਬੱਲ ਸਾਧੂਆਂ ਪਧਾਰੇ।
ਦੁਧ ਸਾਧੂਆਂਨੇ ਪੀਤਾ ਬਰਤਾਇਕੇ ਕੀਤਾ ਆਤਮ ਬਿਚਾਰ ਬਿਚਾਰੇ।
ਉਚੀਬੰਦਗੀ ਜਣਾਈ ਮਹਾਰਾਜ ਦੀ ਹੋਰ ਭੇਖ ਡਿੰਭ ਕੂੜ ਦਸੇ ਸਾਰੇ॥

Sri Satguru Jagjit Singh Ji eLibrary NamdhariElibrary@gmail.com

ਇਹਭੀ ਸਨਕ ਸਨੰਦਨ ਮਹਾਤਮਾ ਚਿਰੰਜੀਵੀ ਪੁਤ ਬ੍ਰਹਿਮੇ ਦੇ ਚਾਰੇ ॥
ਕੀਤੀ ਬੰਦਨਾ ਭੁਧਾਰੇ ਮਾਤ ਲੋਕ ਨੂੰ ਸੰਤ ਬੈਠੇ ਜਾਇ ਜੰਗਲ ਮਝਾਰੇ ॥
ਛੋਡੇ ਬਾਸਨਾ ਨੂੰ ਟੇਕ ਲਿਵ ਲਾਇਕੇ ਕੀਤੇ ਜਾਪ ਚਾਰ ਪਹਿਰ ਗੁਜਾਰੇ ॥
ਫਿਰ ਆਇ ਪ੍ਰਸਾਦਿ ਘਰੇ ਪਾਇਕੇ ਕਥਾ ਸੁਣੀ ਵਿਚ ਜਾਇ ਗੁਰੂਦ੍ਵਾਰੇ ॥
ਏਸੇ ਤਰਾਂ ਰੋਜ਼ ਬੰਦਗੀ ਕਰੇਂਦਿਆਂ ਸਾਲ ਤੇਹਰਵਾਂ ਭੀ ਬੀਤਿਆ ਪਿਆਰੇ ॥ ੧੩

## ਚੌਦਵਾਂ ਸਾਲ ਸ਼ੁਰੂ ॥ ਬੈਂਤ

ਸਾਲ ਚਹੁਦਵੇਂ ਦੀ ਕਥਾ ਸੁਣੋ ਭਾਈ ਸੁਣੀ ਬੇਬੇ ਤੋਂ ਦਾਸ ਉਚਾਰਦਾ ਏ ॥
ਹੀਰੋਂ ਪਿੰਡ ਦੇ ਰਾਹ ਤੇ ਫਸਲ ਬਨੀ ਸਚਾ ਸੰਤ ਚੋਜੀ ਫੇਰਾ ਮਾਰਦਾ ਏ ॥
ਰਾਹੀ ਤਿੰਨ ਜਾਂਦੇ ਹੈਂਡੀ ਖੇਤ ਵਿਚੋਂ ਇਕ ਬਿਰਧ ਸੀ ਦੇਖ ਬੀਚਾਰਦਾ ਏ ॥
ਕਾਕਾ ਕਹਿਣ ਬੁਢਿਆ ਛੇਤੀ ਆਉ ਅੱਗੇ ਪੈਂਡਾ ਦੂਰ ਕਿਉਂ ਬਖਤ ਗੁਜਾਰਦਾ ਏ ॥
ਬਿਰਧ ਨਾਲ ਟਲਕੇ ਦੱਸੇ ਸਾਥੀਆਂ ਨੂੰ ਏਸ ਬਾਲ ਦਾ ਢੰਗ ਅਵਤਾਰਦਾ ਏ ॥
ਸੋਹਣੀ ਧਨਖ ਵਾਂਗੂੰ ਨੈਣ ਕਵਲ ਵਰਗੇ ਮੁਖ ਚੰਦ ਜਿਓਂ ਪਿਆ ਝਲਕਾਰਦਾ ਏ ॥
ਭੁਜਾਂ ਲੰਮੀਆਂ ਗੋਡਿਓਂ ਹੇਠ ਜਾਵਣ ਅੰਤ ਕੋਈ ਨਾ ਸੁੰਦਰ ਦਾਦਾਰਦਾ ਏ ॥
ਕਦੇ ਹੋਣ ਪਰਗਟ ਦੁਨੀਆਂ ਕੁੱਲ ਜਾਣੂ ਏਹੋ ਆਸਰਾ ਕੁੱਲ ਸੰਸਾਰਦਾ ਏ ॥
ਮੁਲਖ ਡੁੱਬਦੇ ਨੂੰ ਮਹਾ ਮੋਹ ਅੰਦਰ ਮਹਾਂ ਪੁਰਸ਼ ਐਸਾ ਆਕੇ ਤਾਰਦਾ ਏ ॥
ਜਿਦਾ ਸਿੰਘ ਸੀ ਖੇਤ ਦੀ ਬਾੜ ਕਰਦਾ ਸੁਣਕੇ ਰਾਹੀਆਂ ਤੋਂ ਹਿਰਦੇ ਧਾਰਦਾ ਏ ॥
ਚੀਮੀ ਦੱਸਦਾ ਪਿੰਡ ਦੇ ਲੋਕ ਸੁਣਦੇ ਗੱਲ ਸਾਰਿਆਂ ਪਾਸ ਵਿਸਥਾਰਦਾ ਏ ;
ਸਭੇ ਆਖਦੇ ਸੱਤਿ ਹੈ ਸੱਤਿ ਭਾਈ ਅਤਰ ਸਿੰਘ ਤਾਂ ਰੂਪ ਕਰਤਾਰ ਦਾ ਏ ॥
ਦਿਨੋਂ ਦਿਨ ਹੀ ਝਲਕਦਾ ਨੂਰ ਸੋਹਣਾ ਦਮਕ ਲਾਲ ਦੀ ਕੌਣ ਸਹਾਰਦਾ ਏ ॥
ਸ਼ਬਦ ਬੋਲਦਾ ਖੋਲ ਕੁਵਾੜ ਹਿਰਦਾ ਦਿਲਾਂ ਤਪਦਿਆਂ ਦੇ ਤਾਈਂ ਠਾਰਦਾ ਏ
ਹੈ ਬੈਕੁੰਠ ਨਗਰ ਜਹਾਂ ਮੇਰ ਬਾਸਾ ਬਾਣੀ ਵਿਚ ਗੁਰਦੇਵ ਪੁਕਾਰਦਾ ਏ ॥
ਬੀਤ ਗਿਆ ਇਹ ਸਾਲ ਨਹੌਣ ਸਿੰਘਾ ਚੋਜੀ ਰਾਤ ਦਿਨ ਨਾਮ ਚਿਤਾਰਦਾ ਏ ॥ ੧੪ ॥

## ਪੰਦਰਵਾਂ ਸਾਲ ਸ਼ੁਰੂ ॥ ਬੈਂਤ ॥

ਸਾਲ ਪੰਦਰਾਂ ਚੜ੍ਹ ਗਿਆ ਭਾਗ ਭਰਿਆ ਬਰਹੋ ਗੰਢ ਦੀਆਂ ਰਸਮਾਂ ਕਰਾਈਆਂ ਨੇ :
ਜੱਗ ਸੁਫਨਾ ਜਾਣ ਅਕੰਤ ਰਹਿੰਦੇ ਹਰੀ ਨਾਲ ਪਰੀਤੀਆਂ ਲਾਈਆਂ ਨੇ :
ਖੁਸ਼ੀ ਅਈ ਤਾਂ ਪਿਤਾ ਦੇ ਪਾਸ ਜਾਕੇ ਹਾਲੀ ਬਣਕੇ ਕੀਤੀਆਂ ਬਾਹੀਆਂ ਨੇ :
ਕਿਸੇ ਕੰਮ ਨੂੰ ਪਿਤਾ ਨਾ ਆਖਦੇ ਸੀ ਗੱਲਾਂ ਸਾਧੂਆਂ ਅੱਗੋਂ ਜਨਾਈਆਂ ਨੇ :
ਬਚਨ ਦੇਣ ਵਾਲੇ ਸਾਧੂ ਦਸਗੇ ਸੀ ਪੁੱਤਰ ਕਰਨੀਆਂ ਨੇਕ ਕੁਮਾਈਆਂ ਨੇ ॥
ਇਕੋ ਰੰਗ ਦੇ ਵਿੱਚ ਖਮੋਸ਼ ਰਹਿੰਦੇ ਭਜਨ ਬੰਦਗੀ ਦਿਲਾਂ ਨੂੰ ਭਾਈਆਂ ਨੇ ॥
ਖੁਸ਼ੀ ਆਈ ਤਾਂ ਬਾਢੀਆਂ ਕਰਦਿਆਂ ਤੋਂ ਫਾਂਟਾਂ ਜਾਇਕੇ ਚਾਰ ਲੁਵਾਈਆਂ ਨੇ ॥

Sri Satguru Jagjit Singh Ji eLibrary NamdhariElibrary@gmail.com

ਇਕ ਬਾਰ ਗੱਡਾ ਲਹੁਣ ਦਾਣਿਆਂ ਦਾ ਮਾਤਾ ਪਾਸ ਬੀ ਪਿਤਾ ਸੁਣਾਈਆਂ ਨੇ ।
ਅਤਰ ਸਿੰਘ ਨੇ ਕਾਰ ਬਿਹਾਰ ਛੱਡੇ ਕੀਤੈਂ ਕੰਠੀਆਂ ਏਸ ਤੋਂ ਪਾਈਆਂ ਨੇ ।
ਸੰਤ ਆਖਦੇ ਪਿਤਾ ਜੀ ਮਾਤ ਖਾਤਰ ਅਸੀਂ ਕੰਢੀਆਂ ਹੋਰ ਘੜਾਈਆਂ ਨੇ ।
ਕੰਢੀ ਸਾਥ ਦਰਗਾਹ ਦੇ ਬਿਚ ਜਾਊ ਗੁਰੂ ਬਾਣੀਆਂ ਕੰਠ ਕਰਾਈਆਂ ਨੇ ।
ਐਸੇ ਬੀਤਿਆ ਸਾਲ ਨਰੈਣ ਸਿੰਘਾ ਕਥਾ ਬਹੁਤ ਪਰ ਤੁੱਛ ਲਖਾਈਆਂ ਨੇ ॥ ੧੫ ।

## ਸੋਹਲਵਾਂ ਸਾਲ ਸ਼ੁਰੂ ॥ ਬੈਂਤ ॥

ਸੋਲਾ ਕਲਾ ਦੇ ਪੁਨਿਓ ਚੰਦ ਵਾਂਗੂ ਸਾਲ ਸੋਹਲਵੇ ਰੂਪ ਅਮੋਲ ਹੋਯਾ ॥
ਡੀਲ ਫੀਲ ਵਾਹੂੰ ਮਥੇ ਨੂਰ ਚੰਮਕੇ ਬਵਰ ਸ਼ੇਰ ਵਾਂਗੂੰ ਭਾਰੀ ਬੋਲ ਹੋਯਾ ॥
ਕਦਮ ਧਰਦਿਆ ਤੇ ਧਰਤ ਧਮਕ ਦੀ ਹੈ ਭਾਰੀ ਜਿਸਮ ਸਰੀਰ ਦਾ ਤੋਲ ਹੋਯਾ ॥
ਕਈ ਪਹਿਰ ਸੁਮਾਧੀਆਂ ਲਾਇ ਰਖਣ ਫੁਰਨਾ ਚਿੱਤ ਦਾ ਸਦਾ ਅਡੋਲ ਹੋਯਾ ॥
ਮਾਤਾ ਢੂੰਡਦਾ ਜੰਗਲਾਂ ਵਿਚ ਰਹਿਦੀ ਕਿਤੇ ਲੱਭਿਆ ਕਿਤੇ ਨਾ ਟੋਲ ਹੋਯਾ ॥
ਜੱਗ ਤਾਰਨੇ ਬਾਸਤੇ ਜੱਗ ਆਯਾ ਚੋਜੀ ਸੇਵਕਾਂ ਲਈ ਬਚੋਲ ਹੋਯਾ ॥
ਭਜਨ ਬੰਦਗੀ ਵਿਚ ਲਿਵ ਲੀਣ ਹੋਕੇ ਮੱਖਣ ਲਿਆ ਵਰੋਲ ਜੋ ਰੋਲ ਹੋਯਾ ॥
ਚੜ੍ਹਿਆ ਸੱਚਦਾ ਚੰਦ ਨਿਰੈਣ ਸਿੰਘਾ ਕੂੜ ਭਰਮਦਾ ਬਿਸਤਰਾ ਗੋਲ ਹੋਯਾ ॥ ੧੬

## ਸੰਤ ਮਹਾਰਾਜ ਜੀ ਕੀ ਆਯੂ ਦਾ ਸਤਾਰਵਾ ਸਾਲ ਸ਼ੁਰੂ ॥ ਬੈਂਤ ॥

ਕਿਸੇ ਦਿਨ ਤਿਹਾਰ ਦਾ ਸਮਝ ਮੌਕਾ ਮਾਤਾ ਪੁਤਰੀ ਤਾਂਈ ਬੁਲਾਇਆ ਈ ॥
ਰਤਨ ਕੌਰ ਏਥੇ ਜਲਿ ਸਹੁਰਿਆਂ ਤੋ ਪੇਕੇ ਪਿੰਡ ਫੇਰਾ ਘਰ ਪਾਇਆ ਈ ॥
ਮਾਤਾ ਕੰਠ ਲਗਾਇ ਕੇ ਕੁਸਲ ਪੁਛੀ ਸਤਿ ਸਿਰੀ ਅਕਾਲ ਗਜਾਇਆ ਈ ॥
ਸੰਤ ਸਾਹਿਬ ਜੀ ਨੇ ਬਡੀ ਭੈਣ ਜੀ ਨੂੰ ਅਦਵ ਸਾਥ ਫਿਰ ਸੀਸ ਨਿਵਾਯਾ ਈ ॥
ਕਈ ਰੋਜ ਬੇਬੇ ਏਥੇ ਠਹਿਰ ਕਰਕੇ ਘਰ ਆਪਣੇ ਜਾਵਣਾ ਚਾਇਆ ਈ ॥
ਮਾਤਾ ਦੇਇਕੇ ਇਕ ਪੁਸਾਕ ਚੰਗੀ ਬਿਦਾ ਪੁਤਰੀ ਤਾਂਈ ਕਰਾਇਆ ਈ ॥
ਆਖ ਸੰਤ ਜੀ ਨੂੰ ਬੇਬੇ ਸਾਥ ਲੈਗੀ ਬੀਰ ਆਪਣੇ ਪਾਸ ਟਿਕਾਇਆ ਈ ॥
ਕਈ ਰੋਜ ਪਿਛੋਂ ਸੰਤ ਮੁੜਨ ਲੱਗੇ ਬੇਬੇ ਕਰ ਪਰਸਾਦਿ ਛਕਾਇਆ ਈ ।
ਨਾਲੇ ਆਖਿਆ ਆਵਣਾ ਫੇਰ ਛੇਤੀ ਬੀਰਾ ਮਿਲਣ ਦਾ ਚਾਉ ਸੁਵਾਇਆ ਈ ॥
ਚੱਲੇ ਭੈਣ ਤੋਂ ਆਗਿਆ ਲੈਕਰਕੇ ਅਗੇ ਪਿੰਡ ਲਲੂਵਾਲ ਆਇਆ ਈ ॥
ਏਥੇ ਸਾਧ ਸੀ ਬੰਦਗੀ ਕਰਨ ਵਾਲਾ ਓਦੇ ਪਾਸ ਸੰਤਾਂ ਡੇਰਾ ਲਾਇਆ ਈ ॥
ਬੇਬੇ ਸਮਝ ਦੀ ਪਹੁਚਿਆ ਬੀਰ ਚੀਮੇ ਮਾਤਾ ਸਮਝ ਦੀ ਭੈਣ ਅਟਕਾਯਾ ਈ ॥
ਕਈ ਰੋਜ ਪਿਛੋਂ ਖਬਰ ਆਣ ਹੋਈ ਪਿਤਾ ਲੈਣ ਖਾਤਰ ਪਿੰਡੋਂ ਧਾਯਾ ਈ ॥
ਬਚਨ ਮੰਨਕੇ ਪਿਤਾ ਦੇ ਸਾਥ ਆਏ ਮਾਤਾ ਦੇਖਕੇ ਸ਼ੁਕਰ ਮਨਾਇਆ ਈ ॥
ਸੰਤ ਬੈਠ ਅਕੰਤ ਹੀ ਭਜਨ ਕਰਦੇ ਐਸੇ ਸਾਲ ਅਠਾਹਰਵਾਂ ਆਯਾ ਈ ॥

ਬਹੁਤਾ ਛੋੜ ਪ੍ਰਸੰਗ ਨਰੈਣ ਸਿੰਘਾ ਥੋੜਾ ਬੈਤ ਅੰਦਰ ਹੈ ਲਿਖਾਯਾਈ ॥ ੧੭

## ਅਠਾਰਵਾਂ ਸਾਲ ਸ਼ੁਰੂ। ਬੈਂਤ

ਚੜ੍ਹਿਆ ਉਮਰ ਅਠਾਰਵਾਂ ਸਾਲ ਸੰਤਾ ਰੂਪ ਹੁਸਨ ਸੋਹਣਾ ਠਾਠਾਂ ਮਾਰਿਆਇਆ।
ਬੈਠੇ ਰਹਿਣ ਅਕੰਤ ਹਰਿ ਜਾਪ ਜਪਦੇ ਚੇਤੇ ਹੋਰ ਨਾ ਕੋਈ ਬਿਹਾਰ ਆਯਾ।
ਪਲਟਨ ਸਿਖ ਚੁਰੰਜਾ ਕੁਹਾਟ ਛੌਣੀ ਛੁਟੀ ਲਇ ਏਥੋਂ ਸੂਬੇਦਾਰ ਆਯਾ।
ਚੀਮੇ ਪਿੰਡ ਦਾ ਏਹ ਬਸਨੀਕ ਭਾਈ ਨੇਕੀ ਖੱਟਿਣੇ ਲਈ ਮੰਸਾਰਆਯਾ।
ਸੁਣਕੇ ਬੰਦਗੀ ਕਰਦਿਆਂ ਸੰਤ ਜੀ ਨੂੰ ਘਰੋਂ ਚਲਕੇ ਪੌਣ ਦੀਦਾਰ ਆਯਾ।
ਕਈ ਹੋਰ ਅਗੇ ਦਰਸ਼ਨ ਪਾਰਹੇ ਸੀ ਸੂਬੇਦਾਰ ਮਨ ਚਾਓ ਨੂੰ ਧਾਰ ਆਯਾ।
ਦਰਸਣ ਪਾਇਕੇ ਚਿਤ ਨੂੰ ਸਾਂਤਿ ਆਈ ਸੂਬੇਦਾਰ ਨੂੰ ਯਾਦ ਕਰਤਾਰ ਆਯਾ।
ਦਰਸ਼ਨ ਕਰੀ ਜਾਂਦਾ ਹਿਰਦੇ ਕਹੀ ਜਾਂਦਾ ਅਤਰ ਸਿੰਘ ਹੈ ਸੰਤ ਅਵਤਾਰ ਆਯਾ।
ਦਾਤਾ ਜੱਗਦਾ ਜੱਗ ਦੇ ਤਾਰਨੇ ਨੂੰ ਬਖਸਣ ਵਾਸਤੇ ਭਗਤ ਭੰਡਾਰ ਆਯਾ।
ਮਸਤੀ ਨਾਮ ਦੀ ਵਿਚ ਖਮੋਸ਼ ਬੈਠਾ ਬਸਤੀ ਛੱਡ ਕੇ ਬਿੱਚ ਉਜਾੜ ਆਯਾ।
ਦਿਲ ਦੀ ਸਮਝਕੇ ਸੰਤ ਜੀ ਨੈਣ ਖੋਲੇ ਸੂਬੇਦਾਰ ਦਾ ਦਿਲੋਂ ਪਿਆਰ ਆਯਾ।
ਬੋਲੇ ਹੱਸ ਕੇ ਦੱਸ ਦਲੇਲ ਸਿੰਘਾ ਕੈਸਾ ਫੌਜ ਮੇਂ ਬਖਤ ਗੁਜ਼ਾਰ ਆਯਾ।
ਹੱਥ ਜੋੜ ਦੋਵੇਂ ਸੂਬੇਦਾਰ ਆਖੇ ਤੇਰੀ ਮਿਹਰ ਤੋਂ ਭਲੀ ਪਰਕਾਰ ਆਯਾ।
ਸੁਣਕੇ ਬਚਨ ਬਲਾਸ ਅਨੰਦ ਹੋਯਾ ਭਵਰ ਫੁਲਾਂ ਦੀ ਵਿਚ ਗੁਲਜ਼ਾਰ ਆਯਾ।
ਨੇਤਰ ਦੇਖਦੇ ਚੰਦ ਚਕੋਰ ਵਾਂਗੂੰ ਸਮਝਵਾਨ ਇਹ ਫੌਜੀ ਸਰਦਾਰ ਆਯਾ।
ਕਰੇ ਬੇਨਤੀ ਫੌਜ ਮਹਿ ਚਲੋ ਸੰਤੋ ਜੁਦਾ ਹੋਵਣਾਂ ਮੁਝੇ ਲਚਾਰ ਆਯਾ।
ਭਗਤ ਬੰਨ੍ਹ ਲੈਂਦੇ ਹਰੀ ਆਪਣੇ ਨੂੰ ਬਲ ਰਾਜ ਦੇ ਖੜਾ ਦੁਆਰ ਆਯਾ।
ਸੁਣਕੇ ਸੰਤ ਬੋਲੇ ਗੁਰੂ ਭਲਾ ਕਰਸੀ ਸੂਬੇਦਾਰ ਦੇ ਚਿੱਤ ਅਧਾਰ ਆਯਾ।
ਸੋਦਰ ਪੜ੍ਹੀ ਫਿਰ ਚਲੇ ਅਰਦਾਸ ਕਰਕੇ ਕਥਾ ਸੁਣਨ ਚੋਜੀ ਗੁਰਦੁਆਰ ਆਯਾ।
ਮੋਦੀਖਾਨੇ ਦੀ ਕਾਰ ਜਿਓਂ ਕਰਨ ਸਤਿਗੁਰ ਇਹ ਪ੍ਰਸੰਗ ਸਭ ਕਥਾ ਬਿਚ ਕਾਰ ਆਯਾ।
ਕਰਕੇ ਕਾਰ ਅਹਾਰ ਦਾ ਛਕਣਾ ਚੰਗਾ ਬਾਬੇ ਵਲੋਂ ਇਹ ਖਾਸ ਪਰਚਾਰ ਆਯਾ।
ਸੋ ਭੀ ਦਰਜ ਕਰ ਛੰਦ ਨਿਰੈਣ ਸਿੰਘਾ ਏਸ ਰੋਜ ਜੋ ਕਥਾ ਮਝਾਰ ਆਯਾ। ੧੮॥

## ਨਾਨਕ ਪ੍ਰਕਾਸ਼ ਬਿੱਚੋਂ ॥ ਸੁਵਯਾ ॥ ਬੇਬੇ ਨਾਨਕੀ ਤੇ ਜੈਰਾਮ ਨੂੰ ਉਪਦੇਸ਼ ਬਲਾਸ

ਪੁਨ ਪੰਕਜ ਨੈਨ ਭਣੇ ਮੁਖ ਬੈਨ ਸੁਸਾ ਸੁਨ ਬੇਦ ਬਖਾਨਤ ਜੈਸੇ।
ਕਰ ਸੋਂ ਕਰ ਕਾਰ ਅਹਾਰ ਕਰੈਂ ਕ੍ਰਿਤਾਰਥ ਦੇਹ ਕਰੈ ਨਰ ਐਸੇ।
ਧਨ ਆਪ ਕਮਾਇ ਖੁਵਾਇਕੈ ਖਾਵਤ ਛਾਦਨ ਭੋਜਨ ਸਾਧਨ ਦੈਸੇ।
ਕਰਣਾ ਕਰ ਸੰਤ ਉਧਾਰ ਕਰੈ ਭਵ ਭੀਤਰ ਫੇਰ ਨ ਆਵਤ ਕੈਸੇ॥

## ਚਉਪਈ

ਇਸ ਬਿਧ ਕਥਾ ਸੁਣੀ ਜਗ ਸਾਈ। ਸੂਬੇਦਾਰ ਬਿਨੰਤੀ ਗਾਈ ॥
ਗੁਰ ਨਾਨਕ ਜੀ ਮੋਦੀ ਖਾਨੇ। ਕਾਰ ਕਰਤ ਇਸ ਭਾਂਤ ਵਖਾਨੇ ॥ ੧੯ ॥
ਚਲੋ ਕੁਹਾਟ ਪ੍ਰਭੂ ਸੰਗ ਮੇਰੇ। ਮੈਂ ਰਾਖੋਂ ਅਪਨੇ ਹੀ ਡੇਰੇ ॥
ਜੋ ਕੁਝ ਤਲਬ ਨਾਥ ਮੈਂ ਪਾਊਂ। ਤਿਸਤੇ ਤੁਝੇ ਭੋਜਨ ਅਚਵਾਊਂ ॥ ੨੦ ॥
ਦਰਸ਼ਨ ਕਰ ਹਮਰੀ ਗਤਿ ਹੋਵੈ। ਤੁਮਰਾ ਦਰਸਣ ਪਾਪਾਂ ਖੋਵੈ ॥
ਸਾਧ ਕੈ ਸੰਗ ਨਹੀ ਕਛ ਘਾਲ। ਦਰਸ਼ਨ ਭੇਟਤ ਹੋਤ ਨਿਹਾਲ। ਗੁਰਵਾਕ ॥੨੧
ਸੁਨ ਕਰ ਬਚਨ ਸੰਤ ਜੀ ਕਰੇ। ਮਾਤ ਪਿਤਾ ਇਸ ਤੇ ਰਿਸ ਧਰੇ ॥
ਆਗੇ ਜਾਵਤ ਹਮ ਜਿਸ ਠਉਰ। ਪਿਤਾ ਲਿਆਵਤ ਕਰਕੇ ਗੌਰ ॥ ੨੨ ॥
ਬਾਹਰ ਜਾਵਣ ਇਹ ਬਿਧ ਕਰੀਏ। ਭਰਤੀ ਹੋਇ ਚਲਣ ਮਨ ਧਰੀਏ ॥
ਤਾਤ ਮਾਤ ਮੁਰ ਭਲਾ ਮਨਾਵੈਂ। ਪਾਛੇ ਟੋਲਣ ਹਿਤ ਨਹਿ ਆਵੈਂ ॥ ੨੩ ॥
ਬਹੁਰ ਨੌਕਰੀ ਦੀ ਜਹਿੰ ਛੋੜ। ਨਾਮ ਸਿਮਰੀਐ ਸੁਰਤੀ ਜੋੜ ॥
ਏਹ ਮਤਾ ਮਥਕੈ ਜਗ ਸਾਈ। ਮਾਤ ਪਿਤਾ ਪਹਿ ਬਾਤ ਚਲਾਈ ॥ ੨੪ ॥
ਕਹੈ ਦਲੇਲ ਸਿੰਘ ਸੁਣ ਮਾਤਾ। ਭਰਤੀ ਹੋਣ ਚਹਿਤ ਤੁਝ ਤਾਤਾ ॥
ਮਾਤਾ ਕਹੈ ਨ ਕਿਧਰੇ ਜਾਵੇ। ਘਰ ਮਹਿ ਰਹੇ ਕਿਰਤ ਕਰ ਖਾਵੇ ॥ ੨੫ ॥
ਬੋਲੇ ਪਿਤਾ ਬਾਤ ਸੁਣ ਐਸੀ। ਮੁਝ ਸਮਝਾਵੇ ਭਰਤੀ ਕੈਸੀ ॥
ਸੂਬੇਦਾਰ ਆਖ ਸਮਝਾਵੈ। ਅਤਰ ਸਿੰਘ ਭਰਤੀ ਹੁਇ ਜਾਵੈ ॥ ੨੬ ॥
ਕਰੇ ਨੌਕਰੀ ਧਨ ਖਟ ਲੇਹ। ਕੁਝ ਖਰਚੈ ਕੁਝ ਤੁਝ ਕਉ ਦੇਹ ॥
ਸੁਣ ਕਰ ਪਿਤਾ ਆਗਿਆ ਦੇਈ। ਮਾਤਾ ਕੀ ਮਰਜੀ ਨਹਿ ਭਈ ॥ ੨੭ ॥
ਸਨੇ ਸਨੇ ਕਹਿ ਮਾਤ ਮਨਾਈ। ਨੌਕਰ ਹੋਵਣ ਬਿਧ ਬਣਿਆਈ ॥
ਪਿਤਾ ਛਾਵਣੀ ਕਾ ਲਿਖ ਲੀਨਾ। ਮਾਤ ਪਿਤਾ ਕੁਝ ਖਰਚਾ ਦੀਨਾ ॥ ੨੮ ॥
ਰਾਤ ਟਿਕੇ ਉਠ ਸੁਭੇ ਭਧਾਰੇ। ਹਿਤ ਅਰਦਾਸ ਗਏ ਗੁਰ ਦ੍ਵਾਰੇ ॥
ਕਰ ਅਰਦਾਸ ਸ਼ਬਦ ਗੁਰ ਲੀਨਾ। ਬੰਦਨ ਕਰੀ ਪਿਆਨਾ ਕੀਨਾ ॥ ੨੯ ॥
ਮਾਤ ਪਿਤਾ ਕਹਿ ਕਰ ਅਟਕਾਏ। ਸੂਬੇਦਾਰ ਬਿਚਾਰ ਸੁਣਾਏ ॥
ਮਾਤਾ ਫਿਕਰ ਨ ਕਰੀਐ ਕੋਈ। ਇਹ ਤੇ ਭਲੀ ਬਾਰਤਾ ਹੋਈ ॥ ੩੦ ॥
ਅਤਰ ਸਿੰਘ ਭਰਤੀ ਹੁਇ ਜਾਵਤ। ਨਹੀਤ ਸਾਧਾਂ ਸੰਗ ਸਧਾਵਤ ॥
ਧੀਰਜ ਧਰ ਘਰਕੋ ਮੁੜਿ ਆਏ। ਜਗਤ ਨਾਥ ਜੀ ਅਗਾਰ ਸਿਧਾਏ ॥ ੩੧ ॥

**ਇਤ ਸਿਰੀ ਸੰਤ ਬਲਾਸ ਗ੍ਰੰਥੇ ਬਾਲ ਅਵਸਥੇ ਨੌਕਰੀ ਦੇ ਬਹਾਨੇ ਅਨੰਤ ਜੀਵਾਂ ਕੇ ਉਧਾਰ ਹਿਤ ਮਾਤ ਪਿਤਾ ਪਾਸੋਂ ਰੁਖਸਦ ਲੇਵਨ ਪ੍ਰਸੰਗ ਬਰਨਨ ਨਾਮ ਪੰਚਵੋ ਧਿਆਇ। ੫।**

Sri Satguru Jagjit Singh Ji eLibrary NamdhariElibrary@gmail.com

**ਪਿਛੇ ਜੋ ਪ੍ਰਸੰਗ ਆ ਚੁਕਿਆ ਬੇਬੇ ਰਤਨ ਕੌਰ ਤੇ ਨੰਬਰ-ਦਾਰ ਹਰਨਾਮ ਸਿੰਘ ਦੇ ਜ਼ੁਬਾਨੀ ਲਿਖਿਆ ਹੈ ॥ ਅਗੇ ਨੌਕਰੀ ਦਾ ਪ੍ਰਸੰਗ ਨਗਰ ਚੀਮਾ ਨਿਵਾਸੀ ਮਕੰਦ ਸਿੰਘ ਦੇ ਜ਼ੁਬਾਨੀ ਲਿਖਯਤੇ**

### —[] ਦੋਹਿਰਾ []—

ਸੂਬੇ ਦਾਰ ਦਲੇਲ ਸਿੰਘ ਅਗਹ ਚਲੇ ਕੁਝ ਸਾਥ ॥
ਕੱਟਕਰ ਛੁੱਟੀ ਆਵਣਾ ਇਵ ਆਖਤ ਜਗਨਾਥ ॥ ੧ ॥

ਸੰਤ ਚਲੇ ਸੁਭ ਕਰਤ ਬਲਾਸਾ । ਸੂਬੇਦਾਰ ਅਨੰਦ ਹੁਲਾਸਾ । ਆਖਤ ਸੰਤ ਭਲੀ ਬਣਿਆਈ ॥ ਖੁਸੀ ਭਏ ਹਮਰੇ ਪਿਤ ਮਾਈ । ੨ ਕਿਸੇ ਠਉਰ ਜੇਹਮ ਚਲ ਜਾਵਤ॥ ਟੋਲ ਭਾਲ ਕਰ ਮੁਝ ਲਿਆਵਤ ॥ ਅਵ ਜਾਨਤ ਧਨ ਖਾਟਿ ਲਿਆਵੈ ॥ ਹਮਰੇ ਮਨ ਕਉ ਹਰਿ ਧਨ ਭਾਵੈ । ੩ ਜੋ ਆਵਤ ਕੁਝ ਤਲਬ ਹਮਾਰੀ। ਤਉ ਹਮ ਸੰਤ੍ਰਨ ਕੇ ਹਿਤ-ਕਾਰੀ । ਆਪ ਛਕੈ ਸਾਧਨ ਕਉ ਦੇਹੇ। ਹਰਿ ਸਿਮਰਨ ਕਰਿ ਆਨੰਦ ਲੈਹੈ ੪ । ਸੂਬੇ-ਦਾਰ ਸੁਣੋ ਪਰਸੰਗਾ । ਕਿਰਤ ਕੁਮਾਇ ਖਾਵਣਾ ਚੰਗਾ । ਪੂਰਬ ਰਾਜੇ ਰਾਜ ਕੁਮਾਵਮਨ ਕਰਸੇ ਕਾਰ ਕਰਨ ਸੋ ਖਾਵਨ ੫ । ਕਈਕ ਬੇਚਤ ਬਟ ਬਟ ਬਾਣ । ਤਿਸ ਪੈਸੇਕਾ ਭੋਜਨ ਖਾਣ ॥ ਕਥਾ ਸੁਣੀ ਗੁਰ ਏਵ ਬਖਾਨੀ । ਤਵੈ ਨੋਕਰੀ ਹਮ ਭਲ ਮਾਨੀ ੬ । ਇਸ ਬਿਧ ਬਚਨ ਅਪਾਰ ਸੁਣਾਏ । ਸੂਬੇਦਾਰ ਦਯੋ ਅਟਕਾਏ। ਵੰਦਨ ਕਰ ਜੈਕਾਰ ਬੁਲਾਯਾ ॥ ਸੂਬੇਦਾਰ ਪਰਤਿ ਘਰਿ ਆਯਾ ੭ । ਬਿੱਕਰਮੀ ਉਨੀ ਸਉ ਚਾਲੀ। ਜੇਠ ਮਹੀਨਾ ਧੂਪ ਕਰਾਲੀ । ਆਯੂ ਸਾਲ ਸਤਾਰਾਂ ਭਈ ॥ ਦੋਇ ਮਾਸ ਉਪਰ ਹੁਇ ਗਈ ੮ ਜਗਤ † ਉਧਰਨ ਹਿਤ ਜੱਗ ਸਾਈ । ਮਾਤ ਪਿਤਾ ਤੋਂ ਰੁਖਸਦ ਪਾਈ । ਧਰਮ ਕੋਟ ਨੱਗਰ ਚਲ ਆਏ । ਭਰਤੀ ਹੋਏ ਰੇਲ ਚੜ੍ਹਾਏ ੯ ॥

### ] ਕਬਿਤ [

ਭਾਈ ਕੀ ਪਸ਼ੋਰ ਪਿੰਡ ਏਥੋਂ ਦਾਵਜ਼ੀਰ ਸਿੰਘ ਮਿਲਿਆਹਵਾਲਦਾਰ ਭਰਤੀਕਰਾਏਤਿਨ ਡੌਲ ਫੌਲ ਸੁੰਦਰ ਜਆਨ ਬਲਵਾਨ ਦੇਖ ਪਲਟਨ ਨ ਭੇਜੇ ਤੋਪਖਾਨੇ ਵਿ ਰਖਾਏ ਤਿਨ ਆਏ ਯਾ ਦਲੇਲ ਸਿੰਘ ਛੁੱਟੀ ਕਟ ਚੀਮਿਆਂ ਤੋਂ ਕੀਤੀ ਪੁੱਛ ਗਿੱਛ ਘਰੋਂ ਆਖ਼ਕੇ ਪਠਾਇ ਤਿਨ । ਮਿਲੇ ਸਿਰੀ ਸੰਤ ਸੁਣਿਲਿਆ ਬਰਤੰਤ ਸਭ ਬਦਲੀ ਕਰਾਂਗੇ ਬੇੜੀ ਆਖਕ ਟਿਕਾਏ ਤਿਨ ॥ ੧੫

ਕਰੋ ਰੰਗਰੂਟੀ ਪਾਸ ਹੋਵੇ ਨਾ ਉਦਾਸ ਕੁਛ ਬਲ ਸਖਾ ਮੀਤ ਚੰਗੂੰ ਆਖ ਸਮ-ਝਾਏ ਤਿਨ । ਬੀਤ ਗੇ ਮਹੀਨੇ ਨੌ ਚਲੀਜਗ ਚਾਲ ਪ੍ਰਭ ਹੋਏ ਜਬ ਪਾਸ ਝੱਟ ਬਦਲੀ ਕਰਾਏ ਤਿਨ। ਪਲਟਨ ਚੁਰੰਜਾ ਸਿੱਖ ਏਥੇ ਸਤ ਸੰਗੀ ਲੋਕ ਆਏ ਜਦੋਂ ਸੰਤ ਸਭੇ ਸੱਦ ਕੇ ਬੁਲਾਏ ਤਿਨ । ਬੰਦਗੀ ਦਾ ਪੁੰਜ ਮੇਰੀ ਬੇਨਤੀ ਸੇ ਆਏ ਸੰਤ ਸੂਬੇਦਾਰ ਭਲਾ

† ਜਗਤ ਉਧਾਰਨ ਸੰਤ ਤੁਮਾਰੇ ਦਰਸ਼ਨ ਪੇਖਤ ਰਹੇ ਅਘਾਇ ਆਸਾ ਮਃ ੫

Sri Satguru Jagjit Singh Ji eLibrary NamdhariElibrary@gmail.com

ਐਸੇ ਬਚਨ ਸੁਣਾਏ ਤਿਨ ॥ ੧੧

ਠਾਕਰ ਮ੍ਰਿਗਿੰਗ ਸੁਧਾ ਸਰਦੇ ਨਿਵਾਸੀ ਜੋਈ ਭਗਤ ਗਿਆਨੀ ਬੜੇ ਲੋਕ ਸਮਝਾਏ ਤਿਨ । ਛੌਣੀਆਂ ਚ ਜਾਇ ਸੁਧਾ ਪਾਨ ਕਰਵਾਂਵਦੇ ਸੀ ਆਇ ਜਾਂ ਕੁਹਾਟ ਡੇਰੇ ਗੁਰਦੁਆਰ ਲਾਏ ਤਿਨ । ਗ੍ਰੰਥੀ ਜੋਧ ਸਿੰਘ ਰੂਪ ਚੰਦ ਜੀ ਦਾ ਖਾਨ ਦਾਨੀ ਭਾਈ ਰੂਪੇ ਪਿੰਡ ਦਾ ਸੀ ਆਖ ਬੁਲਵਾਏ ਤਿਨ । ਹੋਏ ਰੰਗਰੂਟ ਪਾਸ ਅੰਮ੍ਰਿਤ ਛਕਾਮਣਾ ਸੀ ਬਾਣੀਆਂ ਦੇ ਨਿੱਤ ਨੇਮੀ ਸਿੰਘ ਸਦਵਾਏ ਤਿਨ । ੧੨

## ਸੰਤ ਮਹਾਰਾਜ ਜੀ ਕਾ ਅੰਮ੍ਰਿਤ ਛਕਣ ਦਾ ਪ੍ਰਸੰਗਿ ਗਿਆਨੀ ਠਾਕਰਸਿੰਘ ਅੰਮ੍ਰਿਤਸਰ ਨਿਵਾਸੀ ਦੇ ਜ਼ੁਬਾਨੀ ਲਿਖਯਾ ਸੁਵਯਾ ਛੰਦ

ਠਾਕਰ ਸਿੰਘ ਲਖ ਵਤ ਮੁਝ ਕੇ ਜਿਉ ਪ੍ਰਭ ਕੀਤਾ ਅੰਮ੍ਰਿਤ ਪਾਨ ਸ਼ਹਿਰ ਕੁਹਾਟ ਛਾਵਣੀ ਅੰਦਰ ਗੁਰੂ ਦੁਆਰੇ ਮਾਹਿ ਪਛਾਨ ॥ ਜੋ ਰੰਗਰੂਟ ਪਾਸ ਸਨ ਹੋਏ ਪਹਿਰ ਕਕਾਰ ਸੋਧ ਇਸ਼ਨਾਨ । ਖੰਡੇ ਪਹੁਲ ਛਕਣ ਦੇ ਹੇਤੂ ਗੁਰੂ ਦੁਆਰ ਖਲੋਤੇ ਆਨ ॥ ੧੩ ਸਭ ਰੰਗਰੂਟਨ ਤੇ ਸ਼ੁਭ ਦਿਰਸਨ ਜਿਓਂ ਕਰ ਬਿੱਚ ਤਾਰਿਆਂ ਚੰਦ ॥ ਅਤਰ ਸਿੰਘ ਦੁਨੀਆਂ ਦੇ ਤਾਰਕ ਸਜੇ ਖਲੋਤੇ ਮਹਾਂ ਅਨੰਦ । ਅੰਗ ਅੰਗ ਰੁਸਨਾਈ ਭਰਿਅ ਜਿਓਂ ਹਰਿ ਆਪੇ ਮੀਰ ਮੁਕੰਦ । ਹਾਥ ਜੋੜ ਮੁਖ ਮੰਤਰ ਸਿਮਰਤ ਮਾਂਗਤ ਅੰਮ੍ਰਿਤ ਮਹਾ ਬਲੰਦ ॥ ੧੪.

### ਕਵਿਓ ਵਾਚ ॥ ਸੁਵਯੇ ॥

ਕੋਟਿ ਨਰਿੰਦ ਰਹੇ ਜਹਿ ਜਾਚਤ ਕੋਟਿ ਫੁਨਿੰਦ ਜਪੈ ਲਿਵ ਲਾਹੀ । ਕੋਟਿ ਗਜਿੰਦ ਧਿਆਨ ਧਰੇ ਜਹਿ ਕੋਟ ਦਿਨਿੰਦ ਨਿਸਿੰਦ ਸਲਾਹੀ । ਕੋਟਿ ਗਜਾਨਨ ਕੋਟਿ ਖਟਾਨਨ ਕੋਟਿ ਮਹੇਸ ਜਪੇ ਉਰ ਤਾਹੀ । ਸੋ ਪ੍ਰਭ ਪੂਰਨ ਅੰਮ੍ਰਿਤ ਮਾਂਗਤ ਕੌਤਕ ਸੰਤ ਲਖੇ ਮਨ ਮਾਹੀ । ੧੫ । ਕੋਟਿ ਮਿਲੇ ਸੁਰਗਿੰਦ ਧਿਆਵਤ ਕੋਟ ਮੁਨਿੰਦ ਮਿਲੇ ਜਸ ਗਾਹੀ ਸਾਤ ਪਤਾਲ ਬਸੇ ਬਲਰਾਜ ਜਪੇ ਦਿਨ ਰਾਤ ਕਰੇ ਪਤਿ ਸਾਹੀ । ਪੌਣ ਜਪੇ ਤ੍ਰਿਨਿ ਭੌਣ ਜਪੇ ਸਭ ਕੌਣ ਗਿਣੇ ਗਿਣਤੀ ਕਛ ਨਾਹੀ । ਸੋ ਪ੍ਰਭ ਪੂਰਨ ਅੰਮ੍ਰਿਤ ਮਾਂਗਤ ਕੌਤਕ ਸੰਤ ਲਖੇ ਮਨ ਮਾਹੀ ॥ ੧੬ ॥ ਜਾਹਿ ਜਪੇ ਦੁਰਗਾ ਨਵ ਕੋਟਨ ਤੇਤੀਸ ਕੋਟ ਜਪੇ ਸੁਰ ਜਾਹੀ । ਨਾਰਦ ਸਾਰਦ ਕੋਟ ਜਪੇ ਜਹਿ ਕੋਟ ਕੁਮੇਰ ਭੰਡਾਰ ਧਿਆਹੀ । ਕੋਟ ਜਿਸੇ ਚਤਰਾਨਨ ਗਾਵਤ ਕੋਟ ਜਿਸੇ ਬ੍ਰਹ ਮੰਡ ਸਲਾਹੀ । ਸੋ ਪ੍ਰਭ ਪੂਰਨ ਅੰਮ੍ਰਿਤ ਮਾਂਗਤ ਕੌਤਕ ਸੰਤ ਲਖੇ ਮਨ ਮਾਹੀ । ੧੭

## ਸਾਧ ਮੂਰਤਿ ਭੇਟਿਓ ਗੁਰ ਨਾਨਕ ਮਿਲ ਸਾਗਰ ਬੂੰਦ ਨਹੀ ਅਮਹੇਰਾ

## ਗੁਰਵਾਕ ਸੋਈ ਫਿਰਕੇ ਤੂੰ ਭਇਆ ਜਾਂਕੋ ਕਹਿਤਾ ਅਉਰ ।

## ਕਬੀਰ ਜੀ ਸਲੋਕ

Sri Satguru Jagjit Singh Ji eLibrary NamdhariElibrary@gmail.com

# ਅੰਮ੍ਰਿਤ ਛਕਣਾ ਸੁਵਯਾ ਛੰਦ

ਠਾਕਰ ਸਿੰਘ ਗਿਆਨੀ ਮਿਲਿਆ ਜੋਧ ਸਿੰਘ ਗ੍ਰੰਥੀ ਬੀਚਾਰ। ਹੀਰਾ ਸਿੰਘ ਹਵਾਲ-
ਦਾਰ ਸੀ ਅਵਰ ਦਲੇਲ ਸਿੰਘ ਸਰਦਾਰ। ਚਾਰ ਪਿਆਰੇ ਹਾਜਰ ਹੋਏ ਕਰਤ ਪੰਜਵੇਂ
ਦੀ ਪਰਤਾਰ। ਏਕ ਨਰੰਗ ਸਿੰਘ ਤਵ ਆਯਾ ਸੁੰਦਰ ਜਿਉ ਗੁਰਦਸਮ ਉਤਾਰ। ੧੮
ਠਾਕਰ ਸਿੰਘ ਗਿਆਨੀ ਬੋਲੇ ਸੁਣੋ ਨਿਰੰਗ ਸਿੰਘ ਅਰਦਾਸ। ਚਾਰ ਪਿਆਰੇ ਹਾਜ਼ਰ
ਹੋਏ ਆਪ ਪੰਜਵੇਂ ਆਇ ਪਾਸ। ਰਲੇ ਸਾਥ ਅੰਮ੍ਰਿਤ ਬਣ ਜਾਵੇ ਤਵ ਇਹ ਕਾਰਜ
ਆਵੇ ਰਾਸ ॥ ਤਵੈ ਨਿਰੰਗ ਸਿੰਘ ਦਿਵ ਬੋਲੇ ਹਮ ਇਸ ਕਾਰਜ ਆਏ ਖਾਸ। ੧੯
ਰਾਖ ਸੁਨਹਿਰੇ ਪਾਹਿਨ ਉਪਰ ਬਾਟਾ ਸਰਬ ਲੋਹ ਦਾ ਆਨ। ਸਰਬ ਲੋਹ ਗੜ੍ਹਵੇ
ਦਾ ਪਾਣੀ ਖੰਡਾ ਸਰਬ ਲੋਹ ਦਾ ਜਾਨ। ਰਹਤ ਪੁੱਛ ਅਰਦਾਸਾ ਕਰਕੇ ਪੰਜੇ ਪਾਇ
ਪਤਾਸੇ ਪਾਨ। ਲੈ ਗੁਰਵਾਕ ਬਣਾਵਤ ਅੰਮ੍ਰਿਤ ਨਿਗਾਂਹ ਜਲ ਬਾਟੇ ਵਲ ਠਾਨ॥ ੨੦
ਜਪ ਸਾਹਿਬ ਤੇ ਜਾਪ ਸਾਹਿਬ ਜੀ ਚਉਪਈ ਸੁਧਾ ਸੁਵਯੇ ਗਾਇ। ਪਉੜੀ ਪੰਜ
ਅਨੰਦ ਗਿਰਾਕੀ ਛੇਵੀਂ ਸਾਥ ਭੋਗ ਦੀ ਪਾਇ। ਗੁਰ ਮਰਯਾਦ ਸਹਿਤ ਪੜ੍ਹ ਪੰਜੇ
ਖੰਡਾ ਫੇਰਤ ਸੁਰਤ ਟਿਕਾਇ। ਏਕ ਸ਼ਬਦ ਸੁਣ ਗੁਰੂ ਗ੍ਰੰਥ ਕਾ ਕਰ ਅਰਦਾਸ ਸਜੇ
ਤਿਸ ਥਾਇ। ੨੧। ਜੋ ਅਭਿਲਾਖੀ ਅੰਮ੍ਰਿਤ ਕੇਰੇ ਸਭਦੀ ਰਹਿਤ ਪੁੱਛ ਸਮਝਾਇ। ਮੰਤਰ
ਮੂਲ ਸਰਬ ਦੇ ਮੁਖ ਜਥੇਦਾਰ ਪੜ ਮਗਰ ਪੜਾਇ। ਆਸਣ ਬੀਰ ਬਠਾਇ ਛਕਾਵਨ
ਬਾਰ ਬਾਰ ਸਤ ਛਕਦੇ ਆਏ। ਪੰਜ ਛਕਾਏ ਪੰਜ ਨੇਤਰੀ ਚੂਲੇ ਪੰਜ ਸੀਸ ਮਹਿ ਪਾਇ
੨੨। ਹਰ ਚੂਲੇ ਸੰਗ ਫਤੇ ਬੁਲਾਈ ਜਥੇਦਾਰ ਸਮਝਾਇ ਬੁਲਾਇ। ਬੋਲ ਵਾਹਿਗੁ
ਆਪ ਬੁਲਾਵੇ ਵਾਹਿਗੁਰੂ ਤਿਸਤੇ ਲਖਵਾਇ। ਪਹੁਲ ਛਕਾਇ ਸਬਦ ਪੜਵਾਯਾ ਸੁ
ਸਰੋਤਾ ਦਾਸ ਬਤਾਇ। ਸੁਰਨਰ ਮੁਨ ਜਨ ਅੰਮ੍ਰਿਤ ਖੋਜਤ ਗੁਰ ਤੇ ਪਾਯਾ ਦਿ
ਵਿਧਗਾਇ੨੩। ਪਾਛੇ ਰਹਤ ਸਭੇ ਸਮਝਾਈ ਅਲਪ ਲਿਖੂੰ ਮੈਂ ਗਤ ਲਖਲੇਹ। ਕੰਘਾ
ਕੇਸ ਕੜਾ ਕਰਪਾਨੀ ਕੱਛ ਕਕਾਰ ਪੰਜ ਹਨ ਏਹ। ਪੰਜੇ ਤਨ ਤੇ ਦੂਰਨ ਕਰਨੇ
ਕੇਸਾਂ ਕੇ ਸੰਗ ਅਧਕ ਸਨੇਹ। ਤਾਰੂ ਸਿੰਘ ਬਚਨ ਦੇ ਸੂਰੇ ਲਹੀ ਖੋਪਰੀ ਕੇਸ ਨ
ਦੇਹ ੨੪। ਕੂਠਾ ਚਟਨ ਸੀਸ ਦੀ ਚੋਟੀ ਰੋਮ ਕ੍ਰਿਤੇਂ ਨਹਿ ਛੇਦ ਕਰਹ ਕੁੱਠਾ ਮਾਸ
ਤਮਾਕੂ ਬਰਤਨ ਸੰਗ ਤੁਰਕਣੀ ਤਜ ਇਹ ਤੀਨ ਪਰ ਬੇਟੀ ਨੂੰ ਬੇਟੀ ਜਾਣੈ ਪਰ
ਇਸਤਰੀ ਮਾਤਾ ਲਖਲੀਨ ਰੋਮ ਕਟਨ ਸਣ ਚਾਰ ਕੁਰਹਿਤਾਂ ਏਹ ਨਾ ਕਰ ਸੇਈ
ਪਰਬੀਨ। ਸਵਾ ਪਹਿਰ ਨਿਸ ਰਹਿਦੀ ਮੱਜਨ ਪੰਜ ਬਾਣੀਆਂ ਪਾਠ ਸੁਕੀਨ ॥ ੨੫
ਜਪੁਜੀ ਜਾਪ ਸੁਵਯ ਆਨੰਦ ਸੁਵਾ ਲਖਤ ਇਹ ਪੜੀਐ ਚਾਰ ॥ ਸੰਝ ਸਮੇ ਰਹਿਰਾਸ
ਪੜ੍ਹ ਨਿਤ ਸੇਵਤ ਸੁਹਿਲਾ ਪਾਠ ਉਚਾਰ। ਗੁਰ ਮੰਤਰ ਵਾਹਿਗੁਰੂ ਸਿਮਰੈ ਅੰਮ੍ਰਿਤ
ਬੇਲੇ ਮੱਜਨ ਧਾਰ। ਚੜ੍ਹੇ ਦਿਵਸ ਗੁਰਬਾਣੀ ਗਾਵੈ ਸਤਿਗੁਰ ਭਾਖਤ ਇਸ ਪਰਕਾਰ
੨੬ ਗੁਰ ਦਸਬੰਦ ਗੁਰੂ ਘਰ ਦੇਵੈ ਕਿਰਤ ਕੁਮਾਕੇ ਛਕੈ ਅਹਾਰ। ਚੋਰੀ ਯਾਰੀ

ਗਨਕਾ ਜੂਆ ਨਿੰਦਾ ਚੁਗਲੀ ਝੂਠ ਬਸਾਰ । ਲੜਕੀ ਸਿੰਘ ਸਿੰਘ ਘਰ ਦੇਵੈ ਕੁੜੀ ਮਾਰ ਦਾ ਤਜੇ ਪਿਆਰ । ਲੜਕੀ ਦਾ ਕੁਝ ਦਾਮ ਨ ਲੇਵੈ ਦਾਜ ਨ ਦੇਵੈ ਹਉਮੈ ਧਾਰ ੨੭ । ਅਵ ਤੁਮ ਜਨਮ ਗੁਰੂ ਘਰ ਪਾਯਾ ਪੰਥ ਖਾਲਸਾ ਭਾਈ ਜਾਨ । ਪਿਤ ਗੁਰੂ ਗੋਬਿੰਦ ਸਿੰਘ ਜੀ ਮਾਤਾ ਸਾਹਿਬ ਕੌਰ ਪਛਾਨ ॥ ਜਨਮ ਕੇਸ ਗੜ੍ਹ ਜਿਥੇ ਸਿੰਘਾਂ ਅੰਮ੍ਰਿਤ ਲੀਤਾ ਦੇ ਸਿਰਦਾਨ । ਬਾਸੀ ਜਾਣ ਅਨੰਦ ਪੁਰੇ ਦੀ ਜਹਿ ਗੁਰੁ ਗ੍ਰੰਥ ਸੋਈ ਗੁਰੁ ਥਾਨ ੨੮ । ਸਦਾ ਅਨੰਦ ਰਹੇ ਦਿਨ ਰਾਤੀ ਲੈਕਰ ਗੁਣ ਬੰਤਨ ਕੋ ਛਾਰ ਜਹਿ ਸਤਿ ਸੰਗ ਹੋਇ ਤਹਿ ਜਾਣਾ ਤਜੇ ਕੁਸੰਗਤ ਮਨੋ ਬਸਾਰ ॥ ਬਿਨ ਗੁਰ ਹੋਰ ਦੇਵ ਨਹੀ ਪੂਜੇ ਮੜੀ ਮਸਾਣੀ ਭੁੱਜ ਬਡਾਰ ਨੇਤਰਾ ਕੰਨ ਧਿਰਗ ਉਹ ਰਸਨਾ ਬਿਨ ਗੁਰ ਸਬਦ ਜਪੇ ਧ੍ਰਿਤਧਾਰ ੨੯ ॥

ਦਸੋ ਗੁਰੂ ਗੁਰ ਗ੍ਰੰਥ ਸਾਹਿਬ ਜੀ ਪੰਥ ਖਾਲਸੇ ਕੇ ਗੁਰ ਏਹ । ਜੁਗ ਜੁਗ ਸਤਿਗੁਰ ਪਰਗਟ ਹੋਵੈ ਜਹਿ ਪ੍ਰਗਟੇ ਤਹ ਕਰੋ ਸਨੇਹ । ਭਯਾ ਮਨੂਰ ਕੰਚਨ ਫਿਰ ਹੋਵੈ ਜੇਕਰ ਸਤਿਗੁਰ ਮਿਲੈ ਤਨੇਹ । ਜਾ ਸਤਿਗੁਰ ਤਾ ਸੰਗਤ ਵਣਾਵਤ ਪੜ ਗੁਰਬਾਣੀ ਇਵ ਲਖ ਲੇਹ ॥ ੩੦ ॥ ਰਹਿਣੀ ਬਹਿਣੀ ਕਹਿਣੀ ਸਹਿਣੀ ਸਭ ਸਮਝਾਇ ਕਰੀ ਅਰਦਾਸ । ਹੇ ਸਤਿਗੁਰ ਤੁਮਰੇ ਘਰ ਜਨਮੇ ਇਨਕੇ ਕਾਰਜ ਕਰਨੇ ਰਾਸ । ਅੰਗ ਸੰਗ ਰਹਿਣਾ ਸਦ ਸਭਕੇ ਜੋ ਛਕ ਅੰਮ੍ਰਿਤ ਹੋਏ ਦਾਸ ਕਰ ਅਰਦਾਸ ਦੇਗ ਵਰਤਾਈ ਫਿਰ ਫਿਰ ਦਈ ਸਰਬ ਦੇ ਪਾਸ ॥ ੩੧ ॥ ਜਿਨ ਜਿਨ ਪਹੁਲ ਛਕੀ ਗੁਰ ਕੇਰੀ ਤਿਨ ਕੋ ਗੱਫੇ ਅਧਿਕ ਲੁਵਾਇ । ਮਨ ਭਾਵਤ ਛਕ ਲੀਨੀ ਤਿਸਨੇ ਬਹੁਰ ਚਲੇ ਗ੍ਰਿਹਿ ਅਪਣੇ ਦਾਏ ॥ ਠਾਕਰ ਸਿੰਘ ਗਿਆਨੀ ਇਸ ਬਿਧ ਸਿੱਖ ਪਲਟਨਾ ਅੰਦਰ ਜਾਇ । ਅੰਮ੍ਰਿਤ ਪਾਨ ਕਰਾਵਤ ਫਿਰ ਫਿਰ ਤਿਨ ਮੁਹਿ ਦੀਨੀ ਕਥਾ ਲਿਖਾਇ ॥ ੩੨ ਸੁਣੋ ਸਰੋਤਾ ਅਤਰ ਸਿੰਘ ਪ੍ਰਭ ਰਹੇ ਦਲੇਲ ਸਿੰਘ ਦੇ ਪਾਸ । ਕੁਝ ਦਿਨ ਬਾਦ ਦਲੇਲ ਸਿੰਘ ਨੇ ਇਸ ਬਿਧ ਮੁਖਤੇ ਕਰੇ ਬਲਾਸ । ਬਣੋ ਅੜਦਲੀ ਗੁਰੂ ਦੁਆਰੇ ਗੁਰੂ ਗ੍ਰੰਥ ਕੀ ਸੇਵਾ ਖਾਸ । ਸੁਣ ਕਰ ਸੰਤ ਸਾਹਿਬ ਜੀ ਬੋਲੇ ਏਹੋ ਥੀ ਸਾਡੇ ਦਿਲ ਆਸ ॥ ੩੩ ॥ ਬਹੁਤਾ ਠਹਿਰਨ ਗੁਰੂ ਦੁਆਰੇ ਗ੍ਰੰਥੀ ਜੋਧ ਸਿੰਘ ਦੇ ਕੋਲ । ਅੰਮ੍ਰਿਤ ਵੇਲੇ ਕਰਿ ਇਸਨਾਨਾ ਪਾਰ ਬ੍ਰਹਮ ਸੋ ਜੁੜਨ ਅਡੋਲ । ਧਰਨ ਧਿਆਨ ਦੇਖ ਸਭ ਆਖਣ ਅਤਰ ਸਿੰਘ ਹੈ ਸੰਤ ਅਮੋਲ । ਸੰਤ ਸੰਤ ਕਹਿ ਸਭੇ ਬੁਲਾਵਨ ਅਦਬ ਕਰਨ ਮੁਖ ਮਿੱਠਾ ਬੋਲ । ੩੪ ॥ ਪੜ੍ਹਦੇ ਸੰਤ ਗ੍ਰੰਥ ਹਮੇਸ਼ਾ ਜੋਗ ਬਸਿਸਟ ਆਦ ਬੀਚਾਰ । ਕਈ ਗਰੰਥ ਪੜ੍ਹੇ ਜਵ ਸੰਤਾਂ ਬਹੁਰ ਪੜ੍ਹਾਏ ਸਿੰਘ ਅਪਾਰ । ਗੁਰ ਪਰਤਾਪ ਆਦ ਸੂਰਜ ਕੀ ਕਥਾ ਸੁਣਾਵਣ ਸੰਤ ਉਤਾਰ । ਇਹਭੀ ਜਗਤ ਚਾਲਹੀ ਵਰਤੀ ਆਪ ਘੜਨਤੇ ਭੰਞਨ ਹਾਰ । ੩੫ । ਗੋਲੀ ਚੰਦ ਬਿਚ ਜਵ ਮਾਰਨ ਬਿਚ ਗੁਲਜਰੀ ਲਾਗੇ ਨਸ਼ਾਨ । ਕਰ ਪਰੇਟ ਆਵਣ ਵਿਚ ਛੌਣੀ ਬਾਣੀ ਪੜ੍ਹਨ ਸੋਧ ਇਸ਼ਨਾਨ

ਸਿੰਘ ਅਨੇਕ ਲਗਾਏ ਸੰਤਾਂ ਪਾਰ ਬ੍ਰਹਮ ਦਾ ਧਰਨ ਧਿਆਨ। ਬਹੁਤੇ ਸਿੰਘ ਸ਼ਬਦ ਅਭਿਆਸੀ ਸੰਤਾਂ ਦੀ ਸੋ ਕਰਨ ਪਛਾਨ ।੩੬। ਚਰਨੀ ਸੀਸ ਨਿਵਾਨ ਸਭਹੀ ਪਰਗਟ ਛਪੈ ਨ ਹਰਿ ਕਾ ਸੰਤ। ਸਿਮਰਨ ਕਰਨ ਸੰਤ ਹਰ ਵੇਲੇ ਬੇਹਲ ਮਿਲੇ ਹੋ ਬਹਿਣ ਅਕੰਤ । ਦੇਖ ਦੇਖ ਅਵਸਰ ਭੀ ਸਭ ਹੀ ਸੰਤਾ ਦਾ ਸਭ ਅਦਵ ਰਖੰਤ ॥ ਪਹਿਰਾ ਮਾਫ਼ ਰਿਹਾ ਹਰਿ ਵੇਲੇ ਗੁਰ ਦੁਆਰੇ ਸਿਮਰਨ ਗੁਰ ਮੰਤ ੩੭ ॥

**ਇਤ ਸਿਰੀ ਸੰਤ ਬਲਾਸ ਗ੍ਰਿੰਥੇ ਬਾਲ ਅਵਸਥੇ ਸੰਤ ਜੀ ਮਹਾਰਾਜ ਕੇ ਅੰਮ੍ਰਿਤ ਛਕਣ ਕਾ ਪ੍ਰਸੰਗ ਬਰਨਨ ਨਾਮ ਖਸਟਵੇਂ ਧਿਆਇ। ੬ ਬਾਲ ਅਵਸਥਾ ਅਠਾਰਾਂ ਸਾਲ ਤਕ ਸਮਾਪਤ ਅੱਗੇ ਜੁਵਾ ਅਵ-ਸਥਾ ਸ਼ੁਰੂ ਭਈ ਭਰਤੀ ਦੇ ਮਹੀਨੇ ਉਪਰ ਸਤਾਰਾਂ ਸਾਲ ਦੇ ਹੋਏ ਸਨ ਅੱਗੇਉਨੀਵਾਂ ਸਾਲ ਸ਼ੁਰੂ ਭਯਾ। ਦੋਹਿਰਾ।**

ਉਨੀ ਸਉ ਇਕਤਾਲੀਆ ਬਿੱਕਰਮੀ ਪਹਿਚਾਨ ॥
ਸੁਰੂ ਭਯਾ ਇਹ ਸਾਲ ਅਬ ਸੁਣੋ ਕਥਾਗੁਣ ਵਾਨ।

## ਸੁਵਯਾ ਛੰਦ

ਜੋ ਸਰਧਾਲੂ ਸੰਤਾ ਕੇਰੇ ਫੌਜੀ ਸਿੰਘ ਸੁਣੋ ਤਿਨ ਨਾਮ। ਬਿਦਿਆਪ ਤ੍ਰਦੇ ਨਾਮ ਸਿ... ਦੇ ਸੰਤਾਂ ਦੀ ਸਦ ਰਹਿਦੇ ਸਾਮ। ਗੁਣੀ ਲੋਕ ਸੁਭ ਮਾਰਗ ਚਲਦੇ ਤਿਨਕੇ ਬਰਨੂ ... ਗਰਾਮ। ਗੰਬੀ ਜੋਧ ਸਿੰਘ ਸਰਧਾਲੂ ਪਰਖ ਲਿਆ ਜਿਉ ਪਰਖੇ ਦਾਮ ॥ ੨ ॥ ਪਿੰਡ ਮਾਲਵੇਂ ਅੰਦਰ ਰੂਪਚੰਦ ਕੁਲਦਾ ਬੁੱਧਵਾਨ । ਸੂਬੇਦਾਰ ਦਲੇਲ ਸਿੰਘ ... ਇਹ ਚੀਮੇ ਨਗਰ ਦਾ ਜਾਨ। ਜਿਸ ਨੱਗਰ ਸੰਤਾਂ ਭਵ ਲੀਤਾ ਧੰਨ ਨਗਰ ਰਤਨਾ ਦੀ ਖ਼ਾਨ ॥ ਅਵਰ ਮੁਕੰਦ ਸਿੰਘ ਉਸ ਗ੍ਰਾਮੋਂ ਜਿਨ ਮੁਹਿ ਕਥਾ ਲਖਾਈ ਆਨ ॥ ੩ ॥ ਭੋਲਾ ਸਿੰਘ ਪਿਤਾ ਸਨ ਮਰੇ ਸੰਤਾਂ ਦੇ ਚਰਨਾਂ ਦੇ ਦਾਸ। ਬਹੁਤ ਬਚਨ ਸੁਣ ਸੰਤ ਕੋਲੋਂ ਮੇਰੇ ਕੰਠ ਕਰਾਏ ਖਾਸ । ਜੈਮਲ ਸਿੰਘ ਪਿੰਡ ਜਿਸ ਹੀਰੋਂ ਏਹ ਨਗਰ ਚੀਮੇ ਦੇ ਪਾਸ। ਹੀਰਾ ਸਿੰਘ ਪਿੰਡ ਜਿਸ ਚਾਓ ਕਰੇ ਬੰਦਗੀ ਰਹੇ ਉਦਾਸ। ੪। ਖੁਸ਼ੀਆ ਸਿੰਘ ਧਲੇਰ ਨਗਰ ਤੋਂ ਰਾਜ ਪਠਾਨ ਕੋਟਲਾ ਜਾਨ। ਬੂੰਡਾ ਸਿੰਘ ਮੂਲ ਸਿੰਘ ਦੋਵੇ ਤਿਨਕਾ ਮਾਝਾ ਦੇਜ ਪਛਾਨ ॥ ਹੈ ਹਰਨਾਮ ਸਿੰਘ ਦਾ ਨੱਗਰ ਕਟੂ ਜਿੱਥੇ ਗੁਰ ਅਸਥਾਨ ॥ ਲਹਿਰਾ ਨਗਰ ਖਜਾਨ ਸਿੰਘ ਦਾ ਅਹਿਮਦ ਗੜ ਦੇ ਨੇੜੇ ਮਾਨ ॥੫ ਏਕ ਹਜੂਰਾ ਸਿੰਘ ਪਰੇਮੀ ਨਗਰ ਸੰਦੌੜ ਨਹਰ ਦੇ ਪਾਸ। ਨਗਰ ਜਖੇਪਲ ਰਾਜ ਪਟਇਆਲਾ ਇਹ ਹਰਨਾਮ ਸਿੰਘ ਦਾ ਖਾਸ। ਸੋਭਾ ਸਿੰਘ ਚੜ੍ਹੱਕ ਨਗਰ ਤੇ ਜ਼ਿਲਾ ਫਰੋਜ ਪੁਰਾ ਸੁਖ ਰਾਸ। ਹਰੀ ਸਿੰਘ ਪਿੰਡ ਭੁਟੇ ਵਾਲਾ ਇਹ ਭੀ ਸੰਤ ਜਨਾ ਕਾ ਦਾਸ

Sri Satguru Jagjit Singh Ji eLibrary NamdhariElibrary@gmail.com

ਏ ਤੇਰਾਂ ਸਿੰਘ ਮਾਲਵੇ ਕੇਰੇ ਹੋਇ ਦੇਸ ਮਾਝੇ ਦੇ ਜਾਣ। ਸਿੰਘ ਪੰਦਰਾਂ ਗਿਣੇ ਦਾਸ ਨੇ ਹੋਰ ਅਨੇਕ ਰਹੇ ਛੌਂ ਮਾਣ ॥ ਛਾਯਾ ਰੂਪੀ ਸੰਤ ਹਰੀ ਦੇ ਤਜਿਆ ਬਾਦ ਬਵਾਦ ਪਛਾਣ। ਪਲਟਣ ਵਿਚ ਹਰੀ ਜਨ ਆਏ ਜੀਵਾਂ ਦੀ ਕਰਨੇ ਕਲਿਆਣ ੭ ॥

## ਓਇਤੀ ਚੰਦਨ ਹੋਇ ਰਹੇ ਬਸੇ ਜੁ ਚੰਦਨ ਪਾਸ ਸਲੋਕ ਕਬੀਰ ਜੀ

ਵਿੱਚ ਨੌਕਰੀ ਸਾਲ ਦੂਸਰਾ ਸ਼ੁਰੂ ਭਯਾ ਸੋ ਵਰਨੂ ਗਾਥ। ਹਮਰੇ ਭਰਥਾ ਬਡੇ ਬਿਬੇਕੀ ਆਪ ਸੰਤ ਜਗਤ ਕੇ ਨਾਥ। ਫੌਜੀ ਸੰਤਾਂ ਦੇ ਸਤਸੰਗੀ ਅਦਬ ਕਰਨ ਸਭ ਜੋੜਨ ਹਾਥ॥ ਪੁਛਦੇ ਮਿਲ ਮਿਲ ਜੁਗਤਿ ਭਜਨ ਦੀ ਕਿਵੇਂ ਜੁੜੀਦਾ ਪ੍ਰਭ ਜੀ ਸਾਥ ॥ ੮ ॥ ਸਭ ਨੂੰ ਸੰਤ ਬੈਠ ਸਮਝਾਵਨ ਜੋ ਅਭਿਆਸ ਬਾਣੀਆਂ ਚਾਰ। ਪਰਾ ਪਸੰਤੀ ਮੱਧਮ ਬੈਖਰ ਸਤ੍ਰ ਦਾ ਦਸਦੇ ਜਾਪ ਨਖਾਰ। ਮੁਖ ਤੇ ਬੋਲ ਜਪਣ ਸੋ ਬੈਖਰ ਕੰਠ ਵਿਖੇ ਮੱਧਮ ਬੀਚਾਰ। ਹਿਰਦੇ ਜਾਪ ਪਸੰਤੀ ਬਾਣੀ ਪਰਾ ਸੁ ਨਾਭ ਕਮਲ ਬਿਰਕਾਰ। ੯। ਪਹਿਲਾ ਜਾਪ ਬੈਖਰੀ ਬਾਣੀ ਕੁਝ ਦਿਨ ਸਿਮਰਨ ਐਸਾ ਹੋਇ। ਬਹੁਰ ਮਧਮਾਂ ਕੰਠ ਵਿਖੇ ਹੈ ਹੋਠ ਜੀਭ ਹੱਲੇ ਨਹਿ ਕੋਇ। ਬਹੁਰ ਪਸੰਤੀ ਹਿਰਦੇ ਸਿਮਰਨ ਨੀਂਦ ਭੁਖ ਮਿਟ ਜਾਵਨ ਦੋਇ। ਪਰਾ ਸੁ ਨਾਭ ਕਮਲ ਜਪ ਹੋਵਤ ਦਖ ਸੁਖ ਅੰਦਰ ਮਿਟੈ ਨ ਸੋਇ। ੧੦। ਪੁਛ ਪੁਛ ਸਿੰਘ ਮਲਾਪੀ ਫੌਜੀ ਨਾਮ ਸਿਮਰਦੇ ਦਿਨ ਤੇ ਰਾਤ। ਏਕ ਆਤਮਾ ਸਿੰਘ ਪਰੇਮੀ ਨਗਰ ਸਰਾਭਾ ਖਤਰੀ ਜਾਤਿ ॥ ਤਜੀ ਨੌਕਰੀ ਸਿਮਰਨ ਕੀਤਾ ਰਸਤਾਸਾਧ ਭਯਾ ਜਸ ਗਾਤਿ। ਇਸਬਿਧਹੋਰ ਘਨੇਦੇ ਹੋਇ ਕਹਿ ਲਤੂ ਬਰਨੋ ਦੀਰਘ ਬਾਤਿ। ੧੧। ਜੀਵਾਂ ਨੂੰ ਸ਼ੁਭ ਮਾਰਗ ਪਾਵਣ ਆਏ ਸੰਤ ਧਾਰਕੇ ਰੂਪ। ਜੋ ਦਰਸੇ ਪਰਸੈ ਮਲ ਖੋਵੈ ਉਪਮਾ ਕਹੀ ਨ ਜਾਇ ਅਨੂਪ। ਧੰਨ ੨ ਹਰਿਜਨ ਕਾ ਦਰਸ਼ਨ ਪਰਸ ਪਰਸ ਜਹਿ ਸੁਧਰੇ ਭੂਪ। ਦਮ ਦਮ ਸਿਮਰਨ ਕਰਨ ਸੰਤ ਜੀ ਬੋਲਣ ਥੋੜਾ ਰਹਿੰਦੇ ਚੁਪ ॥ ੧੨। ਇਹ ਭੀ ਸਾਲ ਨੌਕਰੀ ਅੰਦਰ ਇਸ ਬਿਧ ਭਯਾ ਬਤੀਤ ਪਛਾਨ। ਪਹਿਲੇ ਹੁਤੇ ਰਿਵਾਜ ਫੌਜ ਦਾ ਦੇਇ ਸਾਲ ਛੁਟੀ ਨਹਿ ਜਾਨ। ਸਾਲ ਤੀਸਰੇ ਦੇਵਤ ਛੁੱਟੀ ਪੜ੍ਹ ਕਰ ਸਮਝ ਲਹੁ ਬੁਧਵਾਨ। ਚੇਤ ਸੁਦੀ ਏਕਮ ਤੋਂ ਚੜ੍ਹਿਆ ਬੀਹਾ ਸਾਲ ਉਮਰ ਦਾ ਆਨ। ੧੩।

## ਆਯੂ ਬੀਹਵਾਂ ਸਾਲ ਸ਼ੁਰੂ ॥ ਦੋਹਰਾ

ਉੱਨੀਸੌ ਬਤਾਲੀਆ ਬਿੱਕ੍ਰਮ ਸੰਮਤ ਜਾਨ। ਸ਼ੁਰੂ ਭਯਾ ਇਹ ਸਾਲ ਅਬ ਸੁਣੋ ਕਥਾ ਬੁਧਵਾਨ। ੧੪

## ਦੁਵਯਾ ਛੰਦ

ਸੂਬੇਦਾਰ ਦਲੇਲ ਸਿੰਘ ਜੀ ਸੰਤਾਂ ਦਾ ਸਰਧਾਲੂ। ਤਿਸ ਨੂੰ ਕਦੇ ਦਖਾਵਣ ਅਜਮਤ ਹੋਵਣ ਜਾ ਕਿਰਪਾਲੂ। ਸੰਤ ਬਰਾਜਣ ਤਿਸ ਦੇ ਡੇਰੇ ਸੇਵਾ ਕਰੇ ਘਨੇਰੀ। ਅਪਣੇ

ਨਗਰ ਨਿਵਾਸੀ ਜਾਣੇ ਸਰਧਾ ਧਰੇ ਬਡੇਰੀ । ੧੫
ਇਕ ਦਿਨ ਸੰਤ ਨਦੀ ਦੇ ਤੀਰੇ ਸੂਬੇਦਾਰ ਪਛਾਨੇ । ਡੇਰੇ ਆਇ ਬਰਜੇ ਦੇਖੇ ਸੁਪਤੇ
ਪਾਇ ਸਿਰਾਨੇ ਦਿਵਸ ਚੜੇ ਫਿਰ ਸੰਤਾਂ ਪੂਛਤ ਦੋਇ ਠਉਰ ਕਿਵ ਹੋਏ । ਨਦੀ
ਕਨਾਰੇ ਬੈਠੇ ਦੇਖੇ ਪਲੰਘ ਉਪਰ ਭੀ ਸੋਏ ॥ ੧੬ ਸੁਣੇ ਸਖਾ ਪ੍ਰਭ ਹਸ
ਕਰ ਬੋਲੇ ਜਾਇ ਨ ਭੇਦ ਬਤਾਯਾ । ਏਹ ਬਾਰਤਾ ਗੁਪਤੀ ਰਾਖੋ ਅਜੇ ਸਮਾ ਨਹੀ
ਆਯਾ । ਐਸੇ ਚੋਜ ਦਲੇਲ ਸਿੰਘ ਨੇ ਦੇਖੇ ਬਹੁਤੀ ਬਾਰੀ । ਸਰਧਾ ਧਾਰ ਕਰੇ
ਬਹੁ ਸੇਵਾ ਅਦਵ ਕਰੇ ਬਹੁ ਭਾਰੀ । ੧੭ ਕੁਝ ਦਿਨ ਬਾਦ ਦਲੇਲ ਸਿੰਘ ਜੀ
ਨੱਗਰ ਛੁਟੀ ਆਯਾ । ਨਗਰ ਨਿਵਾਸੀ ਸਿੰਘਾ ਕੋਲੇ ਸਾਰਾ ਭੇਤ ਸੁਨਾਯਾ । ਕਿਸੇ
ਸਮੇ ਜਾਂ ਪਰਗਟ ਹੋਏ ਦੁਨੀਆਂ ਜਾਣੂੰ ਸਾਰੀ ॥ ਅਤਰ ਸਿੰਘ ਦੀ ਅਜਮਤ ਡਾਢੀ ਮੈ
ਦੇਖੀ ਬਹੁ ਬਾਰੀ । ੧੮ ਸੁਣੋ ਸਰੋਤਾ ਜੀ ਪ੍ਰੀਤਮ ਸੂਰਜ ਸਾਂਤੀ ਬਾਲਾ
ਪਰਗਟ ਭਯਾ ਲੁਕ ਭੀ ਮੁੜਿ ਮੁੜਿ ਤਊਭੀ ਦਿਸੇ ਨਰਾਲਾ ॥ ਸਾਲ ਤੀਸਰੇ ਸੌਣ
ਮਹੀਨੇ ਛੁਟੀ ਸੰਤ ਜੀ ਆਏ । ਮਾਤ ਪਿਤਾ ਨੂੰ ਮਿਲ਼ੇ ਅਇਕੇ ਦੰਪਤਿ ਸੁਕਰ ਮਨਾਏ
੧੯ ਭਲੀ ਭਈ ਘਰ ਸਾਧੂ ਆਏ ਅੰਙਣ ਭਯਾ ਸੁਹਾਵਾ । ਸੁਣ ਸੁਣ ਸਭ
ਦਰਸ਼ਣ ਨੂੰ ਆਵਣ ਹੋਈ ਆਵਾ ਜਾਵਾ । ਕੋਚਤ ਆਇ ਚਰਨ ਸਿਰ ਧਰਦੇ ਕੋਚਤ
ਫਤੇ ਬੁਲੌਂਦੇ । ਸੰਤ ਸਰਬ ਦਾ ਆਦਰ ਕਰਦੇ ਫਲ ਮੇਵਾ ਬਰਤੌਂਦੇ । ੨੦ ਦਿਨੇ
ਸੰਤ ਜੀ ਬਾਹਰ ਠਹਿਰਨ ਨਾਨਕ ਸਰ ਦੇ ਪਾਸਾ । ਕਦੇ ਅਕੰਤ ਜਪਣ ਗੁਰ ਮੰਤਰ
ਕਦੇ ਸਣੌਣ ਬਲਾਸਾ । ਇਸ ਭਾਂਤ ਜਾਂ ਕੁਝ ਦਿਨ ਬੀਤੇ ਬੇਬੇ ਹੋਸੀ ਸਾਰਾ । ਛੁਟੀ
ਲੈਕਰ ਚੀਮੇ ਆਯਾ ਬਾਂਕਾ ਬੀਰ ਹਮਾਰਾ । ੨੧ ਬੇਬੇ ਰਤਨ ਕੌਰ ਦੇ ਸੁਤ ਨੂੰ ਰਿਸਤਾ
ਕਿਨੇ ਕਰਾਯਾ ॥ ਨਾਈ ਭੇਜ ਨਗਰ ਤੇ ਬੇਬੇ ਸੰਤਾਂ ਤਾਂਈ ਮਗਾਯਾ । ਨਗਰ ਜੁਬਾਹਰ
ਕੇ ਫਿਰ ਪਹੁਚੇ ਸੰਤ ਜਗਤ ਕੇ ਸਾਈ । ਦਰਸ਼ਣ ਕਰ ਬੇਬੇ ਜੀ ਗਦ ਗਦ ਖੁਸ਼ੀ ਨ
ਅੰਕ ਸੁਮਾਈ ੨੨ । ਬੇਬੇ ਦਾ ਲੜਕਾ ਸੰਤਾਂ ਨੇ ਅਪਨੀ ਗੋਦ ਬਠਾਯਾ ॥ ਕੁਸ਼ਲ
ਅਨੰਦ ਦੁਊ ਦਿਸ ਪੂਛਾ ਦੂਹੁ ਹੂੰ ਭਲਾ ਬਤਾਯਾ । ਭਈ ਸੰਗਾਈ ਦਈ ਬਦੌਗੀ ਛੇ
ਦਿਨ ਠਹਰੇ ਦਾਤਾ । ਏਹ ਧਿਆਨ ਸਿੰਘ ਹੈ ਲੜਕਾ ਜਿਸਨੂੰ ਆਯਾ ਨਾਤਾ ॥੨੩
ਰੁਖਸਦ ਲੈਕਰ ਬੇਬੇ ਪਾਸੋਂ ਜਨਮ ਨਗਰ ਫਿਰ ਆਏ । ਨਾਮ ਸਿਮਰਦੇ ਰਹਿਣ
ਅਕੰਤੇ ਇਵ ਕੁਝ ਦਿਵਸ ਬਿਤਾਏ । ਬੂਟਾ ਸਿੰਘ ਸੰਤ ਦੇ ਡੇਰੇ ਖੂਹੀ ਲਗਦੀ ਭਾਈ
ਇਸ ਦੇ ਪਾਸ ਬੈਠਕੇ ਸੰਤਾਂ ਸੇਵਾ ਟਹਿਲ ਕਰਾਈ । ੨੪ ॥ ਜੀਮੀਦਾਰ ਪਰੇਮੀ ਚੰਗਾ
ਜਿਉਣ ਸਿੰਘ ਤਿਸ ਨਾਮਾ । ਅਪਨੇ ਨਗਰ ਬੜੂੰਘੇ ਤੋਂ ਚਲ ਪਹੁੰਚਾ ਚੀਮੇ ਗ੍ਰਾਮਾਂ
ਸੰਤਾਂ ਦੇ ਦਰਸ਼ਨ ਕਰ ਤਿਸ ਨੇ ਮਨ ਬਿਚ ਮਸਲਤ ਕੀਤੀ ॥ ਅਪਣੀ ਲੜਕੀ ਇਨ
ਲੜ ਲਾਵਾਂ ਏਹੋ ਚੰਗੀ ਰੀਤੀ । ੨੫ । ਮਹਾਂ ਪੁਰਖ ਇਹ ਕਰਨੀ ਵਾਲੇ ਜਗਤ ਮਾਤ
ਅਖਵਾਵੈ । ਐਸਾ ਹੋਇ ਦੁਮਾਦ ਹਮਾਰਾ ਹਮਰੀ ਕੁਲ ਤਰ ਜਾਵੈ । ਦਿਲ ਅੰਦਰ

ਸੰਕਲਪ ਧਾਰਕੇ ਵਾਪਸ ਨੱਗਰ ਆਯਾ। ਆਇ ਸਪੱਤਨੀ ਧਰਮ ਕੌਰ ਸੰਗ ਏਹੋ ਮਤਾ ਪਕਾਯਾ। ੨੬। ਏਸ ਤਰਫ ਸੰਤਾਂ ਦੀ ਛੁੱਟੀ ਖਤਮ ਭਈ ਇਸ ਵੇਲੇ। ਗਏ ਕੁਹਾਟ ਛਾਵਣੀ ਅੰਦਰ ਇਨ ਸੰਗ ਭਏ ਨ ਮੇਲੇ। ਜਿਊਣ ਸਿੰਘ ਤੇ ਧਰਮ ਕੌਰ ਮਿਲ ਪਹੁੰਚੇ ਨੱਗਰ ਚੀਮੇ। ਮਾਤਾ ਭੋਲੀ ਕੌਰ ਪਾਸ ਬਹਿ ਬੋਲਣ ਧੀਮੇ ਧੀਮੇ॥ ੨੭ ਅਪਣੀ ਲੜਕੀ ਮਹਾਂਕੌਰ ਦਾ ਰਿਸ਼ਤਾ ਕਰਨੇ ਆਏ। ਲੜਕਾ ਅਤਰ ਸਿੰਘ ਜੋ ਥੋੜਾ ਸਾਨੂੰ ਦਿਓ ਦਖਾਏ। ਪਿਤਾ ਪਿਆਰੇ ਕਰਮ ਸਿੰਘ ਜੀ ਇਤਨਾ ਸੁਣਕਰ ਬੋਲੇ। ਛੁੱਟੀ ਕੱਟ ਛਾਵਣੀ ਪਹੁੰਚੇ ਏਸ ਬਖਤ ਨਹੀਂ ਕੋਲੇ। ੨੮॥ ਇਤਨ ਸੁਨਕਰ ਮੁੱਖ ਤੇ ਬੋਲੇ ਲੜਕੀ ਦੇ ਜੋ ਮਾਪੇ। ਲੜਕਾ ਦੇਖਲਿਆ ਹਮ ਆਕੇ ਸਗਨ ਲਓ ਤੁਮ ਆਪੇ। ਮਾਤ ਪਿਤਾ ਸੰਤਾਂ ਦੇ ਸੁਣ ਕਰ ਬੋਲੀ ਸਗਨ ਪੁਵਾਯਾ। ਸੰਤਾਂ ਨੂੰ ਚਿਠੀ ਲਿਖ ਪਾਈ ਛੇਣੀ ਪਤਾ ਪੁਚਾਯਾ॥ ੨੯॥ ਪੜ੍ਹ ਕਰ ਸੰਤਾਂ ਚਿੱਠੀ ਐਸੀ ਉੱਤਰ ਦਿੱਤਾ ਕੋਰਾ॥ ਜੈ ਸਿੰਘ ਨੂੰ ਇਹ ਰਿਸ਼ਤਾ ਲੈ ਲਉ ਛੋਟਾ ਭਾਈ ਮੋਰਾ। ਮੈਂ ਨਹੀਂ ਏਸ ਝਮੇਲੇ ਪੈਣਾ ਰਹਿਣਾ ਸਦਾ ਨਰਾਲ। ਜੈ ਸਿੰਘ ਨੂੰ ਚੌਕੀ ਬਤਲਾਯਾ ਸੁਣਾ ਜੁਆਬ ਕਰਾਲਾ॥ ੩੦ ਮਹਾ ਕੌਰ ਦੀ ਸ਼ਾਦੀ ਹੋਈ ਜੈ ਸਿੰਘ ਦੇ ਘਰ ਆਈ। ਹੋਈ ਦਰਜ ਬਿੱਚ ਇਤਹਾਸ। ਇਹ ਭੀ ਭਲੀ ਕੁਮਾਈ ਸੰਤ ਛਾਵਣੀ ਅੰਦਰ ਇਸ ਬਿਧ ਕਰਵੇਂਵਖਤ ਬ੍ਰਤੀਤਾ ਥੋੜਾ ਬੋਲਣ ਥੋੜਾ ਸੋਵਣ ਦਿਨ ਉਪਰਾਮ ਅਤੀਤਾ ਮਾਘ ਮਹੀਨੇ ਮਾਤਾ ਜੀਨੇ ਚਿੱਠੀ ਪੋਰ ਤੇ ਪਾਈ। ਪਿਤਾ ਅਕਾਲ ਚਲਾਣਾ ਕਰਗੇ ਨਾਮਾ ਲਉਕਟਾਈ। ਘਰ ਦੀ ਕਾਰ ਸੰਭਾਲੋ ਬੇਟਾ ਇਸ ਬਿਧ ਲਿਖਿਆ ਆਯਾ। ਪੜ ਕਰ ਸੰਤਾਨੇ ਮਨ ਅਪਣਾ ਹੋਰ ਪ੍ਰੀਤ ਬਣਾਯਾ। ਅਫਸਰ ਪਾਸ ਰਪੋਟ ਪੁਚਾਈ ਕਟ ਦਿਓ ਨਾਮ ਹਮਾਰਾ। ਅਸੀਂ ਨੌਕਰੀ ਕਰਨੀ ਨਾ ਹੀ ਕਰਨੀ ਘਰ ਦੀ ਕਾਰਾ। ਬਹੁਤ ਬਾਰ ਅਵਸਰ ਸਮਝਾਵਤ ਅਤਰ ਸਿੰਘ ਤੁਮ ਆਛੇ। ਹਮ ਤੁਮ ਕੋ ਸਰਦਾਰ ਬਣਾਵਤ ਘਰ ਜਾਣਾ ਕਿਉਂ ਬਾਛੋ॥ ਸੰਤਾਂ ਨੂੰ ਸਰਧਾਲੂ ਜੋ ੨ ਆਖਣ ਬਹੁਤੀ ਬਾਰਾ। ਨਾਮ ਕਟੋ ਤੋਂ ਸਾਨੂੰ ਕਿਥੋਂ ਹੋਸੀ ਸੁਭ ਦੀਦਾਰਾ॥ ਰਲ ਮਿਲ ਸਭ ਨੇ ਨਾਮ ਕਟੌਂਦੇ ਹਰਿਜਨ ਬਰਜ ਹਟਾਏ। ਅਜੇ ਨਾਮ ਨਹੀਂ ਕਟਦੇ ਮਾਤਾ ਘਰ ਨੂੰ ਖਤ ਲਿਖ ਪਾਏ॥

## ( ਕਬਿਤ )

ਲਾਟੀ ਚਾਂਦਮਾਰੀ ਹੋਣੀ ਮੇਰਟ ਦੀ ਛੌਣੀ ਜਾਣੇਂ ਚੰਗੇ ਜੋ ਨਿਛਾਨੇ ਦਾਰ ਚੁਣਕੇ ਪਠਾਏ ਸਭ। ਏਸ ਨਾਲ ਪਾਰਟੀ ਦੇ ਸੰਤ ਜੀ ਪਠਾਏ ਸਨ ਹੇਤ ਚਾਂਦ ਮਾਰੀ ਦੇਕੇ ਰੈਫਲਾਂ ਬਠਾਏ ਸਭ। ਸੰਤ ਜੀ ਨਸ਼ਾਨਚੀ ਨਾ ਬਾਰ ਖਾਲੀ ਜਾਤ ਕੋਊ ਜਿਨੇ ਫੈਰ ਕੀਤੇ ਗੁਲਜਰੀ ਮੇਂ ਲਗਏ ਸਭ। ਇੱਕ ਸੌ ਰੁਪਿਆ ਜੋ ਅਨਾਮ ਦਿੱਤਾ ਸੰਤ ਜੀ ਨੂੰ ਲਵੇਨਾ ਰੁਪਿਏ ਦੰਮ ਮੋੜਕੇ ਫੜਾਏ ਸਭ। ਹੋਈ ਚਾਂਦ ਮਾਰੀ ਫੇਰ ਵਾਪਸ ਕੁਹਾਟ ਆਏ ਪਾਇਕੇ ਦੀਦਾਰ ਸੰਗੀ ਸ਼ੁਕਰ ਮਨਾਵੰਦੇ। ਹਛੀ ਕਰੀਂ ਚਾਂਦ ਮਾਰੀ ਦੱਸਦੇ ਜੋ ਸਾਥ ਸਨ ਸੰਤ ਜੀ ਦੇ ਗੁਣ ਛੌਣੀ ਵਾਲਿਆਂ ਸੁਣਾਵੰਦੇ। ਨੌਕਰੀ ਦੇ ਵਿੱਚ ਸਾਲ

ਤੀਸਰਾ ਬਤੀਤ ਹੋਯਾ ਸੁਣੀਏ ਸਰੋਤਾ ਕਵਿ ਚੌਥਾ ਸਾਲ ਗਾਂਵਦੇ । ਵਡੇ ਬਿਸ ਬਾਰ ਜੋ ਬਟਕ ਬੀਜ ਮਾਹਿ ਰਹੇ ਸੰਤ ਮਹਾਰਾਜ ਤੈਸੇ ਆਪ ਕੋ ਛੁਪਾਵੰਦੇ ॥

## ਇਤ ਸਿਰੀ ਸੰਤ ਬਲਾਸ ਗ੍ਰਿਥੇ ਦੂਸਰ ਅਵਸਥੇ ਛਤਰੀ ਧਰਮ ਸਸਤਰ ਧਾਰ ਚੰਗੀ ਸਫਲਤਾ ਚਾਂਦ ਮਾਰੀ ਵਿਚ ਪਾਵਣ ਪ੍ਰਸੰਗ ਬਰਨਨ ਨਾਮ ਪਿਰਥਮ ਧਿਆਇ ਆਯੂ ਇਕੀਵਾਂ ਸਾਲ ਸੁਰੂ ਦੋਹਰਾ

ਉੱਨੀ ਸਉ ਤ੍ਰਿਤਾਲੀਆ ਸੰਮਤ ਬਿਕ੍ਰਮਜੀਤ ॥
ਸ਼ੁਰੂ ਭਯਾ ਸਿਰੀ ਸੰਤ ਕੋ ਸੁਣੋ ਕਥਾ ਧਰਪ੍ਰੀਤ

## ਚਉਪਈ

ਆਯੂ ਚੜ੍ਹਿਆ ਇੱਕੀ ਸਾਲ ॥ ਜੁਵਾ ਅਵਸਥਾ ਦੰਮਕਤ ਭਾਲ ॥
ਸਾਧਨ ਕਰਤ ਸੰਤਵਿਚ ਫੌਜ । ਮਿਲ ਸਤਿ ਸੰਗੀ ਮਾਣਤ ਮੌਜ ॥ ੨ ॥
ਮਾਤਾ ਘਰਤੇ ਚਿੱਠੀ ਪਾਵਤ । ਬੇਟਾ ਕਿਉ ਨਹੀਂ ਨਾਮ ਕਟਾਵਤ ॥ ਘਰ ਆਵੋ ਬਿਬ:। ਹਾਰ ਸੰਭਾਲੋ । ਹਮਰੇ ਫਿਕਰ ਦੂਰ ਸਭ ਟਾਲੋ । ੩ ॥ ਐਸੇ ਜਾਂ ਸੁਣ ਲੇਤ ਬਲਾਸੇ ਸਭ ਸਤ ਸੰਗੀ ਹੋਤ ਨਰਾਸੇ ॥ ਨਾਮ ਕਟਾਇ ਸੰਤ ਜੋ ਜਾਵਨ । ਸਤੇ ਪਾਸ ਪਰਤਿ ਨਹਿ ਆਵਨ ॥ ੪ ॥ ਰਹਿਣ ਸੰਤ ਜੀ ਹੋਇ ਦੁਚੱਤੇ । ਉਤ ਪੇਖਤ ਕਵਿ [illegible] ਇੱਤੇ ॥ ਸਦਾ ਉਦਾਸ ਰਹਿਤ ਮਨ ਮਾਹੀ ।ਛਿਨ ਛਿਨ ਸਾਲ ਸੁਮੀਨ ਬਿਤਾਹੀ ੫ ਸੋਬਣ ਥੋੜਾ ਖਾਵਣ । ਹਰਿ ਵੇਲੇ ਮਨ ਨਾਮ ਧਿਆਵਣ ॥ ਇਸ ਬਿਧ ਬੀਤ ਇਹ ਸਾਲ । ਗੁਪਤ ਰਹਿਤ ਚਾਲਤ ਜਗ ਚਾਲ ॥ ੬

## ਆਯੂ ਬਾਈਸਵਾਂ ਸਾਲ ਸ਼ੁਰੂ॥ ਦੋਹਰਾ

ਉੱਨੀ ਸਉ ਚੁਤਾਲੀਆ ਸੰਮਤ ਬਿੱਕ੍ਰਮ ਰਾਇ। ਸ਼ੁਰੂ ਭਯਾ ਸਿਰੀ ਸੰਤ ਕੋ ਸੁਣੋ ਕਥਾ ਮਨ ਲਾਇ । ੧

## ਕਬਿੱਤ

ਚਿੱਠੀ ਮਾਤ ਪਾਤ ਕੈਸੇ ਨਾਮ ਨਾ ਕਟਾਤ ਤਾਤ ਕਹੈ ਘਰ ਆਤ ਦਿਨ ਰਾਤ ਮੈ ਤਕਾ-ਵਹੀ ॥ ਕੈਸੀ ਬਨੈ ਬਾਤ ਛੁਟੀ ਲੇਤ ਬੀ ਨਾ ਆਤ ਘਰ ਫੌਜ ਕੋ ਸੁਹਾਤ ਘਰ ਧਾਮ ਨਾ ਸੁਹਾਵਹੀ। ਇਤੇ ਸੰਤ ਬੈਠਕੇ ਬਿਚਾਰਤ ਜਹਾਨ ਵਲ ਭਯੋ ਕਲੂ ਘੋਰ ਜੀਵ ਜੰਤ ਕੋ ਡੁਬਾਵਹੀ । ਸਿਧ ਛਪ ਗਏ ਗਿਰ ਦੇਵਤਨ ਕੋਇ ਧਿਰ ਜੋਗੀ ਅਗਯਾਨ ਤਨ ਛਾਰ ਕੋ ਲਗਾਵਹੀ । ੮ । ਸ਼ਬਦ ਸਪੰਨ ਗੁਰ ਹੋਏ ਤਾਂ ਲਗਾਏ ਧੁਰ ਮੜੀ ਮਟਿ ਪੂਜ ਕੋਈ ਪਾਰ ਨਾ ਤਰਾਵਹੀ । ਦੇਖ ਹਾਲ ਚਾਲ ਜਗ ਹੋਇ ਕੇ ਦਿਆਲ ਸੰਤ ਲਿਖ ਅਸਤੀਫਾ ਕਰਨੈਲ ਕੋ ਫੜਾਵਹੀ ॥ ਨੌਕਰੀ ਦੀ ਲੋੜ ਨਾਹੀ ਨਾਮ ਕਟਵਾਵ-

ਨਾਇ ਬਾਰ ਬਾਰ ਮੋੜ ਕਰਨੈਲ ਸਮਝਾਵਹੀ। ਆਏ ਸਤਿ ਸੰਗੀ ਨਿੱਤ ਲੋੜਦੇ ਦੀਦਾਰ ਜੋਇ ਬੇਨਤੀ ਕਰਤ ਸੀਸ ਚਰਨੀ ਲਗਾਵਹੀ। ੯ ॥ ਨਾਮ ਨਾ ਕਟਾਵੇ ਤੇ ਰਜੱਪ ਕਰਵਾਵੇ ਨਾਥ ਸਾਲ ਬਾਦ ਆਓ ਤਾਂ ਦੀਦਾਰ ਹੋਇ ਜਾਵਹੀ। ਨਾਮ ਕਟ-ਵਾਇ ਕਦੇ ਮਿਲਣਾ ਨੀ ਆਇ ਫੇਰ ਮੂਰਤੀ ਸਫਲ ਸਾਨੂੰ ਕੌਨ ਦਖਲਾਵਹੀ॥ ਭਗਤਾਂ ਦੇ ਬੱਸ ਹੋਇ ਬੱਸ ਨਾ ਬਸਾਤ ਕੁਛ ਹਰੀ ਬਲਰਾਜ ਕੇ ਦੁਆਰ ਠਹਿਰਾਵਹੀ। ਸੁਣ ਸਤਿ ਸੰਗੀਆਂ ਦੀ ਬੇਨਤੀ ਜਗਤ ਨਾਥ ਨਾਮ ਨਾਂ ਕਟਾਵਤ ਰਿਜ਼ਰਵ ਕਰਾਵਹੀ। ੧੦ ॥ ਬਾਰ ਬਾਰ ਕਹੇ ਤੋਂ ਰਜੱਪ ਕਰਵਾਇ ਲਈ ਫੌਜੀ ਸਿੰਘ ਮਿਲ ਗੁਰਦੁਆਰ ਵਿਖੇ ਆਏ ਸਭ। ਜੋੜ ਮੇਲ ਕਰਕੇ ਬਡਾਈ ਕਰੀ ਸੰਤ ਜੀ ਦੀ ਜਿਤਨੀ ਸਮਝ ਗੁਣ ਆਖਕੇ ਸੁਣਾਏ ਸਭ। ਗਲ ਵਿਚ ਫੂਲ ਹਾਰ ਪਾਇ ਕਰ ਸੰਤ ਜੀ ਦੇ ਕਰੇ ਉਪਕਾਰ ਜੋਇ ਆਖਕੇ ਬਤਾਏ ਸਭ। ਧੰਨ ਮਹਾਰਾਜ ਸਾਡੇ ਤਾਰਬੇ ਨੂੰ ਆਏ ਜੱਗ ਫੌਜ ਵਿਖੇ ਆਇ ਭੁੱਲੇ ਸਿੰਘ ਸਮਝਾਏ ਸਭ। ੧੧

## ਸਵਯਾ ਛੰਦ

ਟੀਏ ਪਾਰਟੀ ਕੀਤੀ ਸਿੰਘਾਂ ਗੁਰੂਦੁਆਰ ਸਜਾਇ ਦਿਵਾਨ। ਫਲ ਮੇਵਾ ਬਰਤਾਵਨ ਬਹੁਤਾ ਕਰਨ ਬਰਾਗ ਕਈ ਬੁਧਵਾਨ। ਦਰਸ਼ਨ ਸਈਂ ਸੁਬੱਬੀ ਹੋਸੀ ਆਜ ਬਛੋੜ ਜਾਣ ਭਗਵਾਨ। ਚੜ੍ਹਿਆ ਸੋਧਨ ਧਰਤ ਲੁਕਾਈ ਧਨਖ ਸਤਿ ਜਸ ਹੰਦਾ ਬਾਨ। ੧੨। ਸੂਬੇਦਾਰ ਦਲੇਲ ਸਿੰਘ ਜੀ ਗੰਥੀ ਜੋਧ ਸਿੰਘ ਬੀਚਾਰ। ਸੰਗਤਿ ਵਿਖੇ ਖਲੋਇ ਸੁਣਾਵਤ ਸੰਤਾ ਕੀਤੇ ਪਰ ਉਪਕਾਰ। ਫੌਜ ਵਿਖੇ ਹਰਿ ਭਗਤ ਦ੍ਰਿੜਾਈ ਅਨੇਕ ਕੀਤੇ ਭਵਜਲ ਪਾਰ॥ ਏਸ ਵਖਤ ਸੰਤਾਂ ਨੇ ਮੁਖ ਤੋ ਸ਼ਬਦ ਗਾਵਿਆ ਊਚ ਪੁਕਾਰ। ੧੩। ਨਦੀਆਂ ਵਾਹ ਬਛੁੜੇ ਮੇਲਾ ਹੋਵਤ ਕਦੇ ਸੰਜੋਗੀ ਫੇਰ॥ ਏਹ ਸ਼ਬਦ ਸੁਣ ਕਈ ਬਰਾਗੀ ਰਹੇ ਨੇਤਰਾਂ ਤੋਂ ਜਲ ਗੇਰ॥ ਬਗਾ ਸਿੰਘ ਨਾਮ ਕਟਵਾਯਾ ਮੈਂ ਪ੍ਰਭ ਸਾਥ ਰਹੂੰ ਬਣਚੇਰ। ਵਿਦਿਆ ਕਰਨ ਚਲੇ ਸਭ ਮਿਲਕੇ ਸੰਗਤ ਭਈ ਅੱਕਤ੍ਰ ਢੇਰ॥ ੧੪। ਕਈਕ ਦੇਵਣ ਬਸਤਰ ਮਾਯਾ ਲੇਵਣ ਨਾਹਿ ਸੰਤ ਜਗ ਨਾਥ। ਬੱਗਾ ਸਿੰਘ ਪਰੇਮੀ ਤੁਰਿਆ ਛੌਣੀ ਤੋਂ ਸੰਤਾਂ ਦੇ ਸਾਥ॥ ਮਿੱਠ ਬਚਣ ਕਹ ਸਭ ਅਟਕਾਏ ਚਰਨੀ ਪਏ ਸਭੇ ਧਰ ਮਾਥ॥ ਹੇ ਪ੍ਰਭ ਦਰਸ਼ਣ ਛੇਤੀ ਦੇਣਾ ਸਭ ਆਖਤ ਜੋੜਤ ਦੁਇ ਹਾਥ। ੧੫। ਧੀਰਜ ਦੇਹ ਚਲੇ ਜਗ ਸਾਈਂ ਸੰਗਤ ਰਹੀ ਖਲੋਤੀ ਝਾਕ॥ ਜਪਣਾ ਨਾਮ ਬੈਠਕੇ ਛਕਣਾ ਮੁੜਕੇ ਫਿਰ ਕੀਤਾ ਇਹ ਵਾਕ। ਨਾਮ ਬਿਨਾ ਹਰਿ ਦਰਗਾਹ ਅੰਦਰ ਕੋਇਨ ਬੇਲੀ ਸੰਗੀ ਸਾਕ॥ ਇਤਨਾ ਆਖ ਚਲੇ ਜਗ ਸਾਈਂ ਸੰਗਤ ਮਸਤਕ ਲਾਵਤ ਖਾਕ॥ ੧੬।

## ਸੰਤ ਅਤ੍ਰ ਸਿੰਘ ਮਹਾਰਾਜ ਜੀ ਦੀ ਹਜੂਰ ਸਾਹਿਬ ਜੀ ਨੂੰ ਰਵਾਨਗੀ

Sri Satguru Jagjit Singh Ji eLibrary NamdhariElibrary@gmail.com

## ( ਸੁਵਾਯਾ ਛੰਦ )

ਛੌਣੀ ਛੋੜ ਕੁਹਾਟ ਸ਼ਹਿਰ ਦੀ ਤਰਫ ਨਦੇੜ ਚਲੇ ਸ੍ਰੀ ਸੰਤ । ਪੰਜ ਬਰਸ ਗੁਜਰੇ ਵਿਚ ਛੌਣੀ ਤਾਰੇ ਫੌਜੀ ਲੋਕ ਅਨੰਤ ॥ ਰਾਮ ਗਏ ਰਾਵਣ ਦੀ ਲੰਕਾ ਹੇਤ ਛੁਡਾਵਣ ਕੈਂਦੀ ਜੰਤ। ਤਿਵ ਹੀ ਸੰਤ ਫੌਜ ਮਹਿ ਆਏ ਜੀਵਾਂ ਦੀ ਕਲਿਆਣ ਕਰੰਤ ॥ ੧੭ । ਬੱਗਾ ਸਿੰਘ ਸਾਬ ਮਿਲ ਚਾਲਾਂ ਟਹਿਲ ਕਰਤ ਰਹਿ ਕਰ ਅਨੁਸਾਰ । ਪੈਂਗੀ ਤੁਰਦੇ ਮਜ਼ਲੋ ਮਜ਼ਲੀ ਪਹੁੰਚੇ ਦਿੱਲੀ ਸ਼ਹਿਰ ਮਝਾਰ ॥ ਗੁਰ ਅਸਥਾਨਾ ਦੇ ਕਰ ਦਰਸ਼ਣ ਏਥੋਂ ਭਏ ਰੇਲ ਅਸਵਾਰ । ਉਤਰੇ ਜਾਇ ਹੰਗੋਲੀ ਟੇਸ਼ਨ ਗੱਡੀ ਜਾਤ ਨ ਧੁਰ ਦਰਵਾਰ ॥ ੧੮ ॥ ਅੱਗੇ ਲੈਣ ਨਕਾਲੀ ਮਗਰੋਂ ਏਥੋਂ ਸਭ ਹੀ ਪੈਦਲ ਜਾਤ । ਸਨੇ ਸਨੇ ਪਗ ਤੁਰਦੇ ਹਰਿਜਨ ਪਹੁੰਚੇ ਅਬਚਲ ਬੋਲੇ ਰਾਤ ॥ ਕੀਰਤ ਹੋਇ ਰਿਹਾਸੀ ਆਗੇ ਆਵੇ ਸਾਜਨ ਇਸ ਬਿਧ ਗਾਤ ॥ ਗੰਗਾ ਚਰਨ ਵਿਖੇ ਪਗ ਧੋਤੇ ਆਗੇ ਜਾਵਤ ਸੰਤ ਸੁਹਾਤ ੧੯ । ਕਰ ਬੰਦਨ ਮੁੱਖ ਫਤੇ ਬੁਲਾਈ ਕਲਗੀ ਧਰ ਗੁਰ ਆਏ ਯਾਦ। ਧੰਨ ਪਿਤਾ ਸਭਕੇ ਸੁਖਦਾਈ ਧੰਨ ਪੰਥ ਤੁਮਰੀ ਮਰਯਾਦ ॥ ਪੰਥ ਖਾਲਸੇ ਕੇ ਸਦ ਸੰਗੀ ਰਖਤ ਅਪਨਾ ਜਾਣ ਅਬਾਦ । ਜਾਚਕ ਆਇ ਪਏ ਸਰਣਾਈ ਰਾਖੋ ਪੈਜ ਜਥਾ ਪਹਿਲਾਦ ੨੦। ਇਵ ਕਹਿ ਬੈਠੇ ਸੰਗਤ ਮਾਹੀ ਕੀਰਤ ਹੋਯਾ ਥੋੜੀ ਦੇਰ ॥ ਇਕ ਸਿੰਘ ਰਹਿਰਾਸ ਸੁਣਾਈ ਹੋਤ ਭਯਾ ਅਰਦਾਸਾ ਫੇਰ । ਗੁਰੂ ਗ੍ਰੰਥ ਕੀਤੇ ਸੁਖ ਆਸਣ ਕਰਨ ਆਰਤੀ ਸਿੰਘ ਦਲੇਰ। ਬਹੁਰਚਲੀ ਅਸਵਾਰੀ ਗੁਰ ਕੀ ਬੰਦਨ ਕਰਤ ਸਭੇ ਦੁਇ ਨੇਰ ੨੧। ਬਹੁਰ ਕਰਤ ਚੌਕੀ ਮਿਲ ਸੰਗਤ ਕਰ ਪ੍ਰਦੱਖਣ ਕੀਰਤ ਗਾਇ। ਬਹੁਰ ਆਇ ਅਰਦਾਸਾ ਕਰਕੇ ਦਿ… ਦੂਜੇ ਦੇ ਲਾਗਤ ਪਾਇ ।ਲੰਗਰ ਹੇਤ ਉਵਾਜ ਸੁਣਾਈ ਲਤੇ ਖਾਲਸਾ ਭੋਜਨ ਪਾਇ ਭੋਜਨ ਹੇਤ ਚਲੀ ਸਭ ਸੰਗਤ ਸੰਤ ਸਜੇ ਪੰਗਤ ਮਹਿ ਜਾਇ। ੨੨ ਛਕ ਭੋਜਨ ਬਸ੍ਰਾਮੇ ਰਾਤੀ ਨਦੀ ਗਦਾਵਰ ਗੰਗਾ ਤੀਰ। ਏਥੇ ਏਕ ਚੌਂਤਰਾ ਪੱਕਾ ਤਿਸ ਪੁਰ ਬੈਠੇ ਥਕਤ ਸਰੀਰ। ਛਿੰਨੀ ਰੈਣ ਚਮੱਕਣ ਤਾਰੇ ਜਾਗਣ ਸੰਤ ਜਪਣ ਧਰ ਧੀਰ । ਉਠ ਝਲਾਂਗੇ ਮੱਜਨ ਕੀਤਾ ਉਜਲ ਸੁਥਰਾ ਗੰਗਾ ਨੀਰ ੨੩ । ਵਾਹਿਗੁਰੂ ਗੁਰ ਮੰਤਰ ਜਪਕੇ ਨਿਤਾ ਨਿਯਮ ਦੀ ਬਾਣੀ ਗਾਇ ।ਫਿਰ ਦਰਵਾਰ ਵਿਖੇ ਚਲਿਆਏ ਕੀਰਤ ਸੁਣਿਆ ਮਨ ਚਿਤ ਲਾਇ । ਅਵਚਲ ਸੱਚ ਖੰਡ ਗੁਰ ਕੇਰਾ ਸੁੰਦਰ ਬੰਕਾ ਰਿਹਾਸੁਹਾਇ ਆਸਾ ਵਾਰ ਭਲੀ ਬਿਧ ਗਾਈ ਬੈਠੀ ਸੰਗਤ ਸੀਸ ਨਿਵਾਇ ੨੪।

## ਦੁਵਯਾ ਛੰਦ

ਅੰਦਰਲੀ ਚਉਖੰਡੀ ਕੇਰਾ ਖੁਲਹਾ ਫਿਰ ਦਰਬਾਜਾ । ਪੜ੍ਹ ਅਨੰਦ ਸੋਧ ਅਰਦਾਸਾ ਗੁਰੂ ਕਾ ਲਿਆ ਉਵਾਜਾ । ਬਹੁਰ ਦੇਗ ਤਿਰਹਾਵਲ ਗੁਰ ਕੋ ਭੋਗ ਲਵਾ ਬਰਤਾਈ ਆਦਿ ਪੁਜਾਰੀ ਸਿੰਘ ਖਲੋਤਾ ਮੁਖਤੇ ਏਵ ਸੁਣਾਈ ॥ ੨੫ । ਫੂਲ ਪਤਾਸੇ ਲੈਕਰ

ਆਵੇ ਨਮੇ ਜਾਤਰੂ ਜੋਈ । ਸੁਣ ਕਰ ਨਮੇ ਜਾਤਰੂ ਜੋ ਜੋ ਆਣ ਖਲੋਤੇ ਸੋਈ ॥ਬਗਾ
ਸਿੰਘ ਸੰਤ ਜੀ ਦੋਵੇ ਹੋਇ ਖਲੋਤੇ ਆਗੇ ।ਆਇ ਪੁਜਾਰੀ ਸਿੰਘ ਤਿਨ੍ਹਾ ਤੇ ਇਸ ਬਿਧ
ਪੂਛਣ ਲਾਗੇ । ੨੬ । ਚਾਰ ਕੁਰੈਹਿਤ ਕਰੀ ਜਿਸ ਕਿਸਨੇ ਸਭ ਹੀ ਆਖ ਸੁਣਾਵੋ ।
ਜਿਸਨੇ ਕਰੀ ਛਕੇ ਫਿਰ ਅੰਮ੍ਰਿਤ ਕੁਝ ਤਨਖਾਹ ਲੁਵਾਵੇ । ਸੁਣ ਕਰ ਸੰਤ ਹਰਿਜਨ
ਬੋਲੇ ਕਰੀ ਕੁਰੈਹਿਤ ਨ ਕੋਈ । ਫਿਰ ਅਰਦਾਸ ਕਰੀ ਸਭਨਾਂ ਦੀ ਜਿਨਤੇ ਭੂਲ ਨ
ਹੋਈ ੨੭ ।ਆਇਸ ਦਈ ਕਰੋ ਪਰਕਰਮਾਂ ਅੰਦਰ ਮੰਦਰ ਜਾਵੋ । ਜਿਨੇ ਕੁਰੈਹਿਤ
ਕਰੀ ਤਿਨ ਆਖਤ ਤੁਮ ਤਨਖਾਹ ਲੁਵਾਵੋ ਦਰਸਣ ਕਰ ਹਰਿ ਮੰਦਰ ਅੰਦਰ ਹਰਿ
ਜਨ ਬਾਹਿਰ ਆਏ ॥ ਦਰਸਣ ਪਾਇ ਪੁਜਾਰੀ ਮਿਲਕੇ ਚਰਨਾ ਵਲ ਨੂੰ ਧਾਏ । ੨੮
ਨਮਸਕਾਰ ਕਰ ਅਰਜਾਂ ਕਰਦੇ ਤਿਨ ਕੇ ਨਾਮ ਸੁਨਾਮਾ । ਜਿਵ ਜਿਵ ਟਹਲ ਕੁਮਾਈ
ਸਭਨੇ ਆਗੇ ਜਾਇ ਬਤਾਮਾ ॥ ਏਕ ਹਜੂਰਾ ਸਿੰਘ ਪੁਜਾਰੀ ਦੇਸ ਮਾਲਵੇ ਕੇਰਾ । ਦੂਜਾ
ਨਾਨੂੰ ਸਿੰਘ ਪੁਜਾਰੀ ਕਰਤ ਪਰੇਮ ਘਨੇਰਾ ੨੯ । ਤ੍ਰਿਤ ਪੁਜਾਰੀ ਮਾਨ ਸਿੰਘ ਜੀ ਇਹਭੀ
ਬਡਾ ਪਰੇਮੀ । ਚੌਥਾ ਹੀਰਾ ਸਿੰਘ ਪੁਜਾਰੀ ਬਹੁਤੀ ਚਿਤ ਹਲੇਮੀ । ਰਾਮ ਸਿੰਘ ਇਹ
ਜਾਣ ਪੰਜਵਾ ਪੰਜੇ ਦਿਲੋਂ ਬਰਾਗੀ । ਬੰਮਣ ਸਿੰਘ ਨਗਰ ਜਿਸ ਦਹੁਦਰ ਏਹ ਗੁਰੂ
ਕਾ ਰਾਗੀ । ੩੦ । ਏਹ ਸਭ ਹਾਥ ਜੋੜ ਕਰ ਪੂਛਤ ਸੰਤੋ ਕਰੋ ਬਲਾਸਾ ।
ਕਹਾਂ ਤੇ ਆਏ ਕਿਸ ਦਿਸ ਜਾਣਾ ਕਹਾ ਨਾਮ ਕਹਿ ਬਾਸਾ । ਸੁਣ ਕਰ ਸੰਤ ਹਸੇ
ਫਿਰ ਬੋਲੇ ਸੁਣੋ ਗੁਰੂ ਕੇ ਦਾਸੋ । ਆਗੇ ਜਾਵਣ ਹਾਥ ਪ੍ਰਭੂ ਕੇ ਆਏ ਹਰਿ ਪ੍ਰਭ
ਪਾਸੇ । ੩੧ । ਅਤਰ ਸਿੰਘ ਹੈ ਕਲਪਤ ਨਾਮਾ ਬਾਸਾ ਸੰਗਤ ਮਾਹੀਂ । ਘਟਿ ਘਟਿ
ਰੇਤ ਰਹਿਤ ਨਿਰਲੇਪਾ ✝ ਆਵਣ ਜਾਵਣ ਨਾਹੀਂ । ਸੁਣ ਕਰ ਸਿੰਘ ਭਏ ਬਿਸਮਾਦਾ
ਊਚੇ ਘਰ ਮਹਿ ਬੋਲੇ । ਮਹਾ ਪੁਰਖ ਜੱਗ ਤਾਰਨ ਆਏ ਸਤਿਗੁਰ ਸੰਗ ਬਚੋਲੇ । ੩੨
ਬੱਗਾ ਸਿੰਘ ਪਰੇਮੀ ਪਾਸੋਂ ਸਿੰਘਾਂ ਪੂਛਨ ਕੀਤ । ਸੰਤਾਂ ਦੇ ਸ਼ੁਭ ਨਾਮ ਨਗਰ ਦਾ
ਭੇਤ ਚਿਤ ਸਭ ਲੀਤਾ । ਚੀਮਾ ਨਗਰ ਸੁਨਾਮ ਨਜ਼ੀਕੇ ਰਾਜ ਵਿੱਚ ਪਟਿਆਲੇ ।
ਏਥੇ ਜਨਮ ਲਿਆ ਸੰਤਾਂ ਨੇ ਕੌਤਕ ਭਲੇ ਦਖਾਲੇ । ੩੩ ॥ ਭਰਤੀ ਹੋਇ ਫੌਜ ਮਹਿ
ਆਏ ਰਹੇ ਕੁਹਾਟੇ ਛੌਣੀ । ਬਹੁਤ ਸਿੰਘ ਹਰ ਭਗਤੀ ਲਾਏ ਮੁਸ਼ਕਲ ਬਾਤ ਸੁਣੌਣੀ ।
ਭਏ ਬਰਾਗੀ ਛੋੜ ਨਾ ਸੱਕਣ ਆਦਰ ਸੇ ਅਟਿਕਾਏ । ਲਈ ਰਜੱਰਵ ਕਹੇ ਸੰਗਤ ਦੇ
ਅਵਚਲ ਪਹੁੰਚੇ ਆਏ । ੩੪ ॥ ਸੁਣ ਕਰ ਨਾਨੂ ਸਿੰਘ ਪੁਜਾਰੀ ਹਾਥ ਜੋੜ
ਕੇ ਬੋਲਾ ॥ ਚਲੋ ਪੁਜਾਰੀ ਬੁੰਗੇ ਹਰ ਜਨ ਟਹਿਲ ਕਰੂੰ ਮੈਂ ਗੋਲਾ ।
ਦਰਸ਼ਣ ਪਾਇ ਖੁਸ਼ੀ ਮਨ ਧਰਕੇ ਬੋਲੇ ਸਭੇ ਪੁਜਾਰੀ । ਜਹਾਂ ਖੁਸ਼ੀ ਤਹ ਬੈਠੋ

---

✝ ਗੁਰਵਾਕ ॥ ਦੀਸਹਿ ਸਭਿ ਮਹਿ ਸਭਤੇ ਰਹਿਤੇ । ਪਾਰ ਬ੍ਰਹਮ ਕਾ ਓਇ ਧਿਆਨ ਧਰਤੇ ॥ ਗਉੜੀ ॥ ਸੰਤਨ ਕੀ ਮਹਿਮਾ ਕਵਨ ਵਖਾਨੋ । ਅਗਾਧ ਬੋਧਿ ਕਿਛ ਮਿਤ ਨਹੀ ਜਾਨੋ ॥

Sri Satguru Jagjit Singh Ji eLibrary NamdhariElibrary@gmail.com

ਹਰਜਿਨ ਟਹਲ ਕਰਤ ਹਮ ਸਾਰੀ ੩੫। ਨਾਨੂ ਸਿੰਘ ਪੁਜਾਰੀ ਨੇ ਕਹਿ ਬੁੰਗੇ ਆਣ ਉਤਾਰੇ। ਰਾਤੀਂ ਬੈਠਣ ਘਾਟ ਨਗੀਨੇ ਰੀਗਾ ਨਦੀ ਕਨਾਰੇ॥ ਘਾਟ ਨਗੀਨੇ ਪਾਸ ਕੋਠੜੀ ਪੱਥਰ ਦੀ ਸ਼ੁਭ ਇਕਾ। ਓਥੇ ਬੈਠਣ ਜਗਤ ਗੁਸਾਈਂ ਜਾਂਕੋ ਸਦਾ ਬਿਬੇਕਾ॥ ੩੬।

**ਇਤ ਸਿਰੀ ਸੰਤ ਬਿਲਾਸ ਗ੍ਰੰਥੇ ਦੂਸਰ ਅਵਸਥੇ ਸਿਰੀ ਅਵਚਲ ਸਚਖੰਡ ਹਜ਼ੂਰ ਸਾਹਿਬ ਸੰਤ ਜੀ ਦੇ ਆਵਣ ਕਾ ਪਰਸੰਗ ਬਰਨਨ ਨਾਮ ਦੂਸਰੋਂ ਧਿਆਇ ੨॥ ਅਬ ਸੰਤ ਸਾਹਿਬ ਕੀ ਤੇਈਸਵਾਂ ਸਾਲ ਸ਼ੁਰੂ ਸੰਮਤ ੧੯੪੫ ਬਿਕ੍ਰਮੀ ਸ਼ੁਰੂ ਭਯਾ॥**

## ( ਦੋਹਿਰਾ )

ਦਰਸ਼ਨ ਕਰ ਜੱਗਨਾਥਕੇ ਭਏ ਪੁਜਾਰੀ ਦਾਸ।
ਜਹਿ ਬੈਸਣ ਤਹਿ ਆਪ ਹੀ ਭੋਜਨ ਭੇਜਣ ਪਾਸ॥ ੧

## [ ਦੁਵਯਾ ਛੰਦ ]

ਰਾਤੀਂ ਘਾਟ ਨਗੀਨੇ ਹਰਿਜਨ ਰਹਿਣ ਕੋਠੜੀ ਮਾਹੀ। ਦਿਵਸ ਚੜ੍ਹੇ ਬੁੰਗੇ ਦੇ ਪਾਸੇ ਬੈਠੇ ਹਰਿ ਗੁਣ ਗਾਹੀ॥ ਘਾਟ ਨਗੀਨਾ ਤਰਫ ਜਾਂਦਿਆਂ ਸੱਜੇ ਗੁਰੂ ਦਵਾਰਾ। ਖੱਬੇ ਹੱਥ ਪੁਜਾਰੀ ਬੁੰਗਾ ਸੰਤਾਂ ਜਹਾਂ ਉਤਾਰਾ॥ ੨॥ ਭਲਾ ਹਜ਼ੂਰਾ ਸਿੰਘ ਰੰਬੀ ਲੈ ਪਰਸ਼ਾਦਾ ਆਵੇ। ਨਮਸਕਾਰ ਕਰਿ ਨਿਕਟੇ ਬੈਠੇ ਆਪੇ ਨਾਹਿ ਬੁਲਾਵੇ॥ ਵਾਹਿਗੁਰੂ ਦਾ ਸਿਮਰਨ ਕਰਦੇ ਸੰਤ ਰਹਿਣ ਲਿਵ ਲਾਈ॥ ਖੋਲ ਸਮਾਧੀ ਕਹਿਣ ਜਦ ਆਪੇ ਦ ਪਰਸ਼ਾਦ ਫੜਾਈ॥ ੩॥ ਬੱਗਾ ਸਿੰਘ ਪਰੇਮੀ ਸਾਰੇ ਇਹ ਭੀ ਟਹਲ ਕੁਮਾਵੇ। ਬਸਤਰ ਧੋਵੇ ਬਰਤਨ ਮਾਂਜੇ ਜੋੜਾ ਝਾੜ ਪੁਆਵੇ॥ ਇਸ ਭਾਂਤਿ ਸੰਤਾਂ ਨੇ ਏਥੇ ਅੱਧਕ ਤਪਸਯਾ ਸਾਧੀ। ਆਠ ਜਾਮ ਤੇ ਚੌਸਟ ਘੜੀਆਂ ਲਾਗੀ ਰਹੇ ਸਮਾਧੀ॥ ੪॥ ਕਦੇ ਕਦੇ ਦਰਬਾਰ ਗੁਰ ਕੇ ਬੰਦਨ ਕਰਨੇ ਔਂਦ। ਯਾਫਿਰ ਬੈਠੇ ਨਦੀ ਕਨਾਰੇ ਇਕ ਰਸ ਨਾਮ ਧਿਉਂਦੇ॥ ਇਕ ਦਿਨ ਬੈਠੇ ਨਦੀ ਕਨਾਰੇ ਬੱਗਾ ਸਿੰਘ ਬੁਲਾਯਾ। ਤਿਸਦਾ ਸਮਾ ਨਜੀਕ ਜਾਣਕੇ ਕੁਝ ਉਪਦੇਸ਼ ਸੁਣਾਯਾ॥ ੫॥ ਬੱਗਾ ਸਿੰਘ ਸੁਣੋ ਮਨ ਲਾਈ ਸਭ ਜਗ ਰੈਣ ਬਸੇਰਾ। ਬਿਨ ਵਾਹਿਗੁਰੂ ਸਿਮਰਨ ਕੀਤੇ ਮਿਟੇ ਨ ਭਵਜਲ ਫੇਰਾ॥ ਭਲੀ ਭਈ ਤੁਮ ਤਜੀ ਨੌਕਰੀ ਗੁਰ ਘਰ ਲੀਨੋ ਲਾਹਾ। ਖਿਨ ਖਿਨ ਨਾਮ ਜਪੋ ਲਿਵ ਲਾਈ ਦਮਦਾ ਕਹਾ ਬਸਾਹਾ ੬। ਦੇਖ ਅਸੀਂ ਲੈ ਤਲਬ ਅਪਣੀ ਸਾਧਾਂ ਰਹੇ ਛਕੌਂਦੇ॥ ਇਵ ਜਾਣਤ ਇਹ ਗੁਰਕੀ ਮਾਯਾ ਗੁਰਕੇ ਰਾਹ ਲਗੌਂਦੇ॥ ਜੋ ਕੁਝ ਦੰਮ ਪਾਸ ਹਨ ਤੇਰੇ ਹਰਿਕੇ ਲੇਖੇ ਲਾਵੇ। ਕਹਾ ਬਿਸਾਸਾ ਇਸ ਦੇਹੀ ਕਾ ਬਿਲਮ ਨ ਰਤਾ ਕਰਾਵੇ।

Sri Satguru Jagjit Singh Ji eLibrary NamdhariElibrary@gmail.com

ਖਿਨ ਖਿਨ ਵਾਹਿਗੁਰੂ ਜਪ ਜਾਪੇ ਗੁਰੂ ਨਜੀਕ ਪਛਾਣੇਂ । ਭਾਣਾ ਗੁਰ ਕਾ ਮੀਠਾ ਮਾਨੇਂ ਗੁਰੂ ਚਰਨੀ ਮਨ ਠਾਣੇਂ ॥ ਸੁਣੋ ਸਰੋਤਾ ਇਸ ਬਿਧ ਸੰਤਾ ਬਹੁਤ ਸਿੱਖ ਸਮਝਾਈ । ਬੱਗਾ ਸਿੰਘ ਸੁਣੀ ਮਨ ਧਾਰੀ ਬੈਠ ਸਮਾਧ ਲਗਾਈ ੮ । ਤੀਨ ਜ਼ਾਮ ਰਾਤਰ ਜਾਂ ਬੀਤੀ ਸੋਧ ਲਿਆ ਇਸਨਾਨਾ ॥ ਬੱਗਾ ਸਿੰਘ ਖੇਦ ਬਿਨ ਕੀਤਾ ਗੁਰੂ ਪੁਰ ਵਿਖੇ ਪਿਆਨਾ ॥ ਸੰਤਾਂ ਲਏ ਬੁਲਾਇ ਪੁਜਾਰੀ ਸੰਗਤ ਬਹੁਤੀ ਆਈ ॥ ਦਾਗ ਦੇਹ ਕਰ ਨਦੀ ਕਨਾਰੇ ਜਲਮਹਿ ਦੇਹਿ ਬਹਾਈ ॥ ੯ । ਘਾਟ ਨਗੀਨੇ ਗੁਰੂ ਦੁਆਰੇ ਪਾਠ ਅਖੰਡ ਧਰਾਯਾ । ਬੱਗਾ ਸਿੰਘ ਪਾਸ ਥੀ ਮਾਯਾ ਤਿਸਦਾ ਯੱਗ ਕਰਾਯਾ । ਭੋਗ ਪਾਇ ਅਰਦਾਸਾ ਕਰਕੇ ਸੰਤਾਂ ਕੂਚ ਬਜਾਏ । ਬੰਦੇ ਘਾਟ ਠਹਿਰ ਕੇ ਕੁਝ ਦਿਨ ਜੋਗੀ ਘਾਟ ਸਧਾਏ ੧੦ ॥ ਗੋਤਮ ਘਾਟ ਬੁੱਹੜਦੇ ਨੀਚੇ ਗੁਫਾ ਅਕਾਂਤ ਸਥਾਨੇ । ਏਥੇ ਭੀ ਤਪ ਕੀਤਾ ਕੁਝ ਦਿਨ ਨਗ ਆਯਾ ਫਣ ਤਾਨੇ । ਸੰਗਤ ਘਾਟ ਆਇ ਫਿਰ ਠਹਿਰੇ ਹੀਰਾ ਘਾਟ ਭਧਾਰੇ । ਮਾਤਾ ਜੀ ਦੇ ਗੁਰੂ ਦਵਾਰੇ ਕੀਤੇ ਜਾਇ ਦਿਦਾਰੇ ॥੧੧ । ਬਹੁਰ ਸ਼ਕਾਰ ਘਾਟ ਜਾ ਠਹਿਰੇ ਇਹ ਰਮਣੀਕ ਸਥਾਨਾ । ਤਪ ਸਾਧਨ ਏਥੇ ਬਹੁ ਕੀਤਾ ਹਰਿ ਸੰਗ ਜੋੜ ਧਿਆਨਾ ॥ ਏਥੇ ਸਿੰਘ ਰਹੇ ਇਕ ਗੁਰਮੁਖ ਭੋਜਣ ਦੇਹ ਛਕਾਈ । ਮੂਲਾ ਖਤਰੀ ਮੁਕਤ ਕਰਨ ਦੀ ਸਾਖੀ ਤਿਨੇ ਸੁਣਾਈ ੧੨ ॥ ਪਆਦਿ ਗੁਰੂ ਤੋਂ ਬੇ ਮੁਖ ਹੋਯਾ ਦਸਮ ਗੁਰੂ ਨੇ ਤਾਰਾ । ਸਾਖੀ ਗੁਰ ਇਤਹਾਸ ਦ ਵੇਖੋ ਹੈ ਹਮ ਨਹਿ ਲਿਖਤ ਦੁਵਾਰਾ । ਸਿਖਰ ਪਹਾੜੀ ਜਲ ਦਾ ਸੋਮਾ ਸੁੰਦਰ ਰੰਗਾ ਘਨੇਰੀ । ਤਿੰਨ ਮਹੀਨੇ ਏਥੇ ਸੰਤਾਂ ਮਾਣੀ ਮੌਜ ਵਥੇਰੀ ॥ ੧੩ । ਬਹੁਰ ਹਜੂਰਾ ਸਿੰਘ ਰੰਬੀ ਅਬਚਲ ਤੋਂ ਚਲ ਆਯਾ । ਦੋਇ ਕਛਹਰੇ ਪਰਨਾ ਤਿਸ ਨੇ ਆਕਰ ਭੇਟ ਚੜ੍ਹਾਯਾ । ਏਕ ਕਛਹਰਾ ਪਰਨਾ ਸੰਤਾਂ ਤਿਸ ਪਾਸੋਂ ਲੈ ਲੀਆ ॥ ਜੋਇ ਪੁਰਣਾ ਪਾਸ ਕਛਹਿਰਾ ਭੇਟ ਨਦੀ ਦੀ ਕੀਤਾ ॥ ੧੪ । ਫਿਰ ਮਾਤਾ ਦੇ ਗੁਰਦੁਆਰੇ ਆਏ ਜਨ ਅਵਨਾਸੀ । ਏਥੇ ਭਗਤ ਸਿੰਘ ਜੀ ਮਿਲਿਆ ਘੇਵ ਪਿੰਡੀ ਦਾ ਬਾਸੀ ॥ ਦੇਸ ਪੰਜਾਬੋਂ ਕਈ ਜਾਤਰੂ ਸਾਥ ਏਸਦੇ ਆਏ ॥ ਪੋਠੋਵਾਰ ਅਲਾਕੇ ਵਿਚੋਂ ਦਰਸ਼ਣ ਹੇਤ ਸਧਾਏ ॥ ੧੫ । ਸੰਤਾ ਦੇ ਕਰ ਦਰਸ਼ਣ ਸਭ ਨੇ ਬੰਦਨ ਫਤੇ ਉਚਾਰੀ ॥ ਲੈ ਲੈ ਨਾਮ ਬੁਲਾਏ ਸੰਤਾ ਸਭ ਹੀ ਬਾਰੀ ਬਾਰੀ । ਭਗਤ ਸਿੰਘ ਨੇ ਹਾਥ ਜੋੜਕੇ ਬਿਨਤੀ ਕਹੀ ਸੁਣਾਏ । ਆਗੇ ਮਿਲੇ ਨਹੀ ਹਰਿ ਜਨ ਜੀ ਕਿਸ ਬਿਧ ਨਾਮ ਬਤਾਏ । ੧੬ । ਸੁਣ ਕਰ ਸੰਤ ਹਸੇ ਫਿਰ ਬੋਲੇ ਏਹ ਬਾਤ ਨਹੀ ਭਾਰੀ ਹਰਿ ਜਨ ਚਿੱਤ ਅਰਾਗਰ ਕਰਕੇ ਦੇਖਣ ਦੁਨੀਆ ਸਾਰੀ । ਜੋ ਬ੍ਰਹਿਮੰਡੇ ਸੋਈ ਪਿੰਡੇ ਜੋ ਖੋਜੇ ਸੋ ਪਾਵੇ । ਜਾਂ ਪਾਵੇ ਤਾਂ ਲੱਖ ਅਕਾਸ ਪਤਾਲੋਂ ਖਬਰ ਲਿਆਵੇ । ੧੭ ਸੁਣ ਕਰ ਭਗਤ ਸਿੰਘ ਕਰ ਬੰਦਨ ਬਿਨਤੀ ਫੇਰ ਸੁਣਾਈ ॥ ਕਹੋ ਸੰਤ ਘਟ ਘਟ

Sri Satguru Jagjit Singh Ji eLibrary NamdhariElibrary@gmail.com

ਕੇ ਜਾਣੂ ਕਿਸ ਬਿਧ ਕ੍ਰੀ ਕੁਮਾਈ ॥ ਸੰਤਾ ਬਚਨ ਕਰੇ ਸੁਣ ਭਾਈ ਇਹ ਕੁਝ ਕਠਨ ਸਣੋਣੀ ॥ ਅਪਨੇ ਮੁਖ ਤੇ ਫਬਦੀ ਨਾਹੀ ਸੁਣੋ ਜਿ ਤੁਸਾਂ ਕਮੌਣੀ । ੧੮ । ਬਕੇ ਨ ਬੋਲ ਦ੍ਰਿੜ ਮਨ ਰਾਖੇ ਵਾਹਿਗੁਰੂ ਜਪੁ ਜਾਪੇ। ਹਰਖ ਸੋਗ ਮਹਿ ਦਾਝੇ ਨਾਹੀ ਤਉ ਹਰਿ ਆਪੇ ਆਪੇ । ਪਰਾ ਪਸੰਤੀ ਮਧਮ ਬੈਖਰ ਜਾਪ ਕਰੇ ਜਿਸ ਭਾਵੇ॥ ਚਾਰ ਬਾਣੀਆ ਬਤ ਹਸਤਾਲਮ ਹਰਿ ਜਨਕੇ ਹੁਇ ਜਾਵੇ ੧੯। ਨਿਸ ਦਿਨ ਜਾਗਤ ਵਾਹਿਗੁਰੂ ਬਿਨ ਅਸੀ ਨ ਜਪਦੇ ਹੋਰਾ। ਇਸ ਬਿਧ ਆਪ ਜਪੋ ਜੁਗਿਆਸੂ ਫਿਕਰ ਨਿਸਚਾ ਤੇਰਾ। ਭਗਤ ਸਿੰਘ ਮਨ ਹੋਯਾ ਫੱਟੜ ਸਾਬੀ ਅਪਨੇ ਛੋੜੇ । ਮੈ ਅਵ ਰਹੂੰ ਸੰਤ ਜੀ ਸੰਗੇ ਮਨ ਤਜਣਾ ਨਹੀਂ ਲੋੜੇ । ੨੦ ॥ ਭਗਤ ਸਿੰਘ ਸੰਤਾ ਦੇ ਸਾਥੇ ਅਬਚਲ ਪਹੁਚੇ ਆਏ । ਮਿਲ ਦਰਬਾਰ ਵਿਖੇ ਕਰ ਬੰਦਨ ਨਦੀ ਕਨਾਰ ਸਧਾਏ। ਘਾਟ ਨਗੀਨੇ ਪਉੜੀ ਨਿਕਟੇ ਰਹਿਣ ਕੋਠੜੀ ਮਾਹੀ। ਰਾਤਰ ਬਾਹਿਰ ਦਿਨ ਭਰ ਅੰਦਰ ਹਰਿ ਜਪ ਸੇਵਣ ਨਾਹੀ । ੨੧ । ਭਗਤ ਸਿੰਘ ਕਉ ਨੀਂਦਰ ਆਵੇ ਕਦੇ ਕਦਾਈਂ ਸੋਵੇ। ਕਦੇ ਬਰਾਗ ਵਿਖੇ ਭਰ ਨੇਤਰ ਗਦ ਗਦ ਕਰਕੇ ਰੋਵੇ। ਭਿੰਨੀ ਰੈਣ ਚੁਮੱਕਣ ਤਾਰੇ ਜਾਗਤ ਸੰਤ ਗੁਸਾਈ। ਢਲੀ ਰਾਤਿ ਗੁਰੁ ਕਲਗੀ ਧਰ ਜੀ ਦਰਸ਼ਣ ਦੀਨਾ ਆਈ । ੨੨ । ਦਰਸਣ ਪਾਇ ਜੋੜ ਦੁਇ ਹਾਥਾ ਸੰਤ ਖਲੋਤੇ ਆਗੇ । ਜਾਇ ਪੰਜਾਵ ਛਕਾਵੇ ਅੰਮ੍ਰਿਤ ਸਤਿ ਗੁਰ ਆਖਣ ਲਾਗੇ ਜਿਸ ਕਾਰਨ ਅਵਤਾਰ ਤੁਮਾਰਾ ਕਰੇ ਜਗਤਿ ਉਜਿਆਲਾ । ਹਰਿ ਕੀਰਤ ਬਿ ਕਲਯੁਗ ਅੰਦਰ ਜਗਤਿਸਭੋ ਮਤਵਾਲਾ । ੨੩ ॥ ਇਸ ਬਿਧ ਬਚਨ ਆਖ ਗੁਰ ਗੁਪਤ ਭਏ ਛਿਨ ਮਾਹੀ। ਭਗਤ ਸਿੰਘ ਸਏ ਇਸ ਵੇਲੇ ਦਰਸ਼ਨ ਹੋਏ ਨਾ ਦਿਵਸ ਚੜ੍ਹੇ ਸੰਤਾ ਨੇ ਤਿਸ ਨੂੰ ਗੁਰ ਕੇ ਬਚਨ ਸੁਨਾਏ। ਬਹੁਤ ਬਰਾਗ ਕਰੇ ਤੇ ਆ ਮੈਂ ਦਰਸ਼ਨ ਨਾ ਪਾਏ । ੨੪ । ਦੇਸ ਪੰਜਾਬੋਂ ਜੋ ਜੋ ਸੰਗਤ ਅਵਚਲ ਪਹੁੰਚੇ ਆਏ। ਖਬਰ ਸੁਣੇ ਸੰਤਾਂ ਪਹਿ ਆਵੇ ਬੈਠਤ ਸੀਸ ਨਿਵਾਕੇ । ਫੂਲ ਹਾਰ ਸੰਤਾਂ ਗਲ ਪਾਂਵਣ ਅਰਪਣ ਬਸਤਰ ਮਾਯਾ। ਭਗਤ ਸਿੰਘ ਚੁਕ ਦਵੇ ਗਰੀਬਾਂ ਇਸ ਬਿਧ ਸਮਾ ਬਿਤਾਯਾ। ੨੫ ॥ ਇਕ ਦਿਨ ਸੰਤਾਂ ਭਗਤ ਸਿੰਘ ਨੂੰ ਇਸ ਬਿਧ ਆਖ ਸੁਣਾਈ। ਘਾਟ ਨਗੀਨੇ ਰਹਿਤ ਗਲਬਲਾ ਸੰਗਤਿ ਆਵਤ ਜਾਈ । ਜੋਗੀ ਘਾਟ ਅਕਾਂਤਿ ਸਥਾਨੇ ਚਲੀਏ ਕਰੋ ਤਿਆਰੀ ॥ ਮਸਲਤ ਕਰਕੇ ਚਲੇ ਹਰੀ ਜਨ ਪਹੁੰਚੇ ਜਗਾ ਨਿਆਰੀ । ੨੬ । ਏਥੇ ਸੀਤਾ ਫਲ ਹੀ ਛਕਦੇ ਨਦੀ ਨੀਰ ਪੀ ਲੈਂਦੇ ॥ ਰਾਤ ਦਿਨੇ ਜਾਗਣ ਜਪੁ ਜਾਪਣ ਕਦੇ ਨਾ ਸੇਵਣ ਪੈਂਦੇ ॥ ਏਥੇ ਫਿਰ ਦਸਮ ਗੁਰ ਜੀ ਨੇ ਦਰਸ਼ਨ ਦੀਨਾ ਆਈ । ਭਗਤ ਸਿੰਘ ਨੂੰ ਕਰ ਉਸਿਆਰਾ ਸੰਤਾਂ ਲਿਆ ਜਗਾਈ ॥ ੨੭ ॥ ਜੋੜੇ ਹਾਥ ਖਲੋਤੇ ਦੋਵੇਂ ਸਤਿਗੁਰ ਬਚਣ ਸੁਣਾਏ । ਸੰਤੋ ਦੇਸ ਪੰਜਾਬ ਭਧਾਰੋ ਕਰੋ ਜਿਸੇ ਹਿਤ ਆਏ । ਨਾਮ

ਜਪਾਵੇ ਪਹੁਲ ਛਕਾਵੇ ਕੀਰਤ ਗਾਇ ਸੁਣਾਵੇ। ਅਗਨ ਈਰਖਾ ਜਲਤ ਪਿਰਥਮੀ
ਸਾਂਤੀ ਦਰਸ ਦਿਖਾਵੇ ॥ ੨੮ । ਕਰ ਬੰਧਨ ਸੰਤਾਂ ਮੁਖਿਆਖੀ ਸੱਤਿ ਬਚਨ
ਜਗ ਸਾਈਂ । ਪੁਤਰੀ ਕਾਠ ਕਰੇ ਕਹ ਬਪੁਰੀ ਆਪੇ ਖੇਲ ਖਿਲਾਈ॥ ਅੰਗ ਸੰਗ
ਸਦ ਰਹੋ ਗੁਰੂ ਜੀ ਅਪਣੀ ਟਹਿਲ ਕਰਾਏ। ਕਹਾ ਸਾਧ ਜੋ ਦਰਸ ਬਹੂੰਣਾ ਦਰਸ
ਹਮੇਸ਼ ਦਿਖਾਵੇ ॥ ੨੯। ਦਸਮ ਗੁਰੂ ਜੀ ਰੂਪ ਛੁਪਾਯਾ ਸੰਤ ਚਲੇ ਸਿਰ ਨਿਆਈ।
ਭਗਤ ਸਿੰਘ ਆਖੇ ਤੁਝ ਕਿਰਪਾ ਲਏ ਦਰਸ ਗੁਰ ਪਾਈ॥ ਬਚਨ ਬਲਾਸ ਕਰੇਂਦੇ
ਦੋਵੇਂ ਘਾਟ ਨਗੀਨੇ ਆਏ। ਅੰਮ੍ਰਿਤ ਵੇਲੇ ਕੂਚ ਕਰਨ ਦੀ ਮਸਲਤ ਲਈ ਬਣਾਏ॥ ੩੦
ਰਾਤਰ ਬੇਲੇ ਆਪਸ ਮਾਹੀ ਬੈਠੇ ਬਚਨ ਕਰੇਂਦੇ। ਭਗਤ ਸਿੰਘ ਜੀ ਸੰਤਾਂ ਤਾਈਂ
ਫਿਰ ਫਿਰ ਉਪਮਾਂ ਦੇਂਦੇ। ਇਹ ਤਉ ਦਾਤਿ ਅਮੋਲਕ ਬਖਸ਼ੀ ਬਚਨ ਗੁਰਾਂ
ਜੋ ਕੀਤੇ ॥ ਸਤਿਗੁਰ ਬਚਨ ਬਚਨ ਹੈ ਸਤਿਗੁਰ ਆਦੋਂ ਗੁਰ ਕੀ ਰੀਤੇ। ੩੧।
ਬਚਨ ਕਰੇ ਹਰਿ ਕ੍ਰਿਸ਼ਨ ਗੁਰੂ ਜੀ ਬਾਬਾ ਵਿਚ ਬਾਕਾਲੇ। ਏਸ ਬਚਨ ਤੋਂ
ਆਇ ਸੰਗਤਾਂ ਸਤਿਗੁਰ ਪੂਰੇ ਭਾਲੇ ॥ ਸੁਣ ਕਰ ਸੰਤ ਹਸੇ ਫਿਰ ਬੋਲੇ ਭਗਤ
ਸਿੰਘ ਤੂੰ ਜਾਣੇ ॥ ਪਰਗਟਿ ਨਾ ਕਰ ਸਤਿਗੁਰ ਆਖਣ ਮਖਣ ਸਿੰਘ ਲੁਬਾਣੇ
। ੩੨ ॥ ਇਹ ਤੋਂ ਭਾਰ ਉਠਾਵਣ ਮੁਸ਼ਕਲ ਗੁਪਤੀ ਰਹਿਣ ਭਲੇਰਾ। ਮਖਣ
ਸਿੰਘ ਕਹੇ ਗੁਰ ਲਾਧੋ ਤਿਸ ਮਨ ਚਾਉ ਘਨੇਰਾ । ਭਗਤ ਸਿੰਘ ਇਹ ਦਾਤ
ਅਮੋਲਕ ਜਿਸ ਬਖਸ਼ੇ ਸੋ ਪਾਵੇ। ਤਿਸ ਕੀ ਧੂੜਿ ਗੁਰੂ ਭੀ ਮਾਂਗਤ ਜਪੇਣ
ਨਾਮ ਜੁਪਾਵੇ। ੩੩ । ਸੱਚ ਖੰਡ ਦਰਬਾਰ ਵਿਖੇ ਭੀ ਕਿਨੇ ਖਬਰ ਪਹੁੰਚਾਈ।
ਅਤਰ ਸਿੰਘ ਜੀ ਸੰਤ ਕਿਸੇ ਦਿਨ ਦੇਸ ਪੰਜਾਬੇ ਜਾਈ। ਦਿਵਸ ਚੜੇ ਮਿਲ
ਸਭੇ ਪੁਜਾਰੀ ਸੰਤਾਂ ਦੇ ਪਹਿ ਆਏ । ਕਰ ਬੰਧਨ ਬੈਠੇ ਚਹੁਗਿਰਦੇ ਬਿਨਤੀ ਕਹੀ
ਸੁਣਾਏ ॥ ੩੪। ਹਮ ਨੇ ਸੁਣਿਆ ਸੰਤ ਜਾਣਗੇ ਦੇਸ ਪੰਜਾਬ ਮਝਾਰੇ। ਕੀ
ਕੁਝ ਟਹਿਲ ਨਾ ਹੋਈ ਸਤੇ ਕੀਤੇ ਤੁਸਾਂ ਤਿਆਰੇ। ਸੁਣ ਕਰ ਭਗਤ ਸਿੰਘ
ਜੀ ਬੋਲੇ ਹੁਕਮ ਗੁਰੂ ਕਾ ਭਾਈ। ਦਰਸ਼ਣ ਦੇਹ ਗੁਰ ਕਲੰਗੀ ਧਰ ਆਇਸ ਇਵ
ਫੁਰਮਾਈ । ੩੫। ਸੰਤੋ ਦੇਸ ਪੰਜਾਬ ਭਧਾਰੋ ਘਰਿ ਘਰਿ ਨਾਮ ਜੁਪਾਵੋ ॥
ਕੀਰਤ ਕਰੋ ਛਕਾਵੋ ਅੰਮ੍ਰਿਤ ਬਹੁਤੇ ਸਿੰਘ ਸਜਾਵੋ। ਸੁਣ ਕਰ ਸੰਗਤ ਭਈ
ਅਚੰਭੀ ਇਹ ਤਉ ਹੁਕਮ ਅਮੇਟਾ । ਜਥਾ ਸਕਤ ਸਭਨਾਂ ਫਿਰ ਦੀਨੀ ਸੰਤਾਂ
ਨੂੰ ਕੁਝ ਭੇਟਾ । ੩੬। ਬਸਤਰ ਦਾਮ ਔਰ ਮਠਿਆਈ ਸੰਤਾਂ ਸਭ ਬਰਤਾਏ ॥
ਇਕ ਤਲਵਾਰ ਮਿਲੀ ਸੀ ਭੇਟਾ ਸੰਤਾਂ ਲਈ ਉਠਾਏ। ਪਾਸ ਹਜ਼ੂਰਾ ਸਿੰਘ
ਗ੍ਰੰਥੀ ਤਿਸ ਦੇ ਹਾਥ ਫੜਾਈ । ਏਹ ਅਮਾਨਤ ਰੱਖ ਤੂੰ ਸਾਡੀ ਫੇਰ ਲਵਾਂਗੇ
ਆਈ । ੩੭ । ਫਿਰ ਦਰਵਾਰ ਵਿਖੇ ਚਲਿਆਏ ਤਜਕਰ ਘਾਟ ਨਗੀਨਾ ।
ਸਿਰੋ ਪਾਉ ਪਰਸ਼ਾਦ ਜ ਟਿੱਕੀ ਇਹ ਸੰਤਾਂ ਨੂੰ ਦੀਨੀ ॥

ਆਪ ਖਲੋਇ ਆਰਤੀ ਕੀਨੀ ਫਿਰ ਅਰਦਾਸ ਕਰਾਈ। ਚੜ੍ਹਦੀ ਕਲਾ ਰਹੇ ਸੰਤਾਂ ਦੀ ਹੋਣਾ ਸਦਾ ਸਹਾਈ। ੩੮। ਅੰਗ ਸੰਗ ਰਹਿਣਾ ਗੁਰ ਪੂਰੇ ਇਵ ਕੀਤਾ ਅਰਦਾਸਾ ॥ ਗੁਰੂ ਗ੍ਰੰਥ ਕਾ ਵਾਕ ਸੁਣਾਯਾ ਹੋਯਾ ਅਜਬ ਤਮਾਸ਼ਾ ॥ ਦੇਵਤਿਆਂ ਧੁਨ ਕਾਰ ਸੁਣਾਈ ਛੁਣ ਛੁਣ ਜੇਹੀ ਹੋਈ। ਸੰਗਤ ਕਰੇ ਬਰਾਗ ਬਛੋੜਾ ਨੇਤਰ ਭਰ ਭਰ ਰੋਈ। ੩੯ ॥ ਬਿਦਿਆ ਕਰਨ ਚਲੀ ਮਿਲ ਸੰਗਤ ਪਾਸੋਂ ਦੇਵਣ ਭਾੜਾ ॥ ਸੰਤ ਕਹਣ ਪੈਦਲ ਹੀ ਜਾਣਾ ਵੇਖਤ ਝੱਲ ਪਹਾੜਾ। ਭਗਤ ਸਿੰਘ ਆਖੇ ਮੈ ਜੁਲਸਾ ਸੰਤਾ ਸੰਗ ਸਧਾਸਾਂ ॥ ਬਾਟ ਘਾਟ ਰਸਤੇ ਸੰਤਾ ਦੀ ਬਹੁ ਬਿਧ ਟਹਲ ਕਮਾਸਾਂ। ੪੦ ॥ ਸੰਗਤ ਸਾਥ ਹਤੀ ਜਨ ਤੁਰਦੇ ਬਚਨ ਕਹਿੰਦੇ ਜਾਈ ।ਨਾਮ ਜਪੇ ਸੁਭ ਕਿਰਤ ਕਮਾਵੇ ਮੇਲਾ ਜਗਤ ਸਰਾਈ। ਅਏ ਸਾਧ ਸਿੱਖਦੀ ਸੇਵਾ ਕਰੇ ਸਦਾ ਮਨ ਲਾਕ। ਗੁਰ ਗ੍ਰਿਹ ਰਹੇ ਸਹੈ ਗੁਰ ਭਾਣਾ ਇਵ ਆਖਤ ਸਮਝਾਕੇ। ੪੧ ॥ ਇਹ ਦਰਗਾਹ ਗੁਰੂ ਕੀ ਅੰਦਰ ਰਹਿਣ ਸੁਭਾਗੇ ਬੰਦੇ। ਕਰ ਅਰਦਾਸ ਗੁਰੂ ਪਹਿ ਆਖੈ ਤੇਰੇ ਚੰਗੇ ਮੰਦੇ। ਇਸ ਬਿਧ ਬਚਨ ਅਪਾਰ ਸੁਣਾਕੇ ਸੰਗਤ ਕਹਿ ਅਟਕਾਈ। ਕਰ ਬੰਦਨ ਸੰਗਤ ਸਭ ਠਹਿਰੀ ਸੰਤਾ ਫਤੇ ਬੁਲਾਈ ॥ ੪੨ ॥ ਏਕ ਸਾਲ ਭਰ ਸੰਤਾਂ ਏਥੇ ਤਪ ਕੀਤਾ ਬਹੁ ਭਾਰੀ। ਅਤਰ ਸਿੰਘ ਪ੍ਰਭ ਅਤਰ ਅਮੋਲਕ ਅਪਣੀ ਮਹਿਕ ਖਿਲਾਰੀ। ਸੰਗਤ ਮੁੜੀ ਸੰਤ ਤੁਰ ਚਾਲੇ ਬਿਰਹੋ ਕੰਠ ਰੁਕਾਇ। ਸੰਗਤ ਕਹੇ ਮਲਾਹ ਜਗਤ ਕੇ ਜੱਗਤਿ ਉਧਾਰਨ ਆਇ ॥ ੪੩ ॥

**ਇਤ ਸਿਰੀ ਸੰਤ ਬਲਾਸ ਗ੍ਰੰਥੇ ਦੂਸਰ ਅਵਸਥੇ ਸਿਰੀ ਅਵਚਲ ਹਜ਼ੂਰ ਸਾਹਿਬ ਦੀ ਪਵਿਤਰ ਭੂਮੀ ਵਿਖੇ ਸੰਤਾਂ ਨੇ ਸਾਲ ਭਰ ਭਾਰੀ ਤਪ ਕਰਨਾ ਤੇ ਅਨੰਤ ਰੂਹਾ ਨੂੰ ਸੁਮੱਤੇ ਲਾਵਣ ਪਰਸੰਗ ਬਰਨਨ ਨਾਮ ਤ੍ਰਿਤੀਓ ਧਿਆਇ ॥ ੩ ॥ ਆਰਬਲਾ ਸੰਤ ਸਾਹਿਬ ਜੀ ਕੀ ਚੋਤੀਸਵੇਂ ਸਾਲ ਸ਼ੁਰੂ॥ ਸੰਮਤ ੧੯੪੬ ਬਿਕ੍ਰਮੀ ਸ਼ੁਰੂ ਭਯਾ॥ ਦੋਹਰਾ**

ਅਬਚਲ ਕਰਕੇ ਜਾਤਰਾ ਪਰਤੇ ਤਰਫ ਪੰਜਾਬ। ਪੈਦਲ ਚਲਦੇ ਸੰਤ ਜੀ ਬਿਖੜਾ ਰਾਹ ਖਰਾਬ ॥ ੧

## ਦੁਵਯਾ ਛੰਦ

ਬਚਨ ਬਲਾਸ ਕਰੇਂਦੇ ਰਸਤੇ ਸਨੇ ਸਨੇ ਤੁਰ ਚਾਲੇ। ਬਿਖੜੇ ਦਾਉ ਲੰਘਾਵੇ ਹਰਿ ਪ੍ਰਭ ਜੰਗਲ ਝਲ ਕਰਾਲੇ। ਮਜ਼ਲੋ ਮਜ਼ਲੀ ਸਹਜ ਭਧਾਰਤ ਪੁੰਡ੍ਰਕ ਪੁਰ ਮਹਿ ਆਏ। ਏਥ ਦਿਹੁਰਾ ਨਾਮ ਦੇਵ ਹਿਤ ਹਰਿ ਜੀ ਦਯੋ ਫਿਰਾਏ। ੨ ਏਥੇ ਆਇ ਬਰਾਜੇ ਹਰਿਜਨ ਰਹਿਤ ਜਨਮ ਅਬਨਾਸੀ। ਦਰਸ਼ਣ ਪਾਵਣ ਭੇਟ

ਚੜ੍ਹਾਵਣ ਭਲੇ ਜੁ ਸਹਰਿ ਨਿਵਾਸੀ । ਬੈਠ ਛਕਣ ਤੇ ਨਾਮ ਜਪਣ ਦੀ ਸੰਤ
ਸਿੱਖ ਸਮਝਾਂਦੇ । ਜੋ ਕੁਝ ਅਰਪਣ ਸ਼ਹਿਰ ਨਿਵਾਸੀ ਭਗਤ ਸਿੰਘ ਬਰਤਾਂਦੇ। ੩
ਅੰਮ੍ਰਤ ਵੇਲੇ ਮੱਜਨ ਕਰਕੇ ਨਿਤਾ ਨਿਯਮ ਕਰ ਲੀਤੇ। ਛਕ ਪਰਸ਼ਾਦਾ ਪੁੰਡ੍ਰਕ
ਪੁਰ ਤੋਂ ਬਹੁਰ ਪਿਆਨੇ ਕੀਤੇ ॥ ਮਜ਼ਲ ਮਜ਼ਲ ਰਸਤਾ ਤਹਿ ਕਰਦੇ ਸ਼ਹਿਰ
ਭਸਾਵਲ ਆਏ ॥ ਏਥੇ ਪੂਨਾ ਨਦੀ ਕਨਾਰੇ ਬਾਹਰ ਡੇਰੇ ਲਾਏ ੪। ਬੈਠੇ ਦੇਖ
ਸ਼ਹਿਰ ਦੇ ਲੋਕਾਂ ਭੋਜਨ ਪਾਸ ਪਠਾਯਾ। ਜੋ ਜੋ ਆਯਾ ਦਰਸ਼ਨ ਪਾਵਣ ਸੰਤਾਂ
ਨਾਮ ਦਿੜ੍ਹਾਯਾ । ਭਗਤ ਸਿੰਘ ਨੇ ਆਪ ਪਕਾਯਾ ਬੈਠ ਦੁਹਾਂ ਛਕ ਲੀਨਾ।
ਅੰਮ੍ਰਿਤ ਵੇਲੇ ਕਰ ਇਸ਼ਨਾਨੇ ਬਹੁਰ ਪਿਆਨਾ ਕੀਨਾ॥ ੫ ॥ ਮਜ਼ਲੋ ਮਜ਼ਲੀ ਬਾਟ
ਮਕੌਂਦੇ ਖੰਡੂਏ ਸ਼ਹਿਰ ਪਹੁੰਚੇ । ਧਰਮ ਸਾਲ ਮਹਿੰ ਉਤਰੇ ਆਕੇ ਸੰਤ ਉਚਤ
ਉਚੇ ॥ ਏਕ ਸੇਠ ਨੇ ਦਰਸ਼ਣ ਕਰਕੇ ਦੂਧ ਲਿਆਣ ਛਕਾਯਾ। ਰਾਸਣ ਬਹੁਰ
ਲਿਆਕਰ ਦੀਨਾ ਸੰਤਾਂ ਨਾਮ ਦਿੜ੍ਹਾਯਾ । ੬ ਭੋਜਣ ਆਪ ਬਣਾਕੇ ਛਕਦੇ
ਸ਼ਹਿਰੀ ਰਸਤ ਪਹੁੰਚੌਂਦੇ । ਜੇ ਕੋ ਪੁਛੇ ਤਿਸ ਨੂੰ ਹਰਿਜਨ ਮੁਕਤੀ ਰਾਹ
ਬਤੌਂਦੇ। ਰਾਤ ਰਹੇ ਮੱਜਨ ਕਰ ਚਾਲੇ ਵਿਖੜੇ ਰਾਹ ਪਧਾਰੇ।
ਕਹੇ ਕਹੇ ਕੰਨ ਪੈਣ ਅਵਾਜ਼ਾਂ ਸ਼ੇਰ ਕਿਤੇ ਭਭਕਾਰੇ। ੭। ਏਕ ਬਾਰ
ਰਸਤੇ ਦੇ ਨੇੜੇ ਸ਼ੇਰ ਖੜਾ ਦਿਸਿ ਆਯਾ। ਭਗਤ ਸਿੰਘ ਭੈਭੀਤ ਹੋ ਗਿਆ
ਸੰਤਾਂ ਨੇ ਸਮਝਾਯਾ। ਪ੍ਰਭ ਕੈ ਸਿਮਰਨ ਦੁਸ਼ਮਣ ਟਰਹੈ ਸਿਮਰਨ ਕਰ ਮਨ ਲਾਈ।
ਸਿਮਰਨ ਕਰਦੇ ਗਏ ਅਗਾਰੀ ਹੋ ਗਿਆ ਸ਼ੇਰ ਬਿਲਾਈ। ੮। ਦਰਸ਼ਣ
ਕਰਕੇ ਪੂਛ ਫੇਰਦਾ ਬਿੱਲੀ ਜਿਵੇ ਭਧਾਰਾ । ਭਗਤ ਸਿੰਘ ਸੰਤਾਂ ਨੂੰ ਆਖਤ
ਨਿਹਚਾ ਧੰਨ ਤੁਮਾਰਾ ॥ ਤੁਰਦੇ ਓਅੰਕਾਰ ਦੇ ਮੰਦਰ ਹਰਿਜਨ ਪਹੁੰਚੇ ਆਈ
ਓਅੰਕਾਰ ਦਖਣੀ ਬਾਣੀ ਏਥੇ ਗੁਰਾਂ ਰਚਾਈ। ੯। ਏਥੇ ਮੂਰਤ ਮੰਦਰ ਅੰਦਰ
ਸੰਦੂਮ ਫਣੀਅਰ ਕੇਰੀ ॥ ਪਤਾ ਨਹੀਂ ਕਿਸ ਕਾਰਨ ਏਥੇ ਰਾਖੀ ਕਿਨੇ ਭਲੇਰੀ
ਏਥੇ ਆਇ ਸੰਤ ਜੀ ਉਤਰੇ ਗੁਰ ਨਾਨਕ ਅਸਥਾਨੇ ॥ ਜਿੱਥੇ ਆਸਣ ਕੀਤੇ
ਸਤਿਗੁਰ ਬਾਲੇ ਤੇ ਮਰਦਾਨੇ ।੧੦। ਏਥੇ ਸੰਤ ਕੁਝ ਕੁ ਦਿਨ ਠਹਿਰੇ ਕੀਤੇ
ਦੂਰ ਥਕੇਵੇ ॥ ਸਾਧੂ ਆਇ ਕਰਨ ਕੁਝ ਪਰਸ਼ਨ ਹਰਿਜਨ ਉੱਤਰ ਦੇਵੇਂ ।
ਆਖਣ ਸਾਧ ਜਗਤ ਭਵ ਸਾਗਰ ਕਿਸ ਬਿਧ ਤਰਿਆ ਜਾਵੇ। ਸੰਤ ਬਤਾਵਣ
ਸ਼ਬਦ ਗੁਰੂ ਕਾ ਸਾਗਰ ਪਾਰ ਲੰਘਾਵੇ ॥ ੧੧ ।
ਗੁਰ ਕੇ ਸਬਦ ਤਰੇ ਮੁਨ ਕੇਤੇ ਇੰਦ੍ਰਾਦਿਕ ਬ੍ਰਹਮਾਦਾ ॥ ਗੁਰ ਬਿਨ ਕੋਇ ਨ ਉਤਰਸ
ਪਾਰੇ ਆਦੋਂ ਇਹ ਮਰਯਾਦਾ॥ ਪੁਛਦੇ ਸਾਧੂ ਹੇ ਜੱਗ ਤਾਰਕ ਇਹ ਮਨ ਭੂਤ ਕਰਾਲਾ
ਕੌਣ ਸਬਦ ਜਿਸਤੇ ਬਸ ਹੋਵੈ ਬਹੁਰਨ ਹੋਇ ਬਿਤਾਲਾ। ੧੨। ਸੁਰਤਿ ਸਬਦ
ਭਵਸਾਗਰ ਤਰੀਐ ਨਾਨਕ ਨਾਮ ਬਖਾਣੈ॥ ਸੁਰਤਿ ਜਪੇ ਵਾਹਿਗੁਰੂ ਮੰਤਰ ਮਨ

ਆਪੇ ਬਸਆਣੈ ॥ ਸਾਧਾਂ ਸਬ ਕਰੀ ਪ੍ਰਭ ਗੋਸਟ ਠਹਰੇ ਕਈ ਦਿਹਾਰੇ । ਖੁਸੀ ਕਰੀ ਮਿਲ ਕਰ ਤੁਰ ਚਾਲੇ ਤਰਫ ਉਜੈਨ ਭਧਾਰੇ ॥ ੧੩ ॥ ਮਜਲੋ ਮਜਲੀ ਤੁਰਦੇ ਹਰਿ ਜਨ ਆਏ ਸ਼ਹਿਰ ਉਜ਼ੈਨਾ । ਏਸ ਸਹਰ ਦੇ ਲੋਕ ਭਲੇਰੇ ਬੋਲਤ ਮੀਠੇ ਬੈਨਾ ॥ ਸਾਲ ਦੁਆਦਸ ਬਾਦ ਹੋਤ ਹੈ ਕੁੰਭ ਉਜੈਨ ਮਝਾਰੇ ॥ ਬਿੱਕ੍ਰਮ ਜੀਤ ਭਰਥਰੀ ਰਾਜਾ ਹੋਏ ਧਰਮੀ ਭਾਰੇ ।੧੪। ਏਥੇ ਬਾਗ ਬਗੀਚੇ ਸੁੰਦਰ ਨਦੀ ਗੰਡਕਾ ਭਾਰੀ । ਬਾਗਾਂ ਬਿਚ ਗੁਫੇ ਅਰ ਕੁਟੀਆਂ ਸਾਧੂ ਰਹਿਣ ਅਪਾਰੀ।ਏਥੋਂ ਦਾ ਈ ਸਿੱਖ ਬਸੰਭਰ ਦਸਮ ਗੁਰ ਪਹਿ ਆਯਾ । ਜਿਸਦੇ ਲੜਕੇ ਬਚਨ ਬੇਚਿਆ ਫਿਰ ਪਾਛੇ ਪਛਤਾਯਾ । ੧੫ । ਏਥੇ ਬਾਹਰ ਬਿੱਚ ਬਗੀਚੇ ਸੰਤਾਂ ਡੇਰੇ ਲਾਏ । ਬਾਗਮਾਨ ਤੋਂ ਸੁਣ ਕਰ ਸ਼ਹਿਰੋਂ ਸੇਠ ਦਰਸ ਹਿਤ ਆਏ । ਦਰਸ਼ਨ ਕਰਕੇ ਸੰਤਾਂ ਕੋਹੇ ਅਰਪਣ ਫਲ ਮਠਿਆਈ । ਨਾਮ ਨਗਰ ਸੰਤਾਂ ਦਾ ਪੂਛਤ ਭਗਤ ਸਿੰਘ ਬਤਲਾਈ ।੧੬। ਪੁਛਦੇ ਕਹੋ ਸੰਤ ਜਗ ਤਾਰਕ ਹਰਿ ਮਿਲਣੇ ਦੀ ਰੀਤੀ। ਆਖਤ ਸੰਤ ਜਪੋ ਗੁਰ ਮੰਤਰ ਗੁਰ ਸੰਗ ਕਰੋ ਪਰੀਤੀ। ਗੁਰ ਹੀ ਦਾਤਾ ਤਪਤ ਬਨਾਸੇ ਚਾਨਣ ਗੁਰ ਤੇ ਹੋਈ । ਗੁਰੂ ਜਹਾਜ਼ ਮਲਾਹ ਗੁਰੂ ਹੈ ਗੁਰ ਬਿਨ ਤਰੈ ਨ ਕੋਈ। ੧੭। ( ਗੁਰਵਾਕ ) ਗੁਰ ਦਾਤਾ ਗੁਰ ਹਿਵੈ ਘਰ ਗੁਰ ਦੀਪਕ ਤਹਿ ਲੋਇ। ਗੁਰ ਜਹਾਜ਼ ਖੇਵਟ ਗੁਰੂ ਗੁਰ ਬਿਨ ਤਰਿਆ ਨ ਕੋਇ । ਇਸ ਬਿਧ ਬਚਨ ਅਪਾਰ ਸੁਣਾਏ ਸੰਗਤ ਆਵੈ ਜਾਈ। ਭੋਜਨ ਬਸਤਰ ਪਲੰਗ ਬਿਸਤਰੇ ਬਾਛਤ ਬਸਤ ਪੁਚਾਈ । ਦੋ ਦਿਨ ਠਹਿਰ ਨਾਮ ਦਿਰੜਾਕੇ ਸੰਤ ਅਗੇਰੇ ਚਾਲੇ । ਸੰਤਾਂ ਦੇ ਸ਼ੁਭ ਬਚਨ ਅਮੋਲਕ ਲੋਕ ਮੋਮ ਸਮ ਢਾਲੇ । ੧੮ ਸਨੇ ਸਨ ਤੁਰਦੇ ਜਗ ਸਾਈਂ ਬਿਖੜੇ ਰਾਹ ਘਨੇਰੇ। ਪੁਸਕਰ ਰਾਜ ਪਹੁੰਚੇ ਆ[illegible] ਧਰਤੀ ਨੇਤਰ ਹੇਰੇ ॥ ਦਸਮ ਗੁਰੂ ਭੀ ਏਥੇ ਆਏ ਧਰਤੀ ਪਾਵਨ ਕੀਤੀ । ਤਿ[illegible] ਅਸਥਾਨ ਬ੍ਰਾਹਮਣ ਬੈਠਾ ਗੁਰ ਸੰਗ ਤਿਸੇ ਪਰੀਤੀ ।੧੯। ਗੁਰੂ ਗ੍ਰੰਥ ਘਰੋਂ ਲੈ ਆਵੇ ਏਥੇ ਕਰੇ ਪ੍ਰਕਾਸ਼ਾ । ਸੰਤ ਏਸ ਤੀਰਥ ਕਰ ਮੱਜਨ ਗਏ ਬ੍ਰਾਮਣ ਪਾਸਾ । ਸੰਤਾਂ ਪੂਛੀ ਤਿਨੇ ਬਤਾਈ ਮੰਜੀ ਇਹ ਗੁਰ ਕੇਰੀ । ਦਸਮ ਗੁਰੂ ਇਸ ਤੀਰਥ ਤੀਰੇ ਠਹਿਰੇ ਸੀ ਕੁਝ ਡੇਰੀ ॥ ੨੦ ॥ ਗੁਰੂ ਦੁਆਰਾ ਬਣਿਆ ਨਾਹੀਂ ਸਿੱਖ ਏਸ ਦਿਸ ਥੋੜੇ । ਦਿਜ ਆਖਤ ਮੰਜੀ ਬਣਵਾਈ ਮੈਂ ਚੁਗ ਫੁੱਟੇ ਰੋੜੇ । ਇਹ ਧਰਤੀ ਦੀ ਅੱਖ ਹਰੀ ਜਨ ਤੀਰਥ ਪੁਸ਼ਕਰ ਰਾਜਾ । ਇਸੇ ਮੁੰਦਾਏ ਦੇਣ ਹਿਤ ਆਯਾ ਦੁਸ਼ਟ ਨਟੰਗਾ ਰਾਜਾ ॥ ੨੧ ॥ ਖਟ ਮਾਸਾ ਬੁਹ ਲਾਇ ਮਜੂਰਾਂ ਏਕ ਚੌਂਤਰਾ ਬਧਾ। ਤਿਸ ਪਰ ਆਏ ਲਗਾਇਆ ਤੰਬੂ ਤੁਬ ਚਲਿਆ ਭੌ ਖਾਧਾ । ਕਰ ਮੰਨਤ ਭੁਲ ਮਾਫ ਕਰਾਈ ਭੇਟਾ ਅਧਕ ਚੜ੍ਹਾਈ ਸੰਤਾਂ ਨੂੰ ਇਸ ਭਾਂਤ ਬ੍ਰਾਮਣ ਸਾਖੀ ਏਹ ਸੁਣਾਈ। ੨੨। ਗੁਰ ਅਸਥਾਨ ਸੋਧ ਅਰਦਾਸਾ ਏਥੋਂ ਸੰਤ ਪਧਾਰੇ। ਸਨੇ ਸਨੇ ਅਜਮੇਰ ਪਹੁੰਚੇ ਉਤਰੇ ਸ਼ਹਿਰ ਮਝਾਰੇ। ਸਿੱਖ ਰਾਮ ਗੜ੍ਹੀਏ ਕੁਝ ਏਥੇ ਧਰਮ ਸਾਲ ਬਣਵਾਈ। ਏਥੇ ਰਹੇ ਸੰਤ ਤਿਨ ਸਿੱਖਾਂ ਚੰਗੀ

Sri Satguru Jagjit Singh Ji eLibrary NamdhariElibrary@gmail.com

ਟਹਿਲ ਕਮਾਈ। ੨੩ ॥ ਸੰਤਾਂ ਨਾਮ ਦਾਨ ਦਿਰੜਾਯਾ ਏਕ ਰਾਤ ਰਹਿ ਚਾਲੇ। ਕਿਲੇ ਚਤੌੜ ਵਿਖੇ ਚਲ ਆਏ ਜੈਮਲ ਫੱਤੇ ਬਾਲੇ। ਏਥੇ ਠਹਿਰ ਚਲੇ ਫਿਰ ਆਏ ਮਥਰਾ ਸ਼ਹਿਰ ਮਝਾਰੇ। ਮਥਰਾ ਦੇ ਦਰਸ਼ਨ ਕਰ ਆਏ ਦਿੱਲੀ ਗੁਰੂ ਦੁਆਰੇ। ੨੪। ਸਤਿਗੁਰ ਤੇਗਬਹਾਦਰ ਜੀ ਦਾ ਸੀਸਗੰਜ ਗੁਰਦ੍ਵਾਰਾ। ਕਰ ਪਰਕਰਮਾ ਬੰਧਨ ਕੀਤੋ ਧੰਨ ਗੁਰ ਮੁਖੋਂ ਪੁਕਾਰਾ। ਹਿੰਦ ਧਰਮ ਦੀ ਲਾਜ ਰਖਾਈ ਸੀਸ ਬਾਰ ਗੁਰ ਸੂਰੇ। ਸੀਸ ਨਿਵਾਇ ਚਲੇ ਕਰ ਉਸਤਤਿ ਸੰਤ ਹਰੀਜਨ ਪੂਰੇ ॥ ੨੫ ॥ ਮਜਨੂੰ ਟਿਲੇ ਗੁਰੂਦੁਆਰੇ ਆਏ ਜਮਨਾ ਤੀਰੇ। ਜੇਠ ਮਹੀਨੇ ਪਹੁੰਚੇ ਏਥੇ ਤੁਰਦੇ ਧੀਰੇ ਧੀਰੇ। ਮਜਨੂ ਟਿੱਲੇ ਸਿੰਘ ਪਰੇਮੀ ਕਰ ਦਰਸ਼ਣ ਖੁਸ਼ ਹੋਏ। ਏਥੇ ਸੰਤ ਕੇਸ ਇਸ਼ਨਾਨੇ ਬਸਤਰ ਭੀ ਸਭ ਧੋਏ ॥ ੨੬

## ( ਬੈਂਤ )

ਮਜਨੂ ਟਿਲੇ ਗੁਰਦਵਾਰ ਕਈ ਰੋਜ਼ ਠਹਿਰੇ ਦਿਲ ਪਸੰਦ ਜਮਨਾ ਦਾ ਕਨਾਰ ਕੀਤਾ। ਏਥੇ ਰਹਿਣ ਵਾਲੇ ਸਿੰਘਾਂ ਕਰੀ ਸੇਵਾ ਸੰਤਾਂ ਦੱਸ ਗੁਰ ਮੰਤ ਉਧਾਰ ਕੀਤਾ। ਏਥੋਂ ਚਲੇ ਹਰਿਦੁਆਰ ਦੀ ਤਰਫ ਤੁਰਦੇ ਚਰਨ ਪਾਇਕੇ ਸੀਤ ਸਨਸਾਰ ਕੀਤਾ। ਨਾਨਕ ਬਾੜੇ ਗੁਰਦੁਆਰ ਮਹਿ ਜਾਇ ਠਹਰੇ ਮੇਲਾ ਸੰਗਤਾਂ ਦਾ ਹਰਦੁਆਰ ਕੀਤਾ ॥ ਥੋੜੇ ਰੋਜ਼ ਹੋਏ ਏਥੇ ਰਹਿੰਦਿਆਂ ਨੂੰ ਭਗਤ ਸਿੰਘ ਨੇ ਬਚਨ ਪ੍ਰਕਾਰ ਕੀਤਾ। ਸੁਧਾ ਸਰ ਹੋਕੇ ਪੋਠੋ ਵਾਰ ਚਲੋ ਤੀਬਰ ਚਿਤ ਫੁਰਨਾ ਬਾਰ [illegible]ਾਰ ਕੀਤਾ। ਸੰਤ ਕਹਿਣ ਆਪਾ ਰਿਖੀ ਕੇਸ ਚਲੋ ਭਗਤ ਸਿੰਘ ਨੇ ਕੁਝ [illegible]ਨਕਾਰ ਕੀਤਾ। ਦੇਵੋ ਆਗਿਆ ਮੈਂ ਪੋਠੋ ਵਾਰ ਜਾਮਾ ਥੋੜੀ ਮਿਹਰ ਤੋਂ ਗੁਰੂ ਦੀਦਾਰ ਕੀਤਾ। ਇਹ ਮੈਂ ਭੁਲਦਾ ਨਹੀਂ ਅਹਿਸਾਨ ਬੇੜਾ ਬੋੜ੍ਹਾ ਭੁਵਜਲਾ ਤੋਂ ਮੇਰਾ ਪਾਰ ਕੀਤਾ। ਦਿਤੀ ਆਗਿਆ ਸੰਤ ਜੀ ਖੁਸ਼ੀ ਹੋਕੇ ਭਗਤ ਸਿੰਘ ਜੀ ਨੇ ਨਮਸਕਾਰ ਕੀਤਾ ॥ ਏਥੋਂ ਰੇਲ ਚੜ੍ਹਕੇ ਸੁਧਾ ਸਰ ਹੋਕੇ ਪਿੰਡੀ ਘੇਵ ਫੇਰਾ ਪੋਠੋ ਵਾਰ ਕੀਤਾ। ਸੰਤ ਹਰਦੁਆਰੋਂ ਰਿਖੀ ਕੇਸ ਆਏ ਆਸਣ ਆਇਕੇ ਝਾੜੀਂ ਵਿਚ ਕਾਰ ਕੀਤਾ। ੨੭।

## ( ਦੁਵਾਯਾ ਛੰਦ )

ਰਿਖੀਕੇਸ ਸੰਤਾਂ ਨੇ ਆਕੇ ਠੌਰ ਨਕੇਵਲ ਭਾਲੀ। ਰਾਤ ਦਿਨੇ ਗੁਰ ਸ਼ਬਦ ਸਿਮਰਦੇ ਜਾਏ ਨਾ ਦੰਮ ਖਾਲੀ। ਡਾਢੀ ਭੁਖ ਹੋਇ ਜਿਸ ਵੇਲੇ ਛੇਤਰ ਤੇ ਚਲ ਔਂਦੇ। ਜੈਸਾ ਭੋਜਨ ਦੇਤ ਭੰਡਾਰੀ ਲੈ ਔਂਦੇ ਮੁਖ ਪੌਂਦੇ। ੨੮। ਸਰਬ ਘਟਾਂ ਦਾ ਮਾਲਕ ਚੋਜੀ ਰਹਤਿ ਫਕੀਰੀ ਦਾਵੇ। ਢਲੀ ਰਾਤ ਮੱਜਨ ਕਰ ਗੰਗਾ ਸੁਨ ਸਮਾਧੀ ਲਾਵੇ। ਦੇਖ ਵੇਖ ਸਾਧੂ ਜਨ ਸਭ ਹੀ ਭਾਰੀ ਅਦਵ

ਕਰੇਂਦੇ ॥ ਜੇਕੋ ਜੁਗਤ ਜੋਗ ਦੀ ਪੂਛਤ ਸੰਤ ਤਿਸੇ ਦਸਦੇਂਦੇ । ੨੯ । ਕਈ ਵਾਰ ਸਾਧੂ ਮਿਲ ਆਵਣ ਬੈਠਣ ਸੀਸ ਨਿਵਾਕੇ । ਜਬੈ ਸਮਾਧੀ ਹੋਤ ਉਥਾਨਾ ਬਿਨਤੀ ਕਰਤ ਸੁਣਕੇ । ਕਹੋ ਪ੍ਰਭੂ ਜਹਿ ਹਰਿਜਨ ਬਸਦੇ ਸੋ ਕੈਸਾ ਅਸਥਾਨਾ ॥ ਸੰਤ ਸਣੌਂਦੇ ਸ਼ਬਦ ਗੁਰੂ ਕਾ ਸੋ ਮੈਂ ਅਗਰ ਲਖਾਣਾ । ੩੦ ॥

## ( ਗਾਉੜੀ ਮਹਲਾ ੫ )

ਅਗਮ ਰੂਪਕਾ ਮਨ ਮਹਿ ਥਾਨਾ ॥ ਗੁਰ ਪ੍ਰਸ਼ਾਦਿ ਕਿਨੈ ਬਿਰਲੈ ਜਾਨਾ ਰਹਾਉ ਅਨਹਤ ਬਾਣੀ ਥਾਨ ਨਿਰਾਲਾ । ਤਾਕੀ ਧੁਨਿ ਮੋਹੇ ਗੋਪਾਲਾ । ੨ । ਤਹਿ ਸਹਜ ਅਖਾਰੇ ਅਨੇਕ ਅਨੰਤਾ ॥ ਪਾਰ ਬ੍ਰਹਿਮ ਕੇ ਸੰਗੀ ਸੰਤਾ ॥ ੩ । ਹਰਖ ਅਨੰਤ ਸੋਗ ਨਹੀ ਬੀਆ । ਸੋ ਘਰੁ ਗੁਰਿ ਨਾਨਕ ਕਉ ਦੀਆ ॥ ੪ ॥

## ( ਦੁਵਯਾ ਛੰਦ )

ਪੜ ਕਰ ਸ਼ਬਦ ਅਰਥ ਸਮਝਾਏ ਸੁਣ ਸਾਧੂ ਖੁਸ਼ ਹੋਏ । ਸੀਸ ਨਿਵਾਇ ਚਲੇ ਕਰ ਬੰਦਨ ਹਾਥ ਜੋੜ ਕਰ ਦੋਏ । ਕਥਾ ਹੋਤ ਰਾਤਰ ਦੇ ਵੇਲੇ ਸਾਧੂ ਸਭਾ ਲਗੌਂਦੇ। ਅਤਰ ਸਿੰਘ ਭਾਰੀ ਤਪ ਸਾਧਤ ਉਸਤਤਿ ਭਾਖ ਸਣੌਂਦੇ ॥ ੩੧ ॥ ਇਕ ਦਿਨ ਮਿਲੇ ਗੁਣੀ ਜਨ ਕੇਤੇ ਆਏ ਸੰਤਾਂ ਪਾਸੇ । ਕਰ ਬੰਧਨ ਚਹੁ ਗਿਰਦੇ ਬੈਠੇ ਕਰਦੇ ਬਚਨ ਬਲਾਸੇ । ਕਹੋ ਸੰਤ ਜੀ ਕਲਯੁਗ ਅੰਦਰ ਕਿਵੇਂ ਹੋਏ ਤਪ ਪੂਰਾ । ਸੁਣ ਕ ਸ਼ਬਦ ਬੋਲ ਸਮਝਾਵਤ ਅਤਰ ਸਿੰਘ ਜਨ ਸੂਰਾ ॥ ੩੨ ॥

## ਗਉੜੀ ਮਃ ੫

ਪੂਰਾ ਮਾਰਗ ਪੂਰਾ ਇਸਨਾਨੁ । ਸਭ ਕਿਛ ਪੂਰਾ ਹਿਰਦੈ ਨਾਮੁ ॥ ੧ ॥ ਪੂਰੀ ਰਹੀ ਜਾ ਪੂਰੈ ਰਾਖੀ ॥ ਪਾਰ ਬ੍ਰਹਮ ਕੀ ਸਰਣਿ ਜਨ ਤਾਕੀ ॥ ੧ ॥ ਰਹਾਉ ॥ ਪੂਰਾ ਸੁਖੁ ਪੂਰਾ ਸੰਤੋਖ ॥ ਪੂਰਾ ਤਪ ਪੂਰਨ ਰਾਜ ਜੋਗ ॥ ੨ ॥ ਹਰਕੈ ਮਾਰਿਗ ਪਤਿਤ ਪੁਨੀਤ । ਪੂਰੀ ਸੋਭਾ ਪੂਰਾ ਲੋਕ ॥ ੩ ॥ ਕਰਣਹਾਰ ਸਦ ਬਸੈ ਹਦੂਰਾ ॥ ਕਹ ਨਾਨਕ ਮੇਰਾ ਸਤਿਗੁਰ ਪੂਰਾ । ੪ ॥

## ( ਦੁਵਾਯਾ ਛੰਦ )

ਸੰਤਾਂ ਸ਼ਬਦ ਗੁਰੂ ਕਾ ਪੜਕੇ ਅਰਥ ਸਭੋ ਸਮਝਾਯਾ । ਸੁਣ ਕਰ ਸਬਦ ਗੁਣੀ ਜਨ ਬੋਲੇ ਅਚਰਜ ਸਬਦ ਸੁਣਾਯਾ । ਸਭਕੁਛ ਪੂਰਾ ਆਪੇ ਹੋਵਤ ਹਿਰਦੇ ਹਰਕੇ ਨਾਮਾ । ਕਲਯੁਗ ਅੰਦਰ ਨਾਮ ਬਿਗੈਰਾਂ ਝੂਠੇ ਤੀਰਥ ਧਾਮਾ ॥ ੩੩ ॥ ਕੋਟ ਤੀਰਥ ਮੱਜਨ ਇਸਨਾਨਾ ਕਲ ਮਹਿ ਮੈਲ ਭਰੀਜੈ । ਸਾਧ ਸੰਗਤ ਜੋ ਹਰਿਗੁਣ ਗਾਵੈ ਸੋ ਨਿਰਮਲ ਕਰਲੀਜੈ ॥ (ਗੁਰਵਾਕ) ਇਸ ਬਿਧ ਸਬਦ ਅਪਾਰ ਸੁਣਾਏ ਸੁਣਦੇ ਬੈਠੇ ਸਾਧੂ । ਹਰਿ ਕੇ ਸੰਤ ਮਿਲੇ ਹਰਿ ਮਿਲਿਆ ਹਰਿ ਜਨ ਅਗਮ ਅਗਾਧੂ ॥ ੩੪ ॥ ਭਏ ਅਨੰਦ ਚਲੇ

ਚਲੇ ਕਰ ਬੰਦਨ ਉਸਤਿਤ ਕਰਤ ਸਧਾਏ। ਰਹਿਣ ਸੰਤ ਪਦ ਚੌਥੇ ਅੰਦਰ ਸੁਨ ਸਮਾਲ ਲਗਾਏ। ਏਥੇ ਛੇਕ ਮਹੀਨੇ ਬੀਤੇ ਕਰਦੇ ਸਾਧਨ ਭਾਰੀ ਇਕ ਦਿਨ ਬਹੁਤ ਬਰਾਗੀ ਹੋਕੇ ਦਿਲ ਮਹਿ ਬਾਤ ਬਿਚਾਰੀ। ੩੫। ਮਾਸਾ ਹਾਰੀ ਸੇਰ ਬਘੇਰੇ ਇਹ ਤਨ ਕਿਸੇ ਖਵਾਯੇ। ਜਿਉ ਪਾਣੀ ਸੰਗ ਪਾਣੀ ਮਿਲਹੈ ਜੋਤੀ ਜੋਤ ਮਲਾਯੇ॥ ਇਹ ਬਿਧ ਸੋਚ ਚਲੇ ਜਗ ਸਾਈ ਪਹੁੰਚੇ ਜੰਗਲ ਭਾਰੀ॥ ਰਹੇ ਸੁਖਮਨੀ ਬਾਣੀ ਪਢਦੇ ਬੈਠੇ ਰਾਤਰ ਸਾਰੀ। ੩੬। ਥਕਤ ਸਰੀਰ ਭਯਾ ਫਿਰ ਪਹੁਢੇ ਮੁਖ ਤੇ ਚਾਦਰ ਪਾਕੇ। ਭਾਰੀ ਸ਼ੇਰ ਝੱਲ ਚੋਂ ਆਯਾ ਚਰਨ ਸੁੰਘੇ ਤਿਨ ਆਕੇ। ਚਾਦਰ ਲਾਹਿ ਸੰਤ ਤਿਸਦੇਖਤ ਦਰਸ਼ਨਕਰਮੁੜਚਾਲਾ। ਜਹਿਪਿੰਜਰੇ ਮੇਰਾ ਸਹੁ ਬਸ ਹੈ ਖਾਤ ਨ ਸ਼ੇਰ ਕਰਾਲਾ॥ ॥ ੩੭, ਅਜੇ ਗੁਰੂਕਾ ਹੁਕਮ ਬਜੌਣਾ ਤਦੇ ਨ ਸੀਂਹ ਬਿਲਾਸੇ। ਇਸ ਬਿਧ ਸੋਚ ਛੇੜ ਕਰ ਜੰਗਲ ਆਏ ਸਾਧਾਂ ਪਾਸੇ॥ ਇਕ ਦਿਨ ਪੱਥਰ ਦੀ ਸਿਲ ਊਪਰ ਬੈਠੇ ਨਦੀ ਕਨਾਰੇ। ਏਕ ਫਣੀਅਰ ਸਰਪ ਅਗੇਰੇ ਖੜਾ ਫੁਕਾਰੇ ਮਾਰੇ। ੩੮। ਨੇਤਰ ਮੀਟਣ ਸਿਰੀ ਨਕਾਲੇ ਝਾਕਣ ਤਾਂ ਲੁਕ ਜਾਵੇ। ਇਸ ਬਿਧ ਸਰਪ ਖੜਾ ਜਲ ਅੰਦਰ ਖਿਨ ਖਿਨ ਜਾਵੇ ਆਵੇ॥ ਸੇਰ ਸਰਪ ਦੀ ਸਿਲਾ ਤਿਆਗੀ ਸੰਤ ਸਭਾ ਮਹਿ ਚਾਲੇ। ਸਾਧੂ ਰਾਮ ਸਿੰਘ ਜੀ ਮਿਲ ਪੈਣੇ ਘੁਰ ਥਮਾਲੀ ਵਾਲੇ ੩੯ ਰਾਵਲਪਿੰਡੀ ਜ਼ਿਲੇ ਮਝਾਰੇ ਨਗਰ ਥਮਾਲੀ ਭਾਈ। ...ਰਸ਼ਣ ਕਰਕੇ ਰਾਮ ਸਿੰਘ ਨੇ ਖਿਨਤੀ ਆਖ ਸੁਣਾਈ। ਸੁਣੋ ਸੰਤ ਜੀ ਸੁਭੇ ...। ਨੇ ਏਥੋਂ ਕੂਚ ਬਜਾਣਾ॥ ਠਹਿਰ ਸਿਆਲਕੋਟ ਹੈ ਮੇਰੀ ਚਾਹਤ ਤੁਝੇ ...ਣਾ। ੪੦। ਆਖਤ ਸੰਤ ਅਸੀਂ ਭੀ ਏਥੋਂ ਚਾਹਤ ਕਿਤੇ ਸਿਧਾਏ। ... ਸਿਆਲਕੋਟ ਹੀ ਚਲੀਏ ਚਹਤ ਜੇ ਤੁਸਾਂ ਲਜਾਏ। ਕਰ ਮਸਲਤ ਰਾਤੀ ਬਿਸਰਾਮੇ ਸਭੇ ਸੋਧ ਦਿਸਨਾਨਾਂ। ਕਰ ਅਰਦਾਸ ਚਲੇ ਚੁਪ ਚਾਪਾ ਪੈਦਲ ਕਰਤ ਪਿਆਨ। ੪੧।

## ਇਤ ਸਿਰੀ ਸੰਤ ਬਲਾਸ ਗ੍ਰਿੰਥੇ ਦੂਸਰ ਅਵਸਥੇ ਰਿਖੀਕੇਸ ਛੇ ਮਹੀਨੇ ਭਾਰੀ ਤਪ ਤੇ ਸਾਧਾਂ ਨਾਲ ਗੋਸਟ ਆਤਮ ਵਿਚਾਰ ਕਰਨ ਪ੍ਰਸੰਗ ਬਰਨਨ ਨਾਮ ਚਤਰਥੋ ਧਿਆਇ। ੪॥

### ( ਦੋਹਿਰਾ )

ਸੰਤ ਚਲੇ ਹਰਿ ਸਿਮਰਦੇ ਕੰਢੀ ਰਸਤੇ ਜਾਤ। ਮਾਨ ਸਰੋਵਰ ਤੀਰਦੇ ਜਿਵੇ ਮਰਾਲ ਸੁਹਾਤ॥ ੧।

### ਚਉਪਈ

ਦਿਨੇ ਚਲਤ ਰਾਤਰ ਇਕ ਜਾਵਤ॥ ਬਸਤੀ ਤੇ ਲੈ ਭੋਜਨ ਪਾਵਤ ਦੇਸ ਦੁਆਬਾ

ਲੰਘਦੇ ਭਏ ॥ ਮਦਰ ਦੇਸ ਕੇ ਭੀਤਰਗਏ । ੨। ਸ਼ਹਿਰ ਸਿਆਲਕੋਟ ਚਲਿ ਆਏ ॥ ਐਕ ਨਦੀ ਤਟ ਡੇਰੇ ਲਾਏ ਏਦੇ ਰਾਮ ਸਿੰਘ ਦਾ ਡੇਰਾ ॥ ਸੁੰਦਰ ਨਦੀ ਕਨਾਰ ਭਲੇਰਾ। ੩ । ਪੁਲ ਤੋਂ ਪਾਰ ਗੁਰੂ ਅਸਥਾਨ ॥ ਗੁਰ ਨਾਨਕ ਜਹਿ ਬੈਠੇ ਆਨ । ਆਖਤ ਬਾਬੇ ਜੀ ਦੀ ਬੇਰ ॥ ਗੁਰੂ ਦੁਆਰਾ ਤਿਸਦੇ ਨੇਰ ॥ ੪ ਸੰਤਾਂ ਇਸ ਦੇ ਦਰਸ਼ਣ ਪਾਏ ॥ ਧੰਨ ਧੰਨ ਕਹਿ ਸੀਸ ਨਿਵਾਏ ॥ ਆਗੇ ਬਣਿਆ ਸੁੰਦ੍ਰ ਤਾਲ। ਇਹ ਭੀ ਡਿੱਠਾ ਦੀਨ ਦਿਆਲ। ੫ ਰਾਮ ਸਿੰਘ ਡੇਰੇ ਲੈ ਆਯਾ ਏਥੇ ਸੰਤਾਂ ਨੂੰ ਅਟਕਾਯਾ। ਹਰਿ ਪਰਕਾਰ ਕਰਤ ਸਭ ਸੇਵਾ॥ ਕੁਝ ਦਿਨ ਬੀਤ ਗਏ ਜਾਂ ਏਵਾ ॥ ੬ । ਇਕ ਦਿਨ ਸੰਤਾਂ ਬਾਤ ਚਲਾਈ ॥ ਅਸੀਂ ਫੌਜ ਵਿਚ ਕਰੀ ਕਮਾਈ ਦੋਇ ਮਾਸ ਕਮਤੀ ਪੰਜ ਸਾਲ। ਰਹੇ ਖਾਲਸੇ ਫੌਜੀ ਨਾਲ । ੭। ਨਾਮ ਕਟਾਵਣ ਕਰੀ ਤਿਆਰੀ। ਫੌਜੀ ਸਿੰਘਾਂ ਬਾਤ-ਬਿਚਾਰੀ ॥ ਨਾਮ ਕਟਾਇ ਸੰਤ ਜੇ ਜਾਹੀ ॥ ਸਾਨੂੰ ਫੇਰ ਮਿਲਣਗੇ ਨਾਹੀ ॥ ੮ । ਭਲੀ ਬਾਤ ਰੀਜ਼ਰਵ ਕਰਾਵਣ ॥ ਸਾਲ ਬਾਦ ਆਵਣ ਮਿਲ ਜਾਵਣ। ਮਿਲ ਕਰ ਸਾਨੂੰ ਬਿਨੇ ਸੁਣਾਈ। ਤਿਨਕੇ ਕਹੇ ਰੀਜ਼ਰਵ ਕਰਾਈ ॥ ੯ । ਸਾਲ ਬਾਦ ਹਾਜ਼ਰ ਨਹਿ ਹੋਏ । ਭਏ ਸਾਲ ਅਬ ਪੌਣੇ ਦੋਏ। ਰਾਮ ਸਿੰਘ ਸੁਣਕੇ ਇਵ ਆਖੀ। ਇਹ ਤਾਂ ਭਲੀ ਨਾ ਚੋਰੀ ਰਾਖੀ। ੧੦ ਹਾਜਰ ਹੋ ਕਰ ਨਾਮ ਕਟਾਵੇ। ਫੇਰ ਜਹਾਂ ਮਰਜ਼ੀ ਗੁਣ ਗਾਵੇ। ਕਰ ਮਸਲਤ ਰਾਤੀਂ ਬਸਰਾਮੇ । ਉਠੇ ਰਾਤ ਕੇ ਚਤਰਥ ਜਾਮੇ॥ ੧੧। ਕਰ ਮੱਜਨ ਗੁਰਬਾਣੀ ਗਾਈ। ਕਰ ਅਰਦਾਸਾ ਚਲੇ ਸਧਾਈ । ਸਹਜੇ ਸਹਜੇ ਪੈਦਲ ਧਾਏ ॥ ਰਾਵਲ ਪਿੰਡੀ ਪਹੁੰਚੇ ਆਏ ॥ ੧੨ ॥ ਸਿੱਖ ਚੁਣੰਜਾ ਪਲਟਣ ਕੇਰੀ। ਪੁਛ ਕਰ ਸੁਧ ਨਾ ਬਿਨ ਡੇਰੀ ॥ ਫੌਜੀ ਰਹਿਤ ਐਵਟਾਵ ਦ। ਤਿਸ ਦਿਸ ਚਲੇ ਸਹਿਤ ਮਰਯਾਦ। ੧੩

## [ ਦੁਵਯਾ ਛੰਦ ]

ਸ਼ਹਿਰ ਐਬਟਾਬਾਦ ਪਹੁੰਚਕੇ ਛੌਣੀ ਵਲ ਨੂੰ ਧਾਏ । ਜੋ ਕਰਨੈਲ ਚੁਰੰਜਾ ਪਲਟਣ ਤਿਸਦੀ ਕੋਠੀ ਆਏ। ਆਗੇ ਸਿੰਘ ਖਲੋਤੇ ਪਹਿਰੇ ਤਿੰਨ ਕਉ ਫਤੇ ਬੁਲਾਈ ॥ ਕੰਬਲ ਦੀ ਦਸਤਾਰ ਸੰਤ ਜੀ ਰੱਖਦੇ ਸੀਸ ਸਜਾਈ ॥ ੧੪। ਤੇੜ ਕਛਹਿਰਾ ਉਪਰ ਲੀਤੀ ਪਤਲੀ ਕਾਲੀ ਭੂਰੀ । ਜੋ ਦਰਵੇਸ਼ਾ ਕੇਰਾ ਬਾਣਾ ਰਹਤ ਬਹਤ ਉਹ ਪੂਰੀ । ਵੇਖ ਸਿੰਘਾਂ ਨੇ ਫਤੇ ਬੁਲਾਈ ਸੰਤਾਂ ਬਚਨ ਸੁਣਾਏ। ਕਹੋ ਗੈਸਲੀ ਸਾਹਿਬ ਤਾਈਂ ਅਤਰ ਸਿੰਘ ਜੀ ਆਏ । ੧੫ । ਸਾਲ ਬਾਦ ਹਾਜ਼ਰ ਨਹਿ ਹੋਏ ਜੋਇ ਰੀਜ਼ਰਵ ਸਪਾਹੀ। ਆਏ ਨਾਮ ਕਟਾਵਣ ਦੇ ਹਿਤ ਇਸ ਬਿਧ ਆਖੋ ਤਾਹੀਂ । ਆਖਤ ਸਿੰਘ ਸੰਤ ਜੀ ਜੇ ਕਰ ਤਿੰਨ ਸਾਲ ਨਾ ਔਂਦੇ । ਆਪੇ ਹੀ ਨਾਮਾ ਕਟ ਦੇਂਦੇ ਫਿਰ ਨਾ ਤੁਧੇ ਬੁਲੌਂਦੇ। ੨੬। ਅਬ ਭੀ ਮੁੜ ਜਾਵੋ ਪਾਛੇ ਹੀ ਹਾਜ਼ਰ ਹੋ ਕੀ ਲੈਣਾ। ਸਾਹਿਬ ਤੁਝ ਕਉ ਟਖਣਾ

Sri Satguru Jagjit Singh Ji eLibrary NamdhariElibrary@gmail.com

ਚਾਹਿਤ ਤੁਸੀਂ ਨਾ ਚਾਹਿਤ ਰਹਿਣਾ। ਕਈ ਬਾਰ ਉਸਤਤਿਕਰ ਆਖਤ ਬੜੀਆਹੁਟੇ ਸੁਪਾਹੀ। ਅਟਰ ਸਿੰਘ ਹਾਜ਼ਰ ਨਹਿ ਹੋਵਣ ਢੂੰਡਾ ਮਿਲਿਆ ਨਾਹੀ ॥ ੧੭ ॥ ਚਾਂਡ ਮਾਰੀ ਮਹਿ ਅੱਵਲ਼ ਨੰਬਰ ਸਾਹਿਬ ਇਸ ਬਿਧ ਆਖੇ। ਆਪ ਸੰਤ ਜੀ ਰਹਿਣ ਨ ਚਾਹਤ ਅਫਸਰ ਚਾਹਤ ਰਾਖੇ। ਆਖਤ ਸੰਤ ਸਿੰਘ ਜੀ ਆਖੇ ਨੌਕਰ ਭੁਏ ਖੁਦਾਈ। ਸੰਤਾਂ ਦੇ ਆਖੇ ਸਿੰਘਾਂ ਨੇ ਸਾਰੀ ਬਾਤ ਸੁਣਾਈ। ੧੮। ਸੁਣ ਕਰ ਸਾਹਿਬ ਬਾਹਰ ਆਯਾ ਜਿੱਥੇ ਸੰਤ ਖੜੋਏ। ਫੌਜੀ ਬਰਡੀ ਟੁਮ ਨਹਿ ਪਾਈ ਇਸ ਬਿਧ ਆਖਤ ਸੋਏ। ਆਖਤ ਸੰਤ ਅਸੀਂ ਅਬ ਸਾਹਿਬ ਨਾਮ ਕਟਾਵਣ ਆਏ। ਸੁਣ ਸਾਹਿਬ ਨੇ ਭੇਜ ਅਰਦਲੀ ਸੂਬੇਦਾਰ ਬੁਲਾਏ ੧੯ ॥ ਸੂਬੇਦਾਰ ਦੇਲੇਲ ਸਿੰਘ ਨੂੰ ਨੌਕਰ ਆਖ ਸੁਣਾਵੇ। ਅਤਰ ਸਿੰਘ ਅਬ ਹਾਜ਼ਰ ਹੋਯਾ ਸਾਹਿਬ ਤੁਝੇ ਬੁਲਾਵੇ। ਆਇ ਸਲੂਟ ਕਰੀ ਸਾਹਿਬ ਨੂੰ ਸੂਬੇਦਾਰ ਪਰੇਮੀ। ਸੰਤਾਂ ਨੂੰ ਭੀ ਫਤਿਹ ਬੁਲਾਈ ਮਨ ਬਹੁ ਧਾਰ ਹਲੇਮੀ। ੨੦

## ਕਬਿੱਤ

ਆਖਤ ਸਾਹਿਬ ਸੂਬੇਦਾਰ ਨੂੰ ਡਲੇਲ ਸਿੰਘਾ ਆਗਿਆ ਅਟਰ ਸਿੰਘ ਏਸ ਕੋ ਲਜਾਓ ਟੁਮ। ਫੌਜ ਬਾਲੀ ਵਰਡੀ ਬਿਸਟਰਾ ਭੀ ਡੇਵੇ ਏਸ ਥੋੜੀ ਦੇਰ ਲੀਏ ਕੋਟਗਾਰਦ ਬਠਾਓ ਟੁਮ। ਨਾਮ ਨਾ ਕਟਾਵੇ ਹਮ ਕਰਾਂਗੇ ਹਵਾਲਡਾਰ ਥੋੜੀ ਡੇਰ ਏਸ ਪਾਸ ਬੈਠ ਸਮਝਾਓ ਟੁਮ। ਧੀਰਜ ਧਰਾਇ ਕਰ ਬੈਠ ਸਮਝਾਇ ਕਰ ਆਖੀਏ ਜੁਆਨ ਐਸੇ ਮਟ ਘਬਰਾਓ ਟੁਮ। ੨੧। ਸੁਣਕਰ ਸੂਬੇਦਾਰ ਆਏ ਮੱਧ ਛਾਵਣੀ ਕੇ ਸੰਤ ਜੀ ਦੇ ਲਈ ਸਿਓ ਫਲ ਮੰਗਵਾਏ ਤਿਨ। ਫੌਜੀ ਸਿੰਘ ਸੁਣ ਕੇ ਦੀਦਾਰ ਪੌਣ ਆਏ ਸਭ ਫੇਰ ਸੰਤ ਭੇਜ ਕੋਟ ਗਾਰਦ ਬਠਾਏ ਤਿਨ ॥ ਵਰਦੀ ਪਠਾਈ ਸੋ ਭੀ ਅੰਗ ਨਾ ਲੁਗਾਈ ਨਾਥ ਰੁੱਤ ਸੀ ਸਿਆਲ ਲੀੜੇ ਗਰਮ ਪਠਾਏ ਤਿਨ ॥ ਬਿਸਤਰਾ ਬਛਾਇ ਸੰਤ ਬੈਠਗੇ ਸਮਾਧ ਲਾਇ ਮੰਗਨ ਸੇ ਦੋਨਾ ਪੈਹਿਰੇਦਾਰ ਸਮਝਾਏ ਤਿਨ। ੨੨ ॥ ਦਫਤਰ ਮਾਹਿ ਸੂਬੇਦਾਰ ਕਰਨੈਲ ਪਾਸ ਮਿੱਠਾ'ਰ ਬੋਲ ਸਾਰੀ ਬਾਤ ਸਮਝਾਵਹੀ। ਨੌਕਰੀ ਨ ਕਰੇ ਅਤਰ ਸਿੰਘ ਤਾਂ ਫਕੀਰ ਭਯੋ ਏਕ ਹੀ ਖੁਦਾਇ ਕੇਰੀ ਨੌਕਰੀ ਬਜਾਵਹੀ। ਹਮ ਦੇਖ ਲੇਹ ਸੂਬੇਦਾਰ ਨੂੰ ਸਾਹਿਬ ਕਹੇ ਮੰਨ ਜਾਊ ਆਪ ਕੋਟ–ਗਾਰਡ ਰਖਾਵਹੀ। ਚੁਪ ਚਾਪ ਆਏ ਕਰਨੈਲ ਦੇਖੇ ਰਾਤਰੀ ਨੂੰ ਕਈ ਬਾਰ ਡਿੱਠੇ ਸੰਤ ਬੈਠੇ ਦਿਸ ਆਵਹੀ ॥ ੨੩ ॥ ਏਸ ਭਾਂਤਿ ਕਈ ਬਾਰ ਦੇਖ ਅਜਮਾਇ ਕਰ ਸੰਤਰੀ ਨੂੰ ਭੇਜ ਸੰਤ ਦਫਤਰ ਮੰਗਾਏ ਤਿਨ। ਆਖਤ ਸਾਹਿਬ ਅਤਰ ਸਿੰਘ ਤੂੰ ਖੁਦਾਈ ਲੋਕ ਕਰਕੇ ਰਿਹਾਇ ਪਿੱਛੋਂ ਸੀਸ ਭੀ ਨਿਵਾਏ ਤਿਨ। ਕਰਕੇ ਹਸਾਬ ਕੁਛ ਦਮੜੇ ਜੋ ਸੰਤ ਜੀ ਦੇ ਇਕ ਸੋ ਰੁਪੈਏ ਹਥ ਸੰਤਾਂ ਦੇ ਫੜਾਏ ਤਿਨ ॥ ਮਾਫ ਕਰੋ ਭੂਲ ਕਰਨੈਲ ਕਹੇ ਹਾਥ ਜੋੜ ਪਾਦਰੀ ਫਕੀਰ ਐਸੇ ਬਚਨ ਸੁਣਾਏ

Sri Satguru Jagjit Singh Ji eLibrary NamdhariElibrary@gmail.com

ਤਿਨ । ੨੪ ।

## ਨਾਮ ਕਟਾਵਨ ਦਾ ਪ੍ਰਸੰਗ ਮਕੰਦ ਸਿੰਘ ਨਗਰ ਚੀਮਾ ਨਿਵਾਸੀ ਦੀ ਜ਼ਬਾਨੀ ਲਿਖਯਤੇ। ਦਵੱਯਾ ਛੰਦ

ਸੌ ਦਮੜਾ ਸੰਤਾਂ ਨੂੰ ਮਿਲਿਆ ਦਿੱਤਾ ਵੰਡ ਗਰੀਬਾਂ। ਕਿਸੇ ਏਕ ਦੋ ਦਏ ਕਿਸੇ ਨੂੰ ਜੋ ਵਿਚ ਕਿਸੇ ਨਸੀਬਾਂ। ਫੌਜੀ ਸਿੰਘ ਅਕੱਤਰ ਹੋਕੇ ਸੰਤਾਂ ਕੋਲੇ ਆਏ ਕੁਝ ਦਿਨ ਹੋਰ ਟਿਕੋ ਬਿਚ ਛੌਣੀ ਬਿਨਤੀ ਕਹਣ ਸੁਣਾਏ । ੨੫ ਸੰਤਾਂ ਨੇ ਮਨਜ਼ੂਰ ਨਾ ਕੀਤਾ ਰਹਿਣਾ ਅੰਦਰ ਛੌਣੀ। ਸੂਬੇਦਾਰ ਕਹੇ ਮੈਂ ਸੰਤੇ ਦਾਵਤ ਤੁਝੇ ਛਕੌਣੀ। ਸੰਤਾਂ ਕਹਿਆ ਸਭ ਸਿੰਘਾਂ ਦੀ ਕੱਠੀ ਪੰਗਤ ਲਾਵੇ। ਪੰਗਤ ਬਿਖੇ ਬੈਠ ਛਕ ਲੈਹੈਂ ਭੋਜਨ ਏਵ ਛਕਾਵੇ । ੨੬ । ਸਭ ਸਿੰਘਾਂ ਦੀ ਪੰਗਤ ਲਾਈ ਬਿੱਚੇ ਸੰਤ ਬਠਾਏ। ਖੀਰ ਕੜਾਹ ਪੂਰੀਆਂ ਭਾਜੀ ਬਿਨਾ ਤੋਟ ਬਰਤਾਏ॥ ਛਕ ਭੋਜਨ ਫਿਰ ਪਾਨ ਪਖਾਰੇ ਚੂਲੀ ਪੜੀ ਜਗ ਸਾਈ। ਸੂਬੇਦਾਰ ਦਲੇਲ ਸਿੰਘ ਨੇ ਬਿਨਤੀ ਫੇਰ ਸੁਣਾਈ॥ ੨੭ ॥ ਮੈ ਦਿਲ ਅੰਦਰ ਸੰਤਾ ਖਾਤਰ ਐਸੇ ਧਾਰਨ ਧਾਰੇ॥ ਸੰਤ ਕਵਾਰਟਰ ਗਾਰਦ ਥੇ ਜਵ ਮੈ ਪਹੁਚਾ ਗੁਰੂ ਦ੍ਵਾਰੇ। ਸੁਖ ਲਈ ਮੈ ਦੇਗ ਗੁਰੂ ਕੀ ਸੰਤਾਂ ਹੇਤ ਰਿਹਾਈ ਸੰਤ ਰਿਹਾਊ ਭਏ ਅਬ ਚਹੀਐ ਸੋਭੀ ਦੇਗ ਕਰਾਈ॥ ੨੮॥ ਚਲੋ ਸਿੰਘ ਸਭ ਗੁਰੂ ਦੁਆਰੇ ਮੈ ਸੋ ਦੇਗ ਕਰਾਊਂ । ਕੀਰਤ ਕਰੋ ਸਭੇ ਜਨ ਮਿਲਕੇ ਦੇਗ ਬਹੁਰ ਬਰਤਾਊ। ਸਿੰਘ ਚਲੇ ਮਿਲ ਗੁਰੂ ਦੁਆਰੇ ਕੀਰਤ ਮਿਲਕੇ ਕੀਤੀ। ਸੰਤਾ ਬਚਨ ਅਮੋਲ ਸੁਣਾਏ ਸਭ ਸੁਣਦੇ ਧਰ ਚੀਤਾ। ੨੯। ਸੁਣੋ ਖਾਲਸਾ ਸੰਤ ਆਖਦੇ ਗੁਰੂ ਨਜ਼ੀਕ ਪਛਾਣੋ। ਇਹ ਸਭ ਜਗਤ ਸਰਾਈ ਮੇਲਾ ਕਰੇ ਨ ਕੂੜਾ ਮਾਣੋ। ਨਾਮ ਜਪੋ ਸੁਭ ਕਿਰਤ ਕੁਮਾਵੋ ਰਹੋ ਸਦਾ ਬਣ ਮੇਲੀ। ਅੰਤ ਨ ਮੇਲੀ ਕੋਇ ਕਿਸੇ ਦਾ ਹਰਿ ਪ੍ਰਭ ਇੱਕੋ ਬੇਲੀ। ੩੦। ਇਸ ਬਿਧ ਬਚਨ ਅਪਾਰ ਸੁਣਾਏ ਬਹੁਰ ਕੀਆ ਅਰਦਾਸਾ। ਗੁਰੂ ਗ੍ਰੰਥ ਕਾ ਵਾਕ ਸੁਣਾਯਾ ਹੋਯਾ ਅਜਬ ਤੁਮਾਸਾ। ਦੇਵਤਿਆ ਧੁਨ ਕਾਰ ਸੁਣਾਈ ਛੁਣ ਛੁਣ ਜੇਹੀ ਹੋਈ। ਇਹ ਤਉ ਅਜਬ ਕਲਾ ਦਖਲਾਈ ਇਵ ਆਖਤ ਸਭ ਕੋਈ। ੩੧। ਏਕ ਗ੍ਰੰਥੀ ਨਮੇ ਪਿੰਡ ਦਾ ਪਹਿਲੇ ਗਿਆ ਮੁਣਾਕੇ ਹੋਣ ਰਿਹਾਉ ਸੰਤ ਮੈਆਊਂ ਸੋਭੀ ਪਹੁਚਾ ਆਕੇ। ਇਸਦੇ ਲੜਕੇ ਦੀ ਸੀ ਸ਼ਾਦੀ ਰਥ ਸੰਤਾਂ ਹਿਤ ਆਂਦਾ। ਵਿਦਿਆ ਕਰਨ ਚਲੇ ਮਿਲ ਫੌਜੀ ਜਾਇ ਚਿੱਤ ਮੁਰਝਾਂਦਾ ੩੨ ॥ ਮਿੱਠੇ ਬਚਨ ਸੁਣਾਕੇ ਸੰਤਾਂ ਸਭ ਨੂੰ ਧੀਰ ਧਰਾਈ। ਬਾਰ ਬਾਰ ਸਭ ਚਰਨੀ ਲਾਗੇ ਸੰਤਾਂ ਫਤੇ ਬੁਲਾਈ। ਰਥ ਅਸਵਾਰ ਭਏ ਜਗ ਦਾਤਾ ਨਮੇ ਪਿੰਡ ਚਲਿ-ਆਏ। ਇਹ ਪਿੰਡ ਛੌਣੀ ਤੋਂ ਨੇੜੇ ਦੇਵਾ ਭੇਤ ਬਤਾਏ। ੩੩ ॥ ਦੋ ਦਿਨ ਏਸ ਗ੍ਰੰਥੀ ਦੇ ਘਰ ਠਹਿਰੇ ਸੰਤ ਗੁਸਾਈ। ਕੀਰਤ ਕੀਤਾ ਕਾਰਜ ਹੋਯਾ ਬਹੁਰੋ ਰੁਖਸਦ ਪਾਈ। ਏਸ ਬਖਤ ਸੰਤਾਂ ਮਨ ਅੰਦਰ ਐਸੀ ਧਾਰਨ ਧਾਰੀ। ਬੈਠੇ ਸਦਾ

ਸ਼ਬਦ ਗੁਰ ਜਪੀਏ ਹੋਵੇ ਜਗ ਨਿਆਰੀ ॥ ੩੪ ॥ ਸਨੇ ਸਨੇ ਤੁਰਦੇ ਜਗ ਸਾਈਂ ਰਾਵਲਪਿੰਡੀ ਆਏ। ਏਥੋਂ ਕੋਹਮਰੀ ਦੇ ਰਸਤੇ। ਬੜੇ ਪਹਾੜੀਂ ਜਾਏ। ਲੈਕਰ ਲੂੰਣ ਮਿਟੀ ਦੀ ਹਾਡੀਂ ਚੜ੍ਹਗਏ ਸਿਖਰ ਪਹਾੜੀਂ ਅਗ ਮਚਾਵਣ ਵਾਲੀ ਡੱਬੀ ਲੈਕਰ ਗਏ ਅਗਾੜੀ। ੩੫। ਸਿਖਰ ਪਹਾੜੀ ਜਲਦਾ ਸੋਮਾ ਬਸਤੀ ਨੇੜ ਨ ਕੋਈ। ਏਕ ਢਗਾਰੇ ਪੱਥਰ ਨੀਚੇ ਸਾਫ ਜਗਾ ਥੀ ਸੋਈ। ਏਥੇ ਬੈਠ ਬਚਾਰਨ ਅੰਦਰ ਏਹੋ ਮਨਸ਼ਾ ਸਾਡੀ। ਨਿਰਜਨ ਬਨ ਅੰਦਰ ਤਪ ਕਰੀਏ ਮਿਲੀ ਸੁਨਿਰਜਨ ਖਾਡੀ। ੩੬। ਦੀਰਘ ਭੂਖ ਹੋਤ ਜਿਸ ਬੇਲੇ ਹਾਂਡੀ ਸਾਗ ਬਣਾਕੇ। ਛਕ ਲੈ ਹੈਂ ਗੁਰ ਜਾਪ ਜਪੈਂਗੇ ਬੈਠੇ ਮਤਾ ਮਤਾਕੇ। ਲਾਇ ਸਮਾਧੀ ਸਿਮਰਨ ਕਰਦੇ ਬੀਤੇ ਤਿੰਨ ਦਿਹਾੜੇ। ਲੈ ਪਰਸ਼ਾਦੇ ਮਾਈ ਬੈਠੀ ਸੰਤਾਂ ਨੈਣ ਉਘਾੜੇ। ੩੭। ਬੰਧਨ ਕਰਕੇ ਮਾਈ ਬੋਲੀ ਭੋਜਨ ਛਕੋ ਗੁਸਾਈਂ। ਮਾਈ ਤੂੰ ਕਿਸ ਦਿਸ ਤੇ ਆਈ ਸੰਤਾਂ ਦੱਸੇ ਮਾਈ। ਦੋਇ ਕੋਸ ਤੇ ਗਾਮ ਹਮਾਰਾ ਤਿਸ ਕੋ ਆਖਤ ਮੋਹੜਾ। ਆ ਹੈ ਮਿਠੇ ਜਲਦਾ ਸੋਮਾ ਹੋਰ ਕਿਤੇ ਜਲ ਥੋੜਾ। ੩੮। ਥੋੜਾ ਭੀ ਜਲ ਜੋ ਹੈ ਕਿਧਰੇ ਸੋ ਭੀ ਨਿਕਲੇ ਕੌੜਾ। ਏਥੋਂ ਮੈ ਲੈ ਜਾਤ ਹਮੇਸ਼ਾ ਮਿਠੇ ਜਲ ਦਾ ਤੌੜਾ। ਦੋ ਦਿਨ ਦੇਖ ਸੁਮਾਧੀ ਇਸਤਤ ਮੈਨਾ ਤੁਝੇ ਬੁਲਾਯਾ ॥ ਅਜ ਮੈਂ ਸਾਗ ਪਾਇ ਪਰਸ਼ਾਦੇ ਆਂਦੇ ਸੀਸ ਨਿਵਾਯਾ। ੩੯। ਭਲੀ ਭਈ ਤੁਧ ਨੈਨ ਉਘਾੜੇ। ਭੋਜਨ ਛਕੋ ਹਮਾਰਾ ॥ ਲੈ ਸੰਤਾਂ ਭੋਜਨ ਛਕ ਲੀਤਾ ਮੁਖ ਤੇ ਬਚਨ ਪੁਕਾਰਾ। ਪਰਾਲਭਧ ਜੋ ਇਸ ਦੇਹੀ ਦੀ ਜਹਿਤਹਿ ਰਹਿੰਦੀ ਨਾਲੇ। ਮਾਈ ਗਈ ਛਕਾਕੇ ਭੋਜਨ ਸੰਤ ਬਹੁਰ ਤੁਰ ਚਾਲੇ। ੪੦। ਗਏ ਤਰਫ ਕਸ਼ਮੀਰ ਦੇਸ ਦੇ ਮਨ ਬੈਰਾਗ ਘਨੇਰਾ ॥ ਹਰਿ ਜਨ ਧਰਤੀ ਪਾਵਣ ਕਰਦੇ ਜਹਿ ਜਹਿ ਪਾਵਤ ਫੇਰਾ। ਕਿਸ਼ਨ ਗੰਗਾ ਤੇ ਜੇਹਲਮ ਆਕੇ ਮਿਲਦੇ ਦੋ ਦਰਿਆਵਾਂ ॥ ਏਥੇ ਨਗਰ ਮੁਜ਼ਫਰ ਬਸਦਾ ਦੋਇ ਮੇਲ ਅਖਵਾਵਾਂ ੪੧ ॥ ਏਥੇ ਹਰਿਗੋਬਿੰਦ ਗੁਰੂ ਕਾ ਸੁੰਦਰ ਗੁਰੂਦੁਆਰਾ ਦੋਇ ਨਦੀ ਜਹਿ ਮਿਲਦੀ ਆਕੇ ਸੁੰਦਰ ਇਹ ਕਨਾਰਾ ॥ ਹੋਇ ਕੁਹਾਲੇ ਬਾਲੋ ਰਸਤੇ ਏਥ ਹਰਿਜਨ ਆਏ। ਇਹ ਰਮਣੀਕ ਨਕੇਵਲ ਜਾਗਾ ਬੈਠੇ ਹਰਿਲਿਵ ਲਾਏ। ੪੨। ਏਥੇ ਨਦੀ ਕਨਾਰੇ ਬਾਹਰ ਦਯਾ ਸਿੰਘ ਦਾ ਡੇਰਾ। ਭੀਮ ਸਿੰਘ ਭੀ ਏਥੇ ਆਯਾ ਸਾਧੂ ਬਹੁਤ ਭਲੇਰਾ। ਸੁਤੇ ਸਿਧ ਇਹ ਨਦੀ ਕਨਾਰੇ ਬਾਹਰ ਟਹਿਲਣ ਆਯਾ ਸੰਤਾਂ ਦਾ ਦਰਸ਼ਨ ਕਰ ਇਸ ਨੇ ਦੂਰੋਂ ਸੀਸ ਨਵਾਯਾ। ੪੩। ਸੰਤ ਸਮਾਧੀ ਇਸਤਤ ਬੈਠੇ ਇਸਦੀ ਸਾਰ ਨ ਹੋਈ। ਦਯਾ ਸਿੰਘ ਨੂੰ ਭੀਮ ਸਿੰਘ ਲੈਆਯਾ ਪਹੁੰਚੇ ਦੋਈ। ਬੰਦਨ ਕੀਤਾ ਅਰਜ਼ ਸੁਣਾਕੇ ਸੰਤਾਂ ਨੂੰ ਲੈ ਆਏ। ਡੇਰੇ ਅੰਦਰ ਚਰਨ ਪੁਵਾਏ ਭੋਜਨ ਤੁਰਤ ਛਕਾਏ॥ ੪੪। ਬਸਤਰ ਜੋੜਾ ਕਹੋ ਸੰਤ ਜੀ ਲੋੜ ਜਿ ਕੋਇ ਤੁਹਾਨੂੰ। ਸੰਤਾਂ ਕਹਿ-ਆ ਨਦੀ ਕਨਾਰੇ ਕੁਟੀ ਪਵਾਵੇ ਸਾਨੂੰ। ਸੁਣ ਕਰ ਖੁਸ਼ੀ ਹੋਇ ਤਿਨ ਚੰਗੀ ਕੁਟੀਆ

ਤੁਰਤ ਪੁਵਾਈ। ਸਾਢੇ ਤਿੰਨ ਮਹੀਨੇ ਸੰਤਾਂ ਏਥੇ ਹਰਿ ਲਿਵ ਲਾਈ ॥ ੪੫ । ਦਯਾ— ਸਿੰਘ ਦੀ ਤਰਫੋਂ ਸੇਵਾ ਹੁੰਦੀ ਰਹੀ ਘਨੇਰੀ। ਹਰਿਗੋਬਿੰਦ ਗੁਰੂ ਅਸਥਾਨੇ ਸੰਤਾਂ ਪਾਈ ਫ਼ੇਰੀ। ਦਰਸ਼ਨ ਪਰਸਨ ਬੰਦਨ ਕਰਕੇ ਬਹੁਰ ਨਦੀ ਤਟ ਆਏ । ਪੋਹ, ਮਾਘ ਫੱਗਣ ਕੁਝ ਚੇਤਰ ਏਥੇ ਬੈਠ ਬਤਾਏ। ੪੬ । ਜੁੜੀ ਰਹੇ ਅਖੰਡ ਸਮਾਧੀ ਬੇਗਮ ਪੁਰ ਦਾ ਬਾਸਾ। ਮਹਰਮ ਮਹਲਨ ਕੇ ਕਟਕਾਇ ਸਦਾ ਰਹਿਤ ਹਰਿ ਪਾਸਾ। ਮਹਾਂ ਅਨੰਦ ਅਕੱਥ ਕਥਾ ਹੈ ਗੂੰਗੇ ਕੀ ਮਠਿਆਈ। ਰੋਮ ਰੋਮ ਰਸਨਾ ਜੇ ਹੋਵੇ ਕਥਨ ਕਰੀ ਨਹਿ ਜਾਈ। ੪੭ ਇਕ ਦਿਨ ਬਿਰਤੀ ਭਈ ਉਥਾਨਾ ਦਯਾ ਸਿੰਘ ਪਹਿ ਆਏ। ਅਖਤ ਪੰਜੇ ਸਾਹਿਬ ਦੀ ਦਿਸ ਚਾਹਤ ਅਸੀਂ ਸਧਾਏ ॥ ਦਯਾ ਸਿੰਘ ਜੀ ਹਾਥ ਜੋੜ ਕੇ ਕਰੀ ਖਲੋਇ ਰਜੋਈ। ਕਰੋ ਸੰਤ ਜੀ ਕੀ ਕੁਝ ਸਾਤੇ ਸੇਵਾ ਥੋੜੀ ਹੋਈ। ੪੮ ਸੁਣ ਕਰ ਸੰਤ ਹਸੇ ਫਿਰ ਬੋਲੇ ਸੇਵਾ ਭਲੀ ਕਮਾਈ। ਸੰਤ ਸਦਾ ਬਿਚਰਤ ਹੀ ਚੰਗੇ ਇਵ ਕਹਿ ਰੁਖਸਦ ਪਾਈ। ਦਯਾ ਸਿੰਘ ਜੀ ਵਿਦਿਆ ਕਰਕੇ ਪਰਤੇ ਸੀਸ ਨਵਾਏ। ਮਜਲ ਮਜਲ ਤੁਰਦੇ ਜਗ ਸਾਈਂ ਪੰਜੇ ਸਾਹਿਬ ਆਏ ॥ ੪੯

**ਇਤ ਸਿਰੀ ਸੰਤ ਬਲਾਸ ਗ੍ਰੰਥੇ ਦੂਸਰ ਅਵਸਥੇ ਦੋ ਮੇਲ ਮੁਜ਼ਫਰਾ ਬਾਦ ਸੰਤ ਅਤਰ ਸਿੰਘ ਮਹਾਰਾਜ ਕੇ ਅਮੋਲਕ ਤਪ ਸਾਧਨ ਕਾ ਪ੍ਰਸੰਗ ਬਰਨਨ ਨਾਮ ਪੰਚਵੋਂ ਧਿਆਇ ॥ ੫ ॥ ਸੰਤ ਸਾਹਿਬ ਜੀ ਕੀ ਆਰਬਲਾ ਦਾ ਪਚੀਸਵੋਂ ਸਾਲ ਸ਼ੁਰੂ ਭਯਾ ਬਿਕ੍ਰਮੀ ੧੯੪੭ ਸੰਮਤ ਸ਼ੁਰੂ ਭਯਾ**

## [ ਦੋਹਿਰਾ ]

ਪੰਜੇ ਸਾਹਿਬ ਕੇ ਵਿਖੇ ਮੇਲਾ ਭਰਿਆ ਆਨ ॥ ਦਿਵਸ ਬਸਾਖੀ ਜਾਣਕੇ ਸੰਗਤ ਜੁੜੀ ਮਹਾਨ । ੧ ॥

## ( ਦਵਿਯਾ ਛੰਦ )

ਗੁਰੂ ਗ੍ਰੰਥ ਕੀਤੇ ਪਰਕਾਸ਼ਾ ਰਾਗੀ ਗਾਵਣ ਬਾਣੀ। ਏਸ ਵਖਤ ਸੰਤਾਂ ਨੇ ਆਕੇ ਗੁਰੂ ਕੋ ਬੰਦਨ ਠਾਣੀ। ਹਾਥ ਜੋੜ ਕਰ ਫਤੇ ਬੁਲਾਈ ਮੁਖੜਾ ਸਾਂਤੀ ਬਾਲਾ ॥ ਡੀਲ ਫੀਲ ਸੁੰਦਰਤਾ ਮਸਤੀ ਤਨ ਪਰ ਬੇਸ ਨਰਲਾ । ੨। ਏਕ ਬਾਰ ਸੰਗਤ ਕੇ ਨੇਤਰ ਸੰਤਾਂ ਦੀ ਦਿਸ ਹੋਏ। ਨੈਣ ਮਸਤ ਹੈਂ ਭੁਜਾਂ ਲੰਬੀਆਂ ਮਹਾਂ ਪੁਰਖ ਹੈ ਕੋਏ। ਸਜ ਬੈਠੇ ਸੰਗਤ ਕੇ ਮਾਹੀਂ ਕੀਰਤ ਗਾਵਣ ਲਾਗੇ। ਸੁਣ ੨ ਭਏ ਅਨੰਦ ਸਰੋਤੇ ਕੋਕਲ ਮੋਰ ਬਰਾਗੇ। ੩ । ਮੇਲੇ ਪਰ ਸੰਗਤ ਜੋ ਆਈ ਕਰ ਦਰਸ਼ਣ ਖੁਸ਼ ਹੋਈ ॥ ਕੀਰਤ ਕਰ ਚੁਪਚਾਪ ਪਧਾਰੇ ਖਬਰ ਨਾ ਕੀਤੀ ਕੋਈ। ਕੋਊ ਕਹੇ ਗਏ ਦਿਸ ਜੰਗਲ ਕੋਊ ਕਹਿਤ ਭਧਰੇ। ਨੱਗਰ ਢੇਰੀ ਛਾਹਾ ਕੋਰੀ ਸੰਤਾਂ ਦਏ

ਦੀਦਾਰੇ । ੪ । ਚਲੇ ਜਾਤ ਹਰਿਕੇ ਰੰਗ ਰੱਤੇ ਮਿਲਿਆ ਏਕ ਪਰੇਮੀ । ਗੁਰਮੁਖ ਸਿੰਘ ਨਾਮ ਤਿਸ ਕੇਰਾ ਬੋਲਾ ਧਾਰ ਹਲੇਮੀ । ਸੰਤੋ ਸਾਡਾ ਰੁੱਖਾ ਸੁੱਖਾ ਭੋਜਨ ਕੁਝ ਛਕ ਜਾਵੋ । ਚਰਨ ਪਾਇ ਘਰ ਕਰੋ ਪਵਿਤਰ ਦਰਸ ਅਮੋਲ ਦਿਖਾਵੋ । ੫ । ਸੰਤਾਂ ਕਹਿਆ ਲੋੜ ਨਾ ਕੋਈ ਫਿਰ ਤਿਨ ਬੋਲੀ ਲਾਈ । ਅਜਕਲ ਸੰਤ ਕੜਾਹ ਦੇ ਮੇਲੀ ਖੁਸ਼ਕ ਨ ਛਕਦੇ ਭਾਈ । ਸੁਣਕਰ ਸੰਤ ਹਸੇ ਫਿਰ ਬੋਲੇ ਚਲ ਭਾਈ ਛਕ ਲਈਏ । ਹਰਿ ਜਨ ਭਾਓ ਭਗਤ ਦੇ ਭੁੱਖੇ ਐਸਾ ਵਾਕ ਨਾ ਕਈਏ । ੬ । ਗੁਰਮੁਖ ਸਿੰਘ ਸਾਥ ਲੈ ਆਯਾ ਘਰ ਵਿਚ ਬਿਤੋ ਘਨੇਰੀ । ਰਾਧਾਂ ਨਾਮ ਸੁਪਤਨੀ ਤਿਸਦੀ ਇਹ ਭੀ ਬੜੀ ਭਲੇਰੀ । ਆਖਤ ਸਤਵੰਤੀ ਕਰ ਭੋਜਨ ਸੰਤ ਸੱਜਨ ਘਰ ਆਏ । ਭਏ ਪਹੁਨੜੇ ਸੰਤ ਪਿਆਰੇ ਬੰਕ ਦੁਆਰ ਸੁਹਾਏ ॥ ੭ ॥ ਰਾਧਾ ਦਰਸ਼ਣ ਪਾਇ ਭਈ ਖੁਸ਼ ਚਰਨੀ ਸੀਸ ਲਗਾਯਾ । ਭੋਜਨ ਤੁਰਤ ਬਣਾਇ ਭਲੇਰਾ ਸੰਤਾਂ ਅਗਰ ਟਿਕਾਯਾ । ਮੱਖਣ ਦਹੀਂ ਪਰੋਠੇ ਭਾਜੀ ਧਰੇ ਥਾਲ ਕੇ ਮਾਹੀਂ । ਦੇਖ ਸੰਤ ਜੀ ਮੁਖ ਤੇ ਬੋਲੇ ਰੂਖਾ ਸੂਖਾ ਨਾਹੀਂ । ੮ । ਗੁਰਮੁਖ ਸਿੰਘ ਆਖ ਲੈਆਯਾਂ ਰੂਖਾ ਭੋਜਨ ਪਾਵੇ । ਫੁਲਕਾ ਖੁਸ਼ਕ ਥਾਲ ਮਹਿ ਰਾਖੇ ਮੱਖਣ ਦਹੀਂ ਉਠਾਵੇ । ਬਿਨਤੀ ਕਰੀ ਨਾ ਮਾਨੀ ਸੰਤਾਂ ਫੁਲਕੇ ਖੁਸ਼ਕ ਮੰਗਾਏ । ਛਕ ਪਰਸਾਦਾ ਕਰ ਅਰਦਾਸਾ ਚਾਹਤ ਸੰਤ ਸਿਧਾਏ । ੯ । ਕਮਰਾ ਏਕ ਸੁਵੱਛ ਨਰਾਲਾ ਗੁਰੂ ਗ੍ਰੰਥ ਪ੍ਰਕਾਸ਼ੇ । ਸੰਤਾਂ ਨੂੰ ਬਿਨਤੀ ਕਰ ਮਾਈ ਆਈ ਤਿਸ ਪਾਸ਼ੇ । ਅਰਜ ਕਰੀ ਇਕ ਸ਼ਬਦ ਸੁਣਾਵੋ ਸੰਤਾਂ ਸ਼ਬਦ ਸੁਣਾਯਾ । ਮਾਈ ਸੰਤਾਂ ਨੂੰ ਆਖਤ ਧਨ ਜਨਨੀ ਜਿਨ ਜਾਯਾ । ੧੦ ॥ ਸੁਣੋ ਸੰਤ ਜੀ ਗੁਰੂ ਗ੍ਰੰਥ ਕਾ ਸਾਰਾ ਪਾਠ ਸੁਨਾਵੇਂ । ਤਉ ਪਰਸੰਨ ਹੋਇ ਮਨ ਮੇਰਾ ਕੁਝ ਦਿਨ ਦਰਸ ਦਿਖਾਵੋਂ । ਕਰ ਮਨਜੂਰ ਬੇਨਤੀ ਸੰਤਾਂ ਆਦੋਂ ਪਾਠ ਰਖਾਯਾ । ਜਗਾ ਨਕੇਵਲ ਸੁੰਦਰ ਕਮਰਾ ਸੰਤਾਂ ਦੇ ਮਨ ਭਾਯਾ । ੧੧ । ਸਭ ਪ੍ਰਵਾਰ ਗੁਰੂ ਕ੍ਰਿਪਾ ਤੇ ਸੰਤਾਂ ਦਾ ਸਤਸੰਗੀ ਬਸਤ੍ਰ ਧੋਵਣ ਜੋੜੇ ਝਾੜਨ ਟਹਲ ਕੁਮਾਵਣ ਚੰਗੀ । ਸਾਧੂ ਤੇ ਪਰਮੇਸ਼ਰ ਦੋਵੇਂ ਭਾਇ ਭਗਤਿ ਦੇ ਭੂਖੇ । ਪ੍ਰੇਮ ਬੰਧਨ ਬਾਧੇ ਬਸ ਹੋਵਣ ਭੋਜਨ ਛਕਦੇ ਰੂਖੇ ॥੧੨ ਏਥੇ ਸੰਤਾਂ ਨਾਉ ਮਹੀਨੇ ਇਸਿ ਬਿਧ ਬਾਣੀ ਗਾਈ । ਭੋਗ ਪਾਇਕੇ ਗੁਰੂ ਗ੍ਰੰਥ ਕਾ ਦਵਣ ਪਾਠ ਚਲਾਈ । ਮਾਈ ਰਾਧਾਂ ਦੇ ਦੋ ਲੜਕੇ ਇਹ ਭੀ ਬੱਡੇ ਪਰੇਮੀ । ਸੰਤਾਂ ਦੀ ਮਿਲ ਸੇਵਾ ਕਰਦੇ ਬੋਲਣ ਸਹਿਤ ਹਲੇਮੀ ॥ ੧੩ । ਸੁੰਦਰ ਸਿੰਘ ਬਡਾ ਫਿਰ ਛੋਟਾ ਜੀਵਣ ਸਿੰਘ ਪਛਾਣੋ । ਬੇਧਨ ਪਾਤੀ ਕਮੀਨ ਕੋਈ ਦਿਲ ਵਿਚ ਰਤੀਨ ਮਾਣੋ । ਚੌਥੇ ਦਿਨ ਜਾ ਦਿਵਸ ਪੰਜਵੇਂ ਭੋਗ ਸੰਤ ਜੀ ਪਾਦੇਂ । ਮਾਈ ਪਾਸੋਂ ਦੇਗ ਕਰਾਵੇ ਏਕ ਰੁਮਾਲ ਚਹੜਾਂਦੇ ॥ ੧੪ । ਪਾਠ ਕਰੇਂਦੇ ਰਹਿਣ ਸੰਤ ਜੀ ਖੁਸ਼ਕੀ ਹੋਤ ਘਨੇਰੀ । ਮਾਈ ਸਿਰ ਮੱਖਣ ਝਸ ਦੇਵੇ ਸੇਵਾ ਕਰੇ ਬਥੇਰੀ । ਤੀਜੇ ਚੌਥੇ ਦਿਨ ਤੋਂ ਪਾਛੇ ਮਾਈ ਆਖ ਸੁਣਾਵੇ ॥ ਕੇਸੀਂ ਕਰੋ ਸਿਨਾਨ ਸੰਤ ਜੀ ਖੁਸ਼ਕੀ ਨਾ ਹੋ ਜਾਵੇ ॥ ੧੫ ॥

Sri Satguru Jagjit Singh Ji eLibrary NamdhariElibrary@gmail.com

ਜੇਕਰ ਸੰਤ ਲਗਾਵਨ ਡੇਰੀ ਬਾਹੋਂ ਪਕੜ ਉਠਾਂਦੀ। ਪੁੱਤਰਾਂ ਸੇ ਯਾਦੇ ਸੰਤਾਂ ਦਾ ਮਾਈ ਫਿਕਰ ਰਖਾਂਦੀ। ਪੁਰ ਪੁਰ ਲੰਮੇ ਕੇਸ ਸੰਤ ਜੀ ਕਰਤ ਸਿਨਾਨ ਖਲੋਕੇ। ਜਲ ਖਟਿਆਈ ਪਾਵੇ ਮਾਈ ਸਾਫ ਬਣਾਵੇ ਧੋਕੇਂ। ੧੬। ਥੋੜਾ ਬੋਲਣ ਥੋੜਾ ਸੇਵਣ ਥੋੜਾ ਭੋਜਨ ਪਾਂਦੇ। ਪਾਠ ਕਰੇਂਦੇ ਸੰਤ ਬਰਾਗੀ ਕਦੇਕ ਰੋਈ ਜਾਂਦੇ। ਸੁਣੋ ਸਰੋਤਾ ਗੁਰ ਬਾਣੀ ਜੇ ਪੜ੍ਹੀਏ ਮਨ ਚਿਤ ਲਾਕੇ॥ ਬਹੁਤ ਬਰਾਗ ਹੋਤ ਮਨ ਅੰਦਰ ਦੇਖੋ ਕੋ ਅਜਮਾਕੇ॥ ੧੭॥ ਏਸ ਭਾਂਤ ਨਉਂ ਮਾਸ ਬਤੀਤੇ ਪੁੱਤਰ ਮਾਈ ਕਰਾ। ਸੁੰਦਰ ਸਿੰਘ ਬਿਮਾਰ ਭਯਾ ਕੁਝ ਸੰਤਾਂ ਹੇਤ ਘਨੇਰਾ। ਤਿਸਦਾ ਅੰਤ ਜਾਣ ਕੇ ਨੇੜੇ ਸੰਤਾਂ ਬਚਨ ਸੁਣਾਏ। ਮਹਾਂ ਪੁਰਖ ਜੋ ਸਾਖੀ ਬੋਲਨ ਇਹ ਸਾਂਝੀ ਅਖਵਾਏ। ਸੁਣ ਭਾਈ ਇਹ ਜਗਤ ਸਭੇ ਈ ਜਾਣ ਮੁਸਾਫਰ ਖ਼ਾਨਾਂ। ਕਈ ਮੁਸਾਫਰ ਆਵਣ ਜਾਵਣ ਰਹਿਣ ਨ ਕੋਊ ਪਾਨਾ। ਅਵਰ ਸੁਣੋ ਜੋ ਝੂਠੀ ਦੇਹੀ ਏਹ ਖਾਕ ਦੀ ਢੇਰੀ। ਮੁਹਲਤ ਪੁੱਨੀ ਤੇ ਉਠ ਜਾਣਾ ਝੂਠੀ ਮੇਰੀ ਮੇਰੀ। ੧੯ ਆਪ ਨ ਬਾਪ ਨ ਅਪ ਨ ਮਾਈ ਭੈਣ ਭਰਾ ਨਾ ਕੋਈ॥ ਭਜਨ ਬੰਦਗੀ ਸਦਾ ਆਪਣੀ ਹਰਿ ਜਪ ਜਾਪੋ ਸੋਈ। ਸੰਤਾਂ ਨੇ ਤਿਸ ਪਾਸ ਬੈਠਕੇ ਪਾਠ ਸੁਖਮਨੀ ਕੀਤਾ। ਅਪਨੇ ਸੇਵਕ ਦਾ ਸਿਰ ਸੰਤਾਂ ਗੋਡੇ ਤੇ ਧਰ ਲੀਤਾ। ੨੦। ਵਾਹਿਗੁਰੂ ਤਿੰਨ ਬਾਰ ਆਖਿਆ ਕੀਤਾ ਤਿਸੇ ਚਲਾਣਾ। ਕਰ ਸੰਸਕਾਰ ਪਾਠ ਕਰਵਾਯਾ ਮਿੱਠਾ ਮਨ ਕੇ ਭਾਣਾ॥ ਤਿਸਦਾ ਪਾਠ ਸੰਤ ਜੀ ਕੀਤਾ ਮਾਈ ਕਰੇ ਰਜ਼ੋਈ। ਆਖੋ ਸਭ ਘਟਿ ਘਟਿ ਕੇ ਜਾਣੂ ਮੇਰੀ ਗਤ ਕਿਵੇਂ ਹੋਈ। ੨੧ ਦੇ ਉਦਾਸ ਸੰਤ ਜੀ ਬੋਲੇ ਫਿਕਰ ਨ ਕਰੀਏ ਮਾਈ। ਤੇਰੀ ਸਡੀ ਮਾਤ ਲੋਕ ਤੇ ਕਿ[illegible] ਦਿਨ ਹੇਤ ਚੜ੍ਹਾਈ। ਸੱਚ ਖੰਡ ਤੈਨੂੰ ਲੈਜੈ ਹੈਂ ਪਾਰਬ੍ਰਹਮ ਦੇ ਪਾਸੇ। ਧਨ ਧਨ [illegible] ਪਈ ਪਗ ਮਾਈ ਐਸੇ ਸੁਣੇ ਬਲਾਸੇ॥ ੨੨॥ ਭੋਗ ਪਾਇਕੇ ਟਿਕੇ ਰਾਤ ਨੂੰ ਗੁਫ[illegible] ਸੰਤ ਪਧਾਰੇ। ਟੋਲ ਭਾਲਏ ਬੈਠੀ ਮਾਈ ਮਿਲੇ ਨ ਸੰਤ ਪਿਆਰੇ। ਰਾਵਲਪਿੰਡੀ ਪਾਸ ਤਪੋ ਬਨ ਲੋਈਂ ਨਦੀ ਕਨਾਰਾ। ਏਥੇ ਸੰਤਾਂ ਗੁਫਾ ਬਣਾਈ ਚਿਣ ਬੱਟੇ ਪਾਰਗੇਰਾ। ੨੩। ਬੈਠਣ ਜੋਗੀ ਗੁਫਾ ਬਣਾਈ ਲੰਮੇ ਕਦੇ ਨਾ ਪੈਂਦੇ। ਬੂਟੀ ਏਥੋਂ ਪੱਟ ਭਿਓਂਕੇ ਭੁਖ ਲਗੀ ਛਕ ਲੈਂਦੇ। ਇਕ ਮਹੀਨਾ ਏਥੇ ਸੰਤਾਂ ਤਪ ਕੀਤਾ ਲਾ ਤਾੜੀ॥ ਏਥੋਂ ਚਲੇ ਮਹੀਨੇ ਫੱਗਣ ਬਿਖੜੇ ਰਾਹ ਪਹਾੜੀ॥ ੨੪। ਸਹਿਜੇ ਸਹਜੇ ਪੈਦਲ ਚਲਦੇ ਬਾਰ ਇਲਾਕੇ ਆਏ। ਜ਼ਿਲੇ ਲੈਲਪੁਰ ਦੌਰਾ ਕਰਦੇ ਲਵਪੁਰ ਦੀ ਦਿਸ ਧਾਏ। ਪਹੁੰਚ ਲਹੌਰ ਗੁਰੂ ਅਸਥਾਨੀ ਦਰਸ਼ਣ ਪਰਸ਼ਣ ਕੀਤੇ ਸ਼ਨੇ ਸ਼ਨੇ ਅੰਮ੍ਰਿਤਸਰ ਪਹੁੰਚੇ ਝੋਲ ਮਹਾਰਸ ਪੀਤੇ। ੨੫॥ ਕਰ ਇਸ਼ਨਾਨ ਗਏ ਹਰਿ ਮੰਦਰ ਕਰ ਬੰਦਨ ਫਿਰ ਆਏ। ਬਹੁਰ ਅੱਟਲ ਸਾਹਿਬ ਦੇ ਮੰਦਰ ਅੰਦਰ ਦਰਸ਼ਣ ਪਾਏ। ਨੌਂ ਮਜ਼ਲਾਂ ਦੇ ਦਰਸ਼ਣ ਕਰਕੇ ਤੀਜੀ ਛੱਤ ਬਰਾਜੇ॥ ਬਹੁਰ ਸਮਾਧ ਲਾਇਕੇ ਬੈਠੇ ਸੁਣ ਅਨਾਹਦ ਬਾਜੇ। ੨੬। ਤਿੰਨ ਦਿਨ ਰਹੇ ਸਮਾਧੀ ਇਸਤਤਿ ਬਹਰੋ ਨੈਨ ਉਘਾਰੇ। ਸਾਹੂਕਾਰ ਏਕ ਕਰਿ ਦਰਸ਼ਣ ਪਹੁੰਚਾ ਰਾਹਿ ਮਝਾਰੇ। ਭੋਜਨ ਤੁਰਤ ਘਰੋਂ ਬਣਵਾਕੇ ਸੰਤਾਂ ਤਈਂ ਛਕਾਯਾ।

ਹਰਿਦੁਆਰ ਕੁੰਭ ਨਜੀਕੇ ਤਿਸ ਨੇ ਆਖ ਸੁਣਾਯਾ । ੨੭। ਸਾਧੂ ਬਹੁਤ ਗਏ ਇਸ ਦਿਸ ਤੋਂ ਸੇਠ ਦੇਣ ਮਿਲ ਭਾੜੇ । ਕਹੋ ਤਟਿਕਟ ਮਗਾਕੇ ਦੇਵਾਂ ਪਹੁੰਚੋ ਨਾਨਕ ਬਾੜੇ। ਸੰਤਾਂ ਤਿਸ ਦੀ ਸੁਣ ਅਰਜੋਈ ਮਨ ਲੀਤਾ ਬਿਨ ਡੇਰੀ। ਟਿਕਟ ਮਗਾਏ ਚੜ੍ਹਾਏ ਗਾਡੀ ਖਲਕਤ ਚੜ੍ਹੀ ਘਨੇਰੀ । ੨੮ । ਹਰਿਜਪੁ ਹਰਿਜਪੁ ਕਰਦੀ ਗਾਡੀ ਪਹੁੰਚੀ ਗੰਗ ਕਨਾਰੇ। ਉਤਰੇ ਸੰਤ ਮੰਡਲ ਵਿਚ ਆਏ ਦਰਸ਼ਣ ਜਾਇ ਦਿਖਾਰੇ ॥ ਸੰਤ ਧੂੜ ਕਉ ਤੀਰਥ ਲੋਚਣ ਸਤਿਗੁਰ ਕਹਿਣ ਪੁਕਾਰੀ । ਸੰਤ ਚਰਨ ਤੀਰਥ ਕੋਟਿ ਗੰਗਾ ਇਹ ਭੀ ਗੁਰਾਂ ਉਚਾਰੀ । ੨੯ । ਐਸੇ ਸੰਤ ਜਗਤ ਕੇ ਤਾਰਕ ਤੀਰਥ ਉਧਾਰਨ ਹੇਤਾ । ਅਤਰ ਸਿੰਘ ਜੀ ਪਰਉਪਕਾਰੀ ਆਏ ਗੁਣੀ ਨਕੇਤਾ। ॥ ਸਾਧ ਬਰੱਕਤਾਂ ਨੂੰ ਮਿਲ ਜੁਲਕੇ ਹੋਏ ਸੰਤ ਕਨਾਰੇ। ਬੈਠੇ ਦੂਰ ਏਕ ਤਰ ਨੀਚੇ ਲੈਂਦੇ ਭਜਨ ਹੁਲਾਰੇ । ੩੦ । ਔਂਦੇ ਜਾਂਦੇ ਲੰਘਦੇ ਸਾਧੂ ਬੰਦਨ ਕਰਕੇ ਜਾਂਦੇ। ਜਾਇ ਸਭਾ ਸੰਤਾਂ ਦੀ ਅੰਦਰ ਉਸਤਤਿ ਆਖ ਸੁਣਾਦੇ। ਏਕ ਰੋਜ਼ ਮਿਲ ਬਹੁਤ ਗੁਣੀ ਜਨ ਬੈਠੇ ਸਭਾ ਲਗਾਈ। ਤੀਰਥ ਨ੍ਹਾਵਣ ਕੀ ਫਲ ਹੋਵਤ ਚਰਚਾ ਏਹ ਚਲਾਈ ॥ ੩੧ ਸੋਚ ਸੋਚ ਕੇ ਗੁਣੀ ਜਨਾਨੇ ਏਹੋ ਬਾਤ ਬਿਚਾਰੀ। ਤੀਰਥ ਤੇ ਮਿਲ ਸਾਧੂ ਆਵਤ ਦਰਸ਼ਨ ਦਾ ਫਲ ਭਾਰੀ । ਸਾਧ ਸੰਗ ਕਛ ਘਾਲ ਨ ਕਰੀਐ ਦਰਸ਼ਨ ਦੇਖ ਨਿਹਾਲਾ । ਗਨਕਾ ਬਾਲਮੀਕ ਭੀ ਤਾਰੇ ਪਾਪ ਕਰੇ ਜਿਨ ਜਾਲਾ ॥ ੩੨ ॥ ਸੁਣ ਪਰ ਬਹੁਤ ਗੁਣੀ ਜਨ ਬੋਲੇ ਐਸਾ ਸਾਧੂ ਕੋਈ । ਕੋਟਾਂ ਮੱਧੇ ਹੋਤ ਇਕਾਂਕੀ ਜਿਸ ਦਰਸ਼ਨੇ ਗਤ ਹੋਈ । ਇਤਨਾ ਸੁਣ ਸਨਿਆਸੀ ਸਾਧੂ ਦੋਇ ਹਥ ਜੋੜ ਖਲੋਤਾ। ਆਖਤ ਸੁਣੋ ਬੇਨਤੀ ਮੇਰੀ ਜਿਤਨੇ ਗੁਣੀ ਸਰੋਤਾ। ੩੩ । ਮੈਨੂੰ ਮਿਲਿਆ ਸੰਤ ਹਰੀ ਜਨ ਦਰਸ਼ਨ ਮੈਂ ਅੱਜ ਪਾਯਾ। ਬੈਠਾ ਦੂਰ ਬਿਰਛ ਦੇ ਨੀਚੇ ਹਿਰਦਾ ਸਾਂਤ ਬਣਾਯਾ। ਦਰਸ਼ਨ ਦੇਖਤ ਮੇਰੇ ਮਨ ਕੀ ਦੁਬਦਾ ਸਗਲ ਬਨਾਸੀ। ਸੁਣੋ ਗੁਣੀ ਜਨ ਮੈਂ ਫਿਰ ਜਾਤਾ ਹਰਿਜਨ ਏਹ ਅਬਨਾਸੀ ॥ ੩੪ ॥ ਸੁਣ ਸਨਿਆਸੀ ਦੇ ਮੁਖ ਐਸੀ ਬਹੁਤ ਗੁਣੀ ਜਨ ਬੋਲੇ। ਚਲ ਭਾਈ ਦਰਸ਼ਨ ਕਰਵਾਦੇ ਜਹਿ ਹਨ ਸੰਤ ਅਮੋਲੇ। ਪੰਡਤ ਈਸ਼ਰ ਸਿੰਘ ਪਰੇਮੀ ਨੱਗਰ ਦੁਹਧਰ ਵਾਲਾ । ਇਸਦੇ ਨਾਲ ਕਈ ਬਿਦਅਰਥੀ ਮਿਲ ਦਰਸ਼ਨ ਹਿਤ ਚਾਲਾ। ੩੫ । ਹੀਰਾ ਦਾਸ ਉਜਾਗਰ ਸਾਧੂ ਨਿਰਾਕਾਰੀਆ ਜਾਣੋ। ਇਹ ਭੀ ਚੀਮੇ ਨਗਰ ਜਨਮਿਆ ਏਕੋ ਕੁਲ ਪਹਿਚਾਣੋ ॥ ਇਹ ਭੀ ਦਰਸ਼ਨ ਪਾਵਨ ਦੇ ਹਿਤ ਚਲਿਆ ਧਾਰ ਹਲੀਮੀ। ਇਸਦੇ ਨਾਲ ਚਲੇ ਮਿਲ ਸਾਧੂ ਸੇਵਕ ਕਈ ਪਰੇਮੀ ॥ ੩੬ ॥ ਇਤ ਆਦਿਕ ਮਿਲ ਕੇਤੇ ਸਾਧੂ ਦਰਸ਼ਨ ਦੇ ਹਿਤ ਆਏ। ਕਿਨਹੀ ਫੂਲ ਮਾਲ ਫਲ ਮੇਵਾ ਲੀਨਾ ਹਾਥ ਉਠਾਏ। ਸਾਧੂ ਬਿਰਧ ਭੇਖ ਸਨਿਆਸੀ ਹੋਇ ਅਗੇਰੇ ਚਾਲਾ। ਚੜ੍ਹਦੀ ਦਿਸ ਗੰਗਾ ਦੇ ਤੀਰੇ ਸੁੰਦਰ ਥਾਨ ਨਰਾਲਾ। ੩੭। ਏਥੇ ਅਤਰ ਸਿੰਘ ਜਨ ਬੈਠੇ ਬੋਹੜ ਬਿਰਛ ਦੇ ਨੀਚੇ। ਡੇਰੀ ਪਾਰ ਬ੍ਰਹਮ ਸੰਗ

ਲਾਗੀ ਨੈਨ ਕਵਲ ਸਮ ਮੀਚੇ। ਧਰ ਧਰ ਭੇਟਾ ਕਰ ਕਰ ਬੰਦਨ ਬੈਠੇ ਸਾਧ ਅਗੇਰੇ। ਤਤਛਿਨ ਭਈ ਸਮਾਧ ਉਥਾਨਾ ਸੰਤਾਂ ਨੈਨ ਉਘੇਰੇ। ੩੮। ਹੀਰਾ ਦਾਸ ਦੇਖ ਕਰ ਬੋਲਾ ਇਹ ਸਾਡਾ ਕੁਲ ਕੇਤਾ। ਵਾਹਿ ਵਾਹਿ ਦਰਸਨ ਦਖਲਾਏ ਮਿਲਿਆ ਧਰ ਬਹੁ ਹੇਤਾ ਫੂਲ ਮਾਲ ਸੰਤਾਂ ਗਲ ਪਾਈ ਬਿਨਤੀ ਕਹੀ ਸੁਣਾਏ। ਦਰਸ਼ਨ ਪਾਵਣ ਦੇ ਹਿਤ ਸਾਧੂ ਹਰੀ ਦੁਆਰੋਂ ਆਏ। ੩੯। ਸੁਣ ਕਰ ਸੰਤਾਂ ਨੇ ਖੁਸ਼ ਹੋਕੇ ਮੁਖ ਤੇ ਬਚਨ ਪੁਕਾਰਾ॥ ਆਓ ਜੀ ਹਰਕੇ ਜਨ ਸਾਧੂ ਹਉ ਘੋਲੀ ਬਲਿਹਾਰਾ। ਈਸ਼ਰ ਸਿੰਘ ਅਗੇਰੇ ਹੋਕੇ ਫੂਲ ਮਾਲ ਗਲ ਪਾਈ। ਸੰਤਾਂ ਮੋੜ ਤਿਸੇ ਗਲ ਪਾਈ ਮਿਲ ਕਰ ਖੁਸ਼ੀ ਮਨਾਈ। ੪੦। ਈਸ਼ਰ ਸਿੰਘ ਬੈਠ ਕਰ ਬੋਲਾ ਕਹੋ ਸੰਤ ਪਰਧਾਨਾ। ਮਹਾਂ ਅਨੰਦ ਊਚ ਪਦ ਪਾਯਾ ਸੋ ਕੈਸਾ ਅਸਥਾਨਾ। ਸੰਤਾਂ ਨੇ ਗੁਰ ਬਾਣੀ ਕੇਰਾ ਪੜ ਕਰ ਸ਼ਬਦ ਸੁਣਾਯਾ। ਤਿਸਦਾ ਅਰਥ ਸਭੇ ਸਮਝਾਯਾ ਸੋ ਮੈਂ ਅਗਰ ਲਿਖਾਯਾ।

## ( ਗਾਉੜੀ ਮਹਲਾ ੫ ) ੪੨

ਅਗਮ ਰੂਪਕਾ ਮਨ ਮਹਿ ਥਾਨਾ। ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ। ੧ ਰਹਾਉ ਅਨਹਤ ਬਾਣੀ ਥਾਨ ਨਿਰਾਲਾ। ਤਾਕੀ ਧੁਨ ਮੋਹੇ ਗੋਪਾਲਾ॥ ੨ ਤਹ ਸਹਜ ਅਖਾਰੇ ਅਨੇਕ ਅਨੰਤਾ। ਪਾਰ ਬ੍ਰਹਮਕੇ ਸੰਗੀ ਸੰਤਾ। ੩ ਹਰਖ ਅਨੰਤ ਸੋਗ ਨਹੀਂ ਬੀਆ। ਸੋ ਘਰ ਗੁਰਿ ਨਾਨਕ ਕਉ ਦੀਆ। ੪।

## [ ਦਵਯਾ ਛੰਦ ]

ਐਸੇ ਸ਼ਬਦ ਸੁਣੇ ਸੰਤਾਂ ਤੋਂ ਸਭ ਸਾਧੂ ਖੁਸ਼ਹੋਏ। ਵਾਹਿ ਹਰੀਜਨ ਦਰਸ਼ਨ ਤੁਮਰਾ ਹਮਰੇ ਮਨ ਥਿਰਜੋਏ। ਇਹ ਸਾਧੂ ਸਨਿਆਸੀ ਪਹਿਲੇ ਦਰਸ਼ਣ ਪਾ ਸਧਾਯਾ। ਸਭਾ ਬਿਖੇ ਸਾਧਾਂ ਨੂੰ ਇਸ ਨੇ ਤੁਮਰਾ ਭੇਦ ਬਤਾਯਾ। ੪੨। ਈਸ਼ਰ ਸਿੰਘ ਕਹੇ ਹਰਿਜਨ ਜੀ ਸਭਾ ਵਿਖੇ ਹੀ ਚਾਲੋ। ਸੰਗਤ ਦੇਸ ਬਦੇਸੋਂ ਆਈ ਸਭ ਕੋ ਦਰਸ ਦਿਖਾਲੋ। ਸੁਣ ਕਰ ਸੰਤ ਖੁਸ਼ੀ ਮਨ ਧਰਕੇ ਸਭਾ ਵਿਖੇ ਚਲਿਆਏ। ਸੁੰਦਰ ਠੌਰ ਬਛਾ ਕਰ ਆਸਣ ਆਦਰ ਸਹਤ ਬਠਾਏ॥ ੪੩। ਈਸ਼ਰ ਸਿੰਘ ਸਭਾ ਦੇ ਅੰਦਰ ਸਿਫਤ ਖਲੋਇ ਸੁਣਾਈ॥ ਇਹ ਮਾਰਗ ਖੰਡੇ ਦੀ ਧਾਰਾ ਚਲਨਾ ਮੁਸਕਲ ਭਾਈ। ਅਤਰ ਸਿੰਘ ਜੀ ਮਹਾਂ ਮੁਨੀਸਰ ਨੇਕ ਕੁਮਾਈ ਕੀਤੀ। ਮਾਨ ਮੋਹ ਤਜ ਮੇਰੀ ਤੇਰੀ ਇਹ ਪਦਵੀ ਲੈ ਲੀਤੀ॥ ੪੪। ਸੁਣੋ ਗੁਣੀ ਜਨ ਗੁਰ ਬਾਣੀ ਬਿਚ ਸਤਿਗੁਰ ਭੇਤ ਬਤਾਵੇ। ਜੋ ਜਨ ਸਰਨ ਲਵੇ ਸੰਤਾਂ ਦੀ ਸੋ ਇਹ ਪਦਵੀ ਪਾਵੇ।

ਗੁਰਬਾਣੀ ਦਾ ਸਬਦ ਸੁਣਾਕੇ ਬਹੁਤ ਬਿਆਖਾ ਕੀਤੀ। ਸੋ ਮੈਂ ਸਬਦ ਲਿਖੋਂ ਸੰਗਤ ਹਿਤ ਪੜ ਸੁਣ ਧਰੋ ਪਰੀਤੀ। ੪੫

## ਰਾਗ ਦੇਵ ਗੰਧਾਰੀ ਮਹਲਾ ੫ । ਘਰ ੪

ਕਰਤ ਫਿਰੇ ਬਨ ਭੇਖ ਮੋਹਨ ਰਹਿਤ ਨਿਰਾਰ ॥ ੧ ॥ ਰਹਾਉ ॥ ਕਥਨ ਸੁਨਾਵਨ ਗੀਤ ਨੀਕੇ ਗਾਵਨ ਮਨ ਮਹਿ ਧਰਤੇ ਗਾਰ ॥ ੧ ॥ ਅਤਿ ਸੁੰਦਰ ਬਹੁ ਚਤੁਰ ਸਿਆਣੇ ਵਿਦਿਆ ਰਸਨਾ ਚਾਰ ॥ ੨ ਮਾਨ ਮੋਹ ਮੇਰ ਤੇਰ ਵਿਵਰਜਿਤ ਏਹੁ ਮਾਰਗ ਖੰਡੇ ਧਾਰ ॥ ੩ ॥ ਕਹੁ ਨਾਨਕ ਤਿਨ ਭਵਜਲੁ ਤਰੀਅਲੇ ਪ੍ਰਭ ਕਿਰਪਾ ਸੰਤ ਸੰਗਾਰ ॥ ੪

## ( ਦਵਿਯਾ ਛੰਦ )

ਸਤਿਗੁਰ ਜੀਨੇ ਹਰਿ ਜਨ ਕੇਰੀ ਐਸੀ ਰਹਿਤ ਬਤਾਈ। ਤਜਿਆ ਮਾਨ ਮੋਹ ਭੀ ਤਜਿਆ ਇਹ ਪਦਵੀ ਤਿਨ ਪਾਈ । ਏਥੇ ਸਭਾ ਵਿਖੇ ਸੰਤਾਂ ਦੀ ਉਸਤਿਤ ਕਰੀ ਭਲੇਰੀ। ਕਲਿਯੁਗ ਜਗਤ ਜਲਣ ਤਰਬੇ ਕਉ ਸਮਰਥ ਹਰਿ ਜਨ ਕੇਰੀ ॥ ੪੬ ( ਸਾਰਕਤਾਵਲੀ ਵਿੱਚੋਂ ) ਦਾਦਰ ਕਰਿ ਕੁਖਿ ਭਰਨ ਕੇ ਤਤਪਰ ਨਾਗ ਅਨੇਕ॥ ਸਿਰ ਪੁਰ ਧਰਨੀ ਧਰਨ ਕੋ ਸੇਸ ਨਾਗ ਹੀ ਏਕ ॥ ਉਦਰ ਭਰਨ ਤਤ ਪਰ ਭਏ ਭੇਖੀ ਸੰਤ ਅਨੰਤ ॥ ਜਗਤ ਜਲਣ ਕੇ ਤਰਨ ਕੇ ਬਿਰਲਾ ਕੋ ਇਕ ਸੰਤ।

## –ः( ਦੁਵਯਾ ਛੰਦ )ः–

ਸੰਤਾਂ ਨੇ ਭੀ ਸ਼ਬਦ ਗਾਇਕੇ ਕੀਰਤ ਬਰਖਾ ਪਾਈ। ਜਿਉਂ ਘਣ ਬਰਸੇ ਤਪਤ ਬਨਾਸੇ ਤਿਵੇਂ ਸ਼ਾਂਤ ਬਰਤਾਈ। ਇਸ ਬਿਧ ਕਈ ਦਿਹਾੜੇ ਬੀਤੇ ਸੰਤ ਸਭਾ ਨਿਤ ਹੋਵੇ। ਸੰਤਾਂ ਦੇ ਦਰਸ਼ਨ ਹਿਤ ਸੰਗਤ ਆਵੇ ਦਰਸ਼ਨ ਜੋਵੇ ॥ ੪੭ ॥ ਬੂਟਾ ਸਿੰਘ ਸੰਤ ਦੇ ਡੇਰੇ ਚੀਮੇ ਨਗਰ ਨਿਵਾਸੀ। ਕਿਸਨ ਸਿੰਘ ਪੁਰ ਪ੍ਯਾਪਤ ਵਾਲਾ ਪਹੁੰਚਾ ਸੰਤਾਂ ਪਾਸੀ। ਸੰਤਾਂ ਦੀ ਮਾਤਾ ਜੀ ਤਰਫੋਂ ਦੀਨਾ ਤਿਨੇ ਸੰਦੇਸਾ। ਰਹਿਤ ਉਦਾਸ ਸੰਤ ਜੀ ਮਾਤਾ ਚੇਤੇ ਕਰਤ ਹਮੇਸਾ। ੪੮। ਮਿਲੋ ਜਰੂਰ ਮਾਤ ਜੀ ਤਾਂਈ ਠਹਰੋ ਜੇ ਤੁਧ ਭਾਵੇ। ਬੋਲੇ ਸੰਤ ਮਿਲਾਂਗੇ ਭਾਈ ਮਾਤ ਨ ਜੇ ਅਟਿਕਾਵੇ । ਸਾਹਿਬ ਦਾਸ ਨਗਨ ਫਿਰ ਮਿਲਿਆ ਅਲੀ ਛੇਰ ਪੁਰ ਵਾਲਾ । ਇਹ ਭੀ ਸਾਧ ਤਪੀਸਰ ਭਾਰਾ ਸੰਤਾਂ ਦੇ ਸੰਗ ਚਾਲਾ। ੪੯ ॥ ਕਹੋ ਠਾਕਰੋ ਕਿਸ ਦਿਸ ਜਾਣਾ ਸਾਹੀ ਦੇਖ ਬਸਾਖੀ। ਏਕ ਬਾਰ ਮਾਤਾ ਨੂੰ ਮਿਲਣਾ ਸੰਤਾਂ ਤਿਸਨੂੰ ਆਖੀ। ਮੇਲਾ ਕੁੰਭ ਬਤੀਤ ਭਏ ਤੋਂ ਸੰਤਾਂ ਕਰੀ ਤਿਆਰੀ ॥ ਏਸ ਬਖਤ ਦਰਸ਼ਣ ਹਿਤ ਆਈ ਸੰਗਤ ਪੋਠੋ ਵਾਰੀ ॥ ੫੦ ॥

**ਇਤ ਸਿਰੀ ਸੰਤ ਬਲਾਸ ਗ੍ਰੰਥੇ ਦੂਸਰ ਅਵਸਥੇ ਹਰਿਦੁਆਰ ਗੰਗਾ ਦੇ ਕੁੰਭ ਤੇ ਸੰਤਾਂ ਦਾ ਸਾਧੂਆਂ ਦੀ ਸਭਾ ਵਿਚ ਆ ਦਰਸ਼ਣ ਮਾਨ ਤੇ ਆਤਮ ਬੀਚਾਰ ਕਰਨ ਪ੍ਰਸੰਗ ਬਰਨਨ ਨਾਮ ਖਸਟਵੋ**

Sri Satguru Jagjit Singh Ji eLibrary NamdhariElibrary@gmail.com

## ਧਿਆਇ ॥ ੬ । ਸੰਤ ਸਾਹਿਬ ਜੀ ਕੀ ਆਯੂ ਦਾ ਛਬੀਸਵੇਂ ਸਾਲ ਸ਼ੁਰੂ ਭਯਾ ॥ ਸੰਮਤ ਬਿਕ੍ਰਮੀ ੧੯੪੯ ਸ਼ੁਰੂ ਭਯਾ ।

### ਦੋਹਿਰਾ

ਸੰਗਤ ਪੋਠੋ ਵਾਰ ਦੀ ਬਿਨਤੀ ਕਰੇ ਪੁਕਾਰ ॥ਚਲੋ ਸੰਤ ਜੀ ਸਾਥ ਮਮ ਬਿਚਰੋ ਪੋਠੋਵਾਰ

### ਦੁਵਯਾ ਛੰਦ

ਆਖਤ ਸੰਤ ਸੁਣੋਂ ਗੁਰ ਸੰਗਤ ਚਿਤਵਤ ਸਾਡੀ ਮਤਾ । ਸਾਨੂੰ ਇਸ ਬਿਧ ਮਿਲਾ ਸੰਦੇਸਾ ਮਿਲੋ ਜਰੂਰੀ ਤਾਤਾ । ਮਾਤਾ ਪਾਸ ਪਹੁੰਚ ਮਿਲ ਜੁਲਕੇ ਫੇਰ ਕਿਸੇ ਦਿਸ ਜੈ ਹੈਂ । ਸੰਗਤ ਆਖਤ ਸੁਣੋ ਸੰਤ ਜੀ ਤੁਝ ਭਾੜਾ ਹਮਦੈ ਹੈਂ ॥ ੨। ਮਿਲ ਸੰਗਤ ਨੇ ਟਿਕਟ ਮਗਾਂਯਾ ਗਾਡੀ ਸੰਤ ਬਠਾਏ। ਚਾਦਰ ਏਕ ਰੁਪੈਯੇ ਪਾਕਰ ਸਿੰਘ ਲਪੇਟ ਲਿਆਏ । ਆਖਤ ਲੋ ਸੰਤ ਜੀ ਚਾਦਰ ਦੀਨੀ ਲੱਕ ਬੰਧਾਈ ਸੰਤਾਂ ਚਾਦਰ ਲਖਕਰ ਬਾਂਧੀ ਦਮੜੇ ਸਾਰ ਨ ਪਾਈ । ੩ । ਸੰਗਤ ਪਰਤੀ ਬੰਦਨ ਕਰ ਕਰ ਗਾਡੀ ਚਲੀ ਅਗਾਹੀ । ਰਾਜਪੁਰੇ ਪਟਿਆਲੇ ਬਿਚ ਦੀ ਚਲੀ ਤੇਜ ਰਫਤਾਰੀ ॥ ਧੂਰੀ ਦੇ ਅਸਟੇਸ਼ਨ ਪਹੁੰਚੀ ਉਤਰੇ ਸ੍ਰੀ ਜਗ ਦਾਤਾ । ਸੂਏ ਦੀ ਪਟੜੀ ਪੈ ਚਾਲੇ ਮਨ ਗੋਬਿੰਦ ਸੰਗ ਰਾਤਾ। ੪ । ਏਕ ਠਉਰ ਮੱਜਨ ਕਰਨੇ ਹਿਤ ਬਸਤਰ ਧਰੇ ਉਤਾਰੇ। ਜੋਂ ਚਾਦਰ ਸਿੰਘਾਂ ਲਕ ਬਾਂਧੀ ਤਿਸ ਦੇ ਲੜ ਕੁਝ ਭਾਰੇ । ਜਾਂ ਦੇਖੇ ਬਿਚ ਪਏ ਰੁਪਈਏ ਚਾਦਰ ਸਣੇ ਬਗਾਹੇ । ਪੁਲ ਦੇ ਹੇਠ ਬਗਾਹ ਪਠਾਏ ਗਏ ਬਿਚ ਰਜਬਾਹੇ ॥ ੫ ॥ ਕਰਿ ਇਸਨਾਨ ਚਲੇ ਜਗ ਸਾਈਂ ਪਹੁੰਚੇ ਨਗਰ ਚੀਮੇ । ਨਾਨਕ ਸਰਦੇ ਤੀਰੇ ਬੈਠੇ ਦੇਖਤ ਧੀਮੇ ਧੀਮੇ । ਏਥੇ ਮਝੀ ਚਾਰਦੀ ਫਿਰਦੀ ਛੋਟੀ ਭੈਣ । ਪਿਆਰੀ ਨਉ ਪਰਤਾਪ ਕੌਰ ਇਸਕੇਰਾ ਦੇਖਤ ਬਾਤ ਬਿਚਾਰੀ ॥ ੬ । ਕੇਜਾਪੇ ਇਹ ਬੀਰ ਹਮਾਰਾ ਚਿਰੋਂ ਵਛੁਨਾਂ ਆਯਾ । ਭੈਣ ਗਿਆਰਾਂ ਸਾਲ ਨਿਆਣੀ ਬੀਰ ਚਿਹਨ ਬਦਲਾਯਾ । ਉਪਰ ਭੂਰੀ ਸਿਰ ਦਸਤਾਰਾ ਭੂਰੀ ਦਾਈ ਕਾਲਾ । ਬੇਬੇ ਕਰੇ ਪਛਾਣ ਖਲੋਤੀ ਦੇਖੇ ਵੇਸ ਨਿਰਾਲਾ ॥ ੭ ॥

ਆਖਰ ਸੰਤਾਂ ਹੋਇ ਨਜੀਕੇ ਆਪੇ ਭੈਣ ਬੁਲਾਈ । ਅਸੀਂ ਮਝੀ ਮੋੜਾਂਗੇ ਬੇਬੇ ਦਿਹ ਘਰ ਖਬਰ ਪੁਚਾਈ ॥ ਫੇਰ ਸਿਆਣ ਪਈ ਬੇਬੇ ਨੂੰ ਬੋਲੇ ਸੰਤ ਪਛਾਣੇ । ਚਾਉ ਭਰੀ ਮਾਤਾ ਪਹਿ ਆਈ ਰਹੀ ਨ ਸੁਰਤ ਟਿਕਾਣੇ ॥ ੮ ॥ ਸੁਣ ਨੀ ਮਾਤਾ ਬੀਰ ਆਗਿਆ ਜਿਸ ਤੂੰ ਯਾਦ ਕਰੇਂਦੀ। ਔਦੇ ਜਾਂਦੇ ਸਾਧਾਂ ਸੰਤਾਂ ਪਾਸੋਂ ਪੁਛ ਪਛੇਂਦੀ ਸੁਣ ਕਰ ਮਾਂਤਾ ਆਖਤ ਬਚੜੀ ਕਿੱਥੋਂ ਭਾਗ ਭਲੇਰੇ ॥ ਦੁਨੀਆਂ ਦਾ ਸੂਰਜ ਸੁਤ

ਮੇਰਾ ਮੁੜ ਨ ਪਾਏ ਫੇਰੇ॥ ੯ ॥ ਬੇਬੇ ਕਹਿਤ ਮਾਤ ਮੈ ਡਿੱਠਾ ਨਾਨਕ ਸਰ ਤੇ ਆਿ।
ਮੱਝੀ ਚਰਾਵਣ ਆਪੇ ਲਾਗਾ ਮੈਨੂੰ ਘਰੀਂ ਪਠਾਯਾ। ਸੁਣ ਕਰ ਮਾਤਾ ਲੈਕਰ ਗੜਵਾ
ਪਾਕਰ ਦੁੱਧ ਮਲਾਈ। ਨਾਲ ਦਯਾਕੁਰ ਲਈ ਦਰਾਣੀ ਨਾਨਕਸਰ ਤੇ ਆਈ॥ ੧੦
ਮਾਤਾ ਜੀ ਤੇ ਚਾਚੀ ਜੀ ਮਿਲ ਪਹੁੰਚੀ ਸੰਤਾਂ ਨੇਰੇ॥ ਉਠ ਕਰ ਸੰਤਾਂ ਸੀਸ ਨਵਾਯਾ
ਕੀਤੇ ਅਦਬ ਘਨੇਰੇ। ਮਾਤਾ ਕਰਤ ਬਰਾਗ ਘਨੇਰਾ ਰੁਕਿਆ ਕੰਠ ਨ ਬੋਲੀ। ਕੰਠ
ਲਗਾਇ ਕਹ ਮੈਂ ਸਦਕੇ ਮੈਂ ਵਾਰੀ ਮੈਂ ਘੋਲੀ॥ ੧੧ ॥ ਸੰਤਾਂ ਨੇ ਧੀਰਜ ਧਰਵਾਈ
ਖਿੜੇ ਮੁੱਖ ਹਸ ਬੋਲੇ। ਮਾਤਾ ਬਹੁਤ ਬਰਾਗ ਨ ਕਰੀਏ ਠਹਿਰਾਂਗੇ ਤੁਝ ਕੋਲੇ॥
ਆਖਰ ਧੀਰ ਧਰੀ ਮਾਤਾ ਨੇ ਦੂਧ ਕਟੋਰੇ ਪਾਯਾ। ਅਪਣੇ ਹਾਥ ਉਠਾਇ ਲਿਆ ਕਰ
ਸੰਤਾਂ ਹੱਥ ਫੜਾਯਾ। ੧੨। ਸੰਤਾਂ ਖੁਸ਼ੀ ਹੋਇ ਛਕ ਲੀਤਾ ਬੇਬੇ ਪਾਸ ਨਿਆਣੀ।
ਕੁਝ ਸੰਤਾਂ ਨੇ ਤਿਸ ਨੂੰ ਦਿੱਤਾ ਖੁਸ਼ੀ ਨਾ ਚਿੱਤ ਸਮਾਣੀ।। ਮਾਤਾ ਚਾਹਤ ਘਰੀ
ਲਜਾਂਣਾ ਸੰਤ ਨ ਚਾਹਤ ਜਾਣਾ। ਨਾਨਕ ਸਰਤੇ ਵਣਦੇ ਨੀਚੇ ਹੀਂਸ ਝਾੜ ਮਨ
ਭਾਣਾ। ੧੩ ॥ ਏਥੇ ਆਖ ਗੁਫਾ ਬਣਵਾਈ ਠਹਿਰਨ ਸੰਤ ਨਰਾਲੇ। ਮਾਤਾ ਭੋਜਨ ਆਪ
ਪੁਚਾਵੇ ਕੈ ਬਚੜੀ ਹੱਥ ਘਾਲੇ। ਸਾਹਿਬ ਦਾਸ ਆਇ ਕਰ ਮਿਲਿਆ ਅਲੀ ਸ਼ੇਰ ਪੁਰ
ਵਾਲਾ। ਮਿਲ ਕਰ ਏਥੇ ਕਰਨ ਬੰਦਗੀ ਸੁੰਦਰ ਥਾਨ ਨਰਾਲਾ। ੧੪। ਨਗਰ
ਨਿਵਾਸੀ ਸੁਣ ਸੁਣ ਸਭ ਹੀ ਦਰਸ਼ਨ ਪਾਵਣ ਔਂਦੇ। ਸੰਤ ਸਰਵ ਦੀ ਕੁਸਲ ਪੁਛੇਂਦੇ
ਸਭ ਹੀ ਸੀਸ ਨਿਵੌਂਦੇ। ਸਾਹਿਬ ਦਾਸ ਕਹੇ ਸਿਰੀ ਸੰਤੇ ਮੇਰੀ ਸੁਣੋ
ਰਜੋਈ। ਜੋਗ ਬਿਸਿਸਟ ਗ੍ਰੰਥ ਮਗਾਕੇ ਕਥਾ ਸੁਣਾਵੋ ਸੋਈ॥ ੧੫ ॥
ਸੰਤਾਂ ਸ ਪੋਥੀ ਮੰਗਵਾਈ ਕਥਾ ਸ਼ੁਰੂ ਕਰ ਦੀਨੀ। ਰਾਤਰ ਵੇਲੇ ਸੰਗਤ ਸੁਣ
ਦੀ ਕਥਾ ਹਰੀ ਰਸ ਭੀਨੀ। ਦਿਨ ਭਰ ਰਹਿਣ ਅਕਾਂਤ ਅਕੇਲੇ ਰਾਤਰ
ਮਿਲਦੇ ਆਈ॥ ਸਾਹਿਬ ਦਾਸ ਨੰਗਨ ਭੀ ਕੀਤੀ ਸਾਧਨ ਸ਼ਬਦ ਕੁਮਾਈ।
੧੬। ਮਾਤਾ ਜੀ ਦੇ ਸੰਤਾਂ ਨੇ ਦੱਸ ਬਾਣੀ ਕੰਠ ਕਰਾਈ। ਨਾਨਕ
ਸਾਹੀ ਦਮੜਾ ਦੇਕੇ ਗੁਰ ਮੂਰਤਿ ਦਿਖਲਾਈ। ਕੀਤਾ ਬਚਨ ਸੰਤ ਜੀ
ਮਾਤਾ ਇਸਦਾ ਧਰੋ ਧਿਆਨਾ। ਵਾਹਿਗੁਰੂ ਸਿਮਰੋ ਹਰ ਵੇਲੇ ਢਲੀ ਰਾਤ ਇਸਨਾਨਾ
ਬਾਲ ਸਖਾਈ ਸੰਤਾਂ ਕੇਰੇ ਇਕ ਦਿਨ ਮਿਲ ਕਰ ਆਏ। ਬੰਦਨ ਕਰ ਕਰ ਬੈਠੇ
ਸਭ ਹੀ ਬਿਨਤੀ ਕਹੀ ਸੁਣਾਏ। ਕਹੋ ਸੰਤ ਜੀ ਹਰਿ ਸੰਗ ਮੇਲਾ ਕਿਸ ਬਿਧ ਹੋਵਤ
ਛੇਤੀ। ਜਿਮੀਂਦਾਰ ਹਮ ਕਿਰਤੀ ਸਭ ਹੀ ਕਰਨੇ ਵਾਲੇ ਖੇਤੀ॥ ੧੮ ॥ ਸੁਣ ਕਰ
ਸੰਤ ਬਹੁਤ ਹਿਤ ਕਰਕੇ ਬਚਨ ਕਹਤ ਸਮਝਾਏ। ਪਰ ਧਨ ਪਰ ਦਾਰਾ ਪਰ
ਹਰੀਏ ਨਿਕਟ ਬਸਤ ਹਰਿ ਆਇ। ਪਰਕਾ ਬੁਰਾ ਚੀਤ ਨਹਿ ਰਾਖੇ ਤੁਮ ਕਉ
ਦੂਖ ਨ ਹੋਈ। ਕਿਰਤਿ ਕਰੋ ਗੁਰ ਦਸਬੰਧ ਦੇਵੇ ਤਉ ਚਿਤ ਨਿਰਮਲ ਧੋਈ। ੧੯।
ਗੁਰ ਧਾਰੋ ਗੁਰ ਮੰਤਰ ਸਿਮਰੋ ਗੁਰੂ ਨਜ਼ੀਕ ਪਛਾਣੋ। ਜਗਤ ਫਨਾਹ ਜਾਣ ਤਜ

ਹਉਮੈ ਇਸ ਬਿਧ ਹਰਿ ਰੰਗ ਮਾਣੋ । ਘਟਿ ਘਟਿ ਮਹਿ ਹਰਿ ਜੀ ਕਾ ਬਾਸਾ ਆਖਤ ਸੰਤ ਪੁਕਾਰਾ । ਦਮ ਦਮ ਸਿਮਰੇ ਤਹਿ ਮਨ ਮਾਹੀਂ ਭਉ ਨਿਧ ਉਤਰੇਂ ਪਾਰਾ ॥ ੨੦

## [ ਕਬਿੱਤ ]

ਪੈਂਚ ਹਰਨਾਮ ਸਿੰਘ ਚੰਦਾ ਸਿੰਘ ਰਾਮ ਸਿੰਘ ਬਗਾ ਸਿੰਘ ਲਾਲ ਸਖਾ ਖੁਸ਼ੀ ਮਨ ਧਾਰਹੀ। ਫੌਜੀ ਜੋ ਮੁਕੰਦ ਸਿੰਘ ਦੂਸਰੇ ਦਲੇਲ ਸਿੰਘ ਸਾਥ ਹੀ ਨਿਰੈਣ ਸਿੰਘ ਤਨ ਮਨ ਬਾਰਹੀ ॥ ਸਾਥ ਹੀ ਬਦਨ ਸਿੰਘ ਮਿਲਕੇ ਗੁਲਾਬ ਸਿੰਘ ਭਾਈ ਬਖਤੌਰ ਸਿੰਘ ਚਿੱਤ ਕੋ ਸੁਧਾਰਹੀ । ਬਾਲ ਸਖਾ ਮੀਤ ਸਭ ਆਖਤ ਪੁਕਾਰ ਕਰ ਤੁਮਰੇ ਦੀਦਾਰ ਪ੍ਰਭ ਕੋਟ ਪਾਪ ਟਾਰਹੀ। ੨੧

## [ ਦੁਵਯਾ ਛੰਦ ]

ਇਕ ਦਿਨ ਸੰਤ ਸਾਹਿਬਕੀ ਮਾਤਾ ਹਿਤ ਕਰ ਬਾਤ ਚਲਾਈ। ਕਹੁ ਪੁੱਤਰ ਮੋਕੋ ਤਜਕਵਹੀ ਦੂਰ ਕਿਤੇ ਨਹਿ ਜਾਹੀ । ਸੁਣ ਕਰ ਸੰਤ ਹਸੇ ਫਿਰ ਬੋਲੇ ਸੁਣ ਮਾਤਾ ਨਹਿ ਜਾਹੀ । ਜੇ ਤੁਮ ਕਹੋ ਬਿਆਹ ਕਰਾਵੇ ਤਉ ਹਮ ਠਹਰਤ ਨਾਹੀ ॥ ੨੨ । ਮਾਤਾ ਬਚਨ ਕਰੇ ਸੁਣ ਬੇਟਾ ਮੈਂ ਇਵ ਕਦੇ ਨ ਆਖੂੰ ਮੈਨੂੰ ਦਰਸ਼ਨ ਦੀ ਅਭਿਲਾਖਾ ਟਹਿਲ ਕਰੂੰ ਵਿਗ ਰਾਖੂੰ । ਤਿੱਨ ਮਹੀਨੇ ਠਹਿਰ ਸੰਤ ਜੀ ਨਾਨਕ ਸਰ ਦੇ ਤੀਰੇ। ਤਪ ਕੀਤਾ ਹਰਿ ਕਥਾ ਸੁਣਾਈ ਮਾਤਾ ਦੇ ਮਨ ਧੀਰੇ ॥ ੨੩ ਇਕ ਦਿਨ ਮਾਤਾ ਬਚਨ ਭੁਲਕੇ ਇਸਬਿਧ ਬਾਤ ਚਲਾਈ। ਭਲੀ ਬਾਤ ਪੁਤ ਅੰਤਰ-ਸਿੰਘ ਤੂੰ ਲੇਵੇਂ ਬਿਆਹ ਕਰਾਈ। ਨਾਲੇ ਭਜਨ ਕਰੇਂ ਘਰ ਬਾਸੇਂ ਕਿਰਤ ਕਰੇਂ ਘਰ ਕੇਰੀ ॥ ਜੈ ਸਿੰਘ ਤੇਰਾ ਭਾਈ ਛੋਟਾ ਧਿਰ ਹੋਵੇ ਤਿਸ ਤੇਰੀ। ੨੪ । ਸੁਣ ਸੰਤਾਂ ਨੇ ਮਾਤਾ ਜੀ ਨੂੰ ਬਰਤਣ ਸਭੇ ਚਕਾਏ । ਮਾਤਾ ਜੀ ਬਰਤਨ ਘਰ ਲੈਜਾ ਭੇਤ ਨ ਕਹਿਣ ਸੁਣਾਏ। ਮਾਤਾ ਗਈ ਧਰਨ ਘਰ ਬਰਤਣ ਗੁਪਤੀ ਸੰਤ ਪਧਾਰੇ । ਨਗਰ ਕੇਲਿਆਂ ਵਾਲੀ ਪਹੁੰਚੇ ਉਤਰੇ ਬਾਗ ਮਝਾਰੇ ॥ ੨੫ ॥ ਸੁਣੋ ਸਰੋਤਾ ਤਰਫ ਬਠਿੰਡੇ ਨਗਰ ਕੇਲਿਆਂ ਬਾਲੀ । ਏਥੋਂ ਦੇ ਸਰਦਾਰਾਂ ਸੇਵਾ ਸੰਤਾਂ ਦੀ ਬਹੁ ਘਾਲੀ। ਜੇਠ ਅਸਾੜ ਕੁਝਕੁ ਦਿਨ ਸਵਣ ਚੀਮੇ ਨਗਰ ਬਤਾਏ । ਭਾਦੋਂ ਅੱਸੂ ਕੇਲਿਆਂ ਵਾਲੀ ਠਹਿਰ ਹਰੀ ਗੁਣ ਗਾਏ। ੨੬ । ਦੀਪਮਾਲ ਦਾ ਅੰਮ੍ਰਿਤਸਰ ਜੀ ਮੇਲਾ ਨੇੜੇ ਆਯਾ। ਏਥੋਂ ਬਿਨਾ ਖਬਰ ਚੁੱਪਕੀਤੇ ਸੰਤਾਂ ਕੂਚ ਬਜਾਯਾ। ਸਹਿਜੇ ਸਹਿਜੇ ਪੈਦਲ ਤੁਰਦੇ ਕੱਟੂ ਨੱਗਰ ਆਏ । ਏਥੇ ਸਿੰਘ ਮਲਾਪੀ ਫ਼ੌਜੀ ਤਿਸਨੂੰ ਦਰਸ ਦਿਖਾਏ ॥ ੨੭ ॥ ਨਉ ਬਰਿਆਮ ਸਿੰਘ ਤਿਸ ਕੇਰਾ ਕਰ ਦਰਸ਼ਨ ਖੁਸ਼ ਹੋਯਾ । ਆਖਤ ਮੁਹਿ ਦਰਸ਼ਨ ਅਭਿਲਾਖਾ ਪਤਾ ਨ ਤੁਮਰਾ ਕੋਯਾ। ਮਿਲ ਕਰ ਭਏ ਅਨੰਦ ਮਲਾਪੀ ਰਾਤ ਰਹੇ ਜਗ ਸਾਈ । ਦਿਵਸ ਦੂਸਰੇ ਰੁਖਸਦ ਲੈਕਰ ਏਥੋਂ ਕੂਚ ਬਜਾਈ। ੨੮ । ਕਸ਼ ਬਰਿਆਮ ਸਿੰਘ ਨੇ ਘੋੜਾ ਤਿਸ ਪਰ ਸੰਤ ਬਠਾਏ। ਟੇਸ਼ਣ ਪਹੁੰਚ ਸ਼ਹਿਰ ਬਰਨਾਲੇ

ਟੇਲ ਸੁਵਾਰ ਕਰਾਏ। ਕਰ ਬੰਦਨ ਬਰਿਆਮ ਸਿੰਘ ਜੀ ਮੁੜੇ ਰੇਲ ਤੂਰ ਚਾਲੀ। ਸਨੇ ਸਨੇ ਅੰਮ੍ਰਿਤ ਸਰ ਪਹੁਚੇ ਸਰਬ ਜਗਤ ਕੇ ਵਾਲੀ ॥ ੨੯ " ਕਰ ਇਸਨਾਨ ਪਰਸ ਹਰਿ ਮੰਦਰ ਬਾਗਾਂ ਵਿਖੇ ਸਿਧਾਏ ॥ ਦਿਨ ਭਰ ਬਾਹਿਰ ਬਾਗਾਂ ਅੰਦਰ ਬੈਠਣ ਧਯਾਨ ਟਿਕਾਏ। ਰਾਤੂਰ ਬੈਠਣ ਤਾਲ ਕਨਾਰੇ ਸੁਭੇ ਕਰਨ ਇਸਨਾਨਾ ਆਠ ਪਹਿਰ ਸਿਮਰਨ ਗੁਰ ਮੰਤਰ ਪਾਰ ਬ੍ਰਹਮ ਸੰਗ ਧਿਯਾਨਾ ॥ ੩੦ ॥ ਇਤ ਨੇ ਦਿਵਸ ਦੀਵਾਲੀ ਆਯਾ ਸੰਗਤ ਜੁੜੀ ਅਪਾਰੀ॥ ਆਇ ਮਿਲੇ ਸੰਤਾਂ ਦੇ ਸੰਗੀ ਸੇਵਕ ਪੋਠੋਵਾਰੀ। ਕਰ ਕਰ ਬੰਦਨ ਬੈਠ ਅਗੋਰੇ ਬਿਨਤੀ ਕਰੀ ਪੁਕਾਰੇ। ਹਰੀਦੁਆਰ ਕੁੰਭ ਤੇ ਪਾਛੇ ਅਵ ਹੋਏ ਦੀਦਾਰੇ। ੩੧ ॥ ਸਭ ਸੰਗਤ ਮਿਲ ਕਰਤ ਬਿਨੰਤੀ ਹੇ ਸਭਕੇ ਸੁਖਦਾਈ। ਸੰਗਤ ਪਰਤਿ ਕਰੋ ਉਪ ਦੇਸਾ ਕਿਸ ਬਿਧ ਮਿਲੈ ਗੁਸਾਈਂ। ਸੁਣ ਕਰ ਸੰਤਾਂ ਬਚਨ ਸੁਣਾਏ ਸੁਣੋ ਗੁਰੂ ਕੇ ਦਾਸਾ। ਆਪ ਗੁਵਾਵੇ ਤਾਂ ਸਹੁ ਪਾਵੇ ਘਟਿ ਘਟਿ ਸਹੁ ਦਾ ਬਾਸਾ। ੩੨॥ ਹਉ ਹਉ ਮੈ ਮੈ ਬਿਚੋਂ ਖੋਵੈ ਹਰਿਕਾ ਦਰਸ਼ਣ ਪਾਵੈ। ਭਰੀਐ ਮੱਤ ਪਾਪ ਮਲ ਕੇਰੀ ਨਾਮ ਸਬੂਣ ਲਗਾਵੈ। ਸੁਰਿਤ ਸਾਥ ਗੁਰ ਮੰਤ੍ਰ ਸਿਮਹੈ ਹੋਠ ਨ ਜੀਭ ਹਲੋਣੀ। ਸੁਰਤਿ ਸ਼ਬਦ ਭਵਸਾਗਰ ਤਰੀਐ ਗੁਰ ਕੀ ਏਹ ਬਤੋਣੀ ੩੩। ਇਸ ਬਿਧ ਬਚਨ ਅਪਾਰ ਸੁਣਾਏ ਸੰਗਤ ਭਈ ਨਿਹਾਲਾ। ਤਿੰਨ ਦਿਨ ਇਸੇ ਭਾਤ ਜਗ ਸਾਈਂ ਕਰਤ ਬੈਠ ਉਜਿਆਲਾ। ਦੀਪ ਮਾਲ ਅਮ੍ਰਿਤਸਰ ਮੇਲਾ ਭਯਾ ਸਮਾਪਤ ਸੋਈ॥ ਸੰਤਾਂ ਸਾਥ ਲਜਾਵਣ ਖਾਤਰ ਸੰਗਤ ਕਰਤ ਰਜੋਈ ॥ ੩੪।

**ਇਤ ਸਿਰੀ ਸੰਤ ਬਲਾਸ ਗ੍ਰੰਥੇ ਦੂਸਰ ਅਵਸਥੇ ਸੰਤ ਜੀ ਮਾਤਾ ਕੋ ਦਰਸ਼ਣ ਦੇ ਕਰ ਦੀਪ ਮਾਲਾ ਜੋੜ ਮੇਲ ਅਮ੍ਰਿਤਸਰ ਸਾਹਿਬ ਆਇ ਸੰਗਤ ਕੋ ਸਭ ਉਪਦੇਸ ਦੇਵਣ ਪਰਸੰਗ ਬਰਨਨ ਨਾਮ ਸਪਤਵੋ ਧਿਆਇ ॥ ੭**

## ( ਦੋਹਿਰਾ )

ਰਾਵਲਪਿੰਡੀ ਜ਼ਿਲੇ ਦੀ ਸੰਗਤ ਜੁੜੀ ਅਪਾਰ। ਸੰਤਾਂ ਪਹਿ ਬਿਨਤੀ ਕਰੈ ਚਲੋ ਪ੍ਰਭੂ ਪਠੋਵਾਰ ॥ ੧ ।ਸੰਗਤ ਕੀ ਸੁਣ ਬੇਨਤੀ ਬਚਨ ਕਰਤ ਸ੍ਰੀ ਸੰਤ। ਪੰਜੇ ਸਾਹਿਬ ਜਾਤ ਹਮ ਸੁੰਦਰ ਠੌਰ ਅਕੰਤ।੨।

## ( ਦਵਯਾ ਛੰਦ )

ਸੁਣ ਕਰ ਸੰਗਤ ਖੁਸ਼ੀ ਭਈ ਸਭ ਕੀਤੀ ਤੁਰਤ ਤਿਆਰੀ। ਕਰ ਅਰਦਾਸ ਸ੍ਟੇਸ਼ਣ ਪਹੁੰਚੇ ਸਾਥ ਸੰਤ ਅਵਤਾਰੀ। ਏਥੋਂ ਭਏ ਰੇਲ ਅਸਵਾਰਾ ਸੰਤ ਸੁਵਾਰ

ਕਰਾਏ। ਛੇ ਪਾਹਰ ਬਿਚ ਪਹੁੰਚੀ ਗਾਡੀ ਪੰਜੇ ਸਾਹਿਬ ਆਏ । ੩ । ਏਥੇ ਦਰਸ਼ਨ ਪਰਸਨ ਕਰਕੇ ਗੁਪਤੀ ਸੰਤ ਪਧਾਰੇ ॥ ਪਹੁੰਚੇ ਜਾਇ ਹਰੀਪੁਰ ਸ਼ਹਿਰ ਅੰਦਰ ਦੇਸ ਹਜ਼ਾਰੇ । ਬੈਠੇ ਏਕ ਬਾਗ ਬਿਚ ਦ੍ਵਾਰ ਬਾਗ ਮਾਨ ਢਿਗ ਆਯਾ । ਆਏ ਧਰੇ ਫਲ ਮੇਵੇ ਆਗੇ ਚਰਨੀ ਸੀਸ ਨਿਵਾਯਾ। ੪ ॥ ਸ਼ਹਿਰ ਵਿਖੇ ਤਿੰਨ ਖਬਰ ਪੁਚਾਈ ਸੰਗਤ ਜੁੜਕੇ ਆਈ। ਹੁਤੋ ਅਜੀਤ ਸਿੰਘ ਜੀ ਬੇਦੀ ਤਿਸ ਨੇ ਅਰਜ ਸੁਣਾਈ। ਹਮਰੇ ਗ੍ਰਹ ਪਾਵੋ ਪਗਪਾਵਨ ਭੋਜਨ ਛਕੋ ਹਮਾਰਾ। ਕੀਰਤ ਕਰੋ ਦਿਵਾਨ ਸਜਾਵੋ ਦੇਵੋ ਸੁਭ ਦੀਦਾਰਾ। ੫। ਸੁਣ ਕਰ ਬਿਨਤੀ ਬੇਦੀ ਕੇ ਗ੍ਰਿਹਿ ਸੰਤਾਂ ਨੇ ਪਗ ਪਾਏ । ਭੋਜਨ ਛਕ ਫਿਰ ਧਰਮ ਸਾਲ ਬਿਚ ਆਇ ਦੀਵਾਨ ਸਜਾਏ। ਰਾਗੀ ਦੋ ਇਸ ਸ਼ਹਿਰ ਨਿਵਾਸੀ ਚੌਂਕੀ ਤਿਨ ਭੀ ਕੀਤੀ। ਸੰਤਾਂ ਨੇ ਗੁਰ ਬਾਣੀ ਗਾਕੇ ਸੁਭ ਸੀਖਤ ਬਹੁ ਦੀਤੀ। ੬ ਬਹੁਰ ਦੀਵਾਨ ਸਮਾਪਤ ਕਰਕੇ ਬਾਹਰ ਸੰਤ ਪਧਾਰੇ। ਏਥੇ ਹਰਿਓ ਨਦੀ ਬਗਾਂਦੀ ਆਏ ਤਿਸੇ ਕਨਾਰੇ । ਰੁੱਖ ਬਿਰਖ ਉਦਿਆਨੇ ਰਹਿਕੇ ਪਾਰ ਬ੍ਰਹਮ ਲਿਵ ਲੌਂਦੇ। ਆਠ ਪਹਰ ਚੌਸਠ ਹੀ ਘੜੀਆਂ ਕਦੇ ਨ ਪੈਕੇ ਸੌਂਦੇ। ੭। ਰਮਤੇ ਚਲਦੇ ਗਏ ਦੂਰ ਦੂਛ ਗੁਫਾ ਨਦਰ ਇਕ ਆਈ। ਏਥੇ ਰਹਿਤ ਪਰੇਮੀ ਸਾਧੂ ਤਿਨ ਉਠ ਫਤੇ ਬੁਲਾਈ । ਏਥੇ ਸੰਤ ਕਈ ਦਿਨ ਠਹਰੇ ਭੋਜਨ ਸਾਧ ਛਕਾਵੇ ॥ ਦਿਨੇ ਦੁਪਹਿਰੇ ਨਿਕਟ ਗਰਾਮੋ ਭਿੱਛਾ ਜਾਇ ਲਿਆਵੇ। ੮। ਇਕ ਦਿਨ ਏਕ ਨਗਰ ਬਿਚ ਤਿਸ ਨੇ ਸੰਤਾਂ ਦੀ ਸੁਧ ਦੀਨੀ। ਸੁਣ ਸੰਗਤ ਦਰਸ਼ਣ ਹਿ[illegible] ਆਈ ਆਇ ਬੰਦਨਾ ਕੀਨੀ। ਸੰਤਾਂ ਨੇ ਸੁਭ ਸੀਖਤ ਦੀਨੀ ਤਿਨ ਫਿਰ ਅਰਜ ਸੁਣਾਈ ਸਾਨੂੰ ਪਹੁਲ ਛਕਾਵੋ ਹਰਿਜਨ ਗ੍ਰਾਮ ਚਲੋ ਜਗ ਸਾਈਂ। ੯। ਨਦੀ ਕਨ[illegible] ਕਈ ਗਰਾਮੀ ਸੰਤਾਂ ਦਰਸ ਦਿਖਾਏ। ਪੰਜ ਪਿਆਰੇ ਚੁਣਕਰ ਏਥੋਂ ਬਹੁਤੇ ਸਿੰਘ ਸਜਾਏ। ਇਕ ਦਿਨ ਸ਼ਹਿਰ ਐਬਟਾ ਬਾਦੋਂ ਸਿੰਘ ਪਰੇਮੀ ਆਯਾ। ਨਾਮ ਲਖ੍ਮੀ ਸਿੰਘ ਏਸਦਾ ਆ ਕਰ ਸੀਸ ਨਿਵਾਯਾ। ੧੦। ਕਰੀ ਬਿਨਤੀ ਹੇ ਜਗ ਤਾਰਕ ਮੇਰੇ ਗ੍ਰਿਹਿ ਪਗ ਪਾਵੋ। ਸ਼ਹਿਰ ਐਬਟਾਬਾਦ ਚਲੋ ਪ੍ਰਭ ਦਰਸ ਅਮੋਲ ਦਿਖਾਵੋ। ਤਿਸ ਦੀ ਅਰਜ ਮਾਨ ਜਗ ਸਾਈਂ ਤਾਂਗੇ ਬੈਠ ਬਧਾਰੇ। ਸ਼ਹਿਰ ਐਬਟਾਬਾਦ ਪਹੁੰਚੇ ਤਿਸ ਦੇ ਗ੍ਰਿਹਿ ਮਝਾਰੇ ॥ ੧੧। ਕਰ ਦਰਸ਼ਣ ਪਰਵਾਰ ਸੇਠ ਦਾ ਸੰਤਾਂ ਚਰਨੀ ਲਾਗਾ ॥ ਪਲੰਘ ਕੋਠੜੀ ਵਿਖੇ ਬਛਾਯਾ। ਹੁਤੀ ਨ ਕੇਵਲ ਜਾਗਾ। ਰੋਚਾ ਰਾਮ ਬਾਹਰ ਤੋਂ ਆਯਾ ਲਖਮੀ ਸਿੰਘ ਸੁਣਾਵੇ। ਆਏ ਸੰਤ ਪਿਤਾ ਘਰ ਅਪਣੇ ਦਰਸ਼ਣ ਸਾਂਤੀ ਆਵੇ। ੧੨।

ਰੋਚਾ ਰਾਮ ਕਹੇ ਸੁਣ ਪੁੱਤਰ ਮੈ ਇਕ ਸਾਧੂ ਹੇਰਾ॥ ਮੈਨੂੰ ਬਚਨ ਭਵਿਖਤ ਆਖੇ ਨਹਿ ਬੀਤੀ ਕੁਛ ਡੇਰਾ । ਆਖਤ ਬੋਤੇ ਗ੍ਰਿਹਿ ਮਝਾਰੇ ਅਜ ਆਊ ਜਗ ਸਾਂਈ॥ ਅਤਰ ਸਿੰਘ ਹੋਸੀ ਤਿਸ ਨਾਮਾ ਕਹੁ ਪੁਤ ਨਾਮ ਹੁਣਾਈ ॥ ੧੩॥ ਲਖਮੀ ਸਿੰਘ

ਕਹੇ ਨਉ ਏਹੋ ਸਜੇ ਕੋਠੜੀ ਮਾਹੀ ॥ ਜਵੈ ਕੁਵਾੜ ਖੁਲਨ ਤਵ ਦਰਸੋ ਪਹਿਲੋ ਜਾਣਾ ਨਾਹੀ ਰੋਚਾ ਰਾਮ ਕੋਠੜੀ ਆਗੇ ਬੈਠਾ ਦਰਸਣ ਹੇਤਾ। ਤਵੈ ਅਕਾਸੋ ਬਾਂਣੀ ਹੋਈ ਸੁਣੀ ਅਚਾਨ ਅਚੇਤਾ ॥ ੧੪ ॥ ਰੋਚਾ ਰਾਮ ਸੰਤ ਕੀ ਦ੍ਰਿਸਟੀ ਅੰਮ੍ਰਿਤ ਬਰਸ ਅਈ । ਇਨ ਸਤਨ ਹਥ ਅੰਮ੍ਰਿਤ ਬਾਟਾ ਬਹੁਤੇ ਸਿੰਘ ਸਜਾਈ। ਰੋਚਾ ਰਾਮ ਸੁਣੀ ਨਭ ਬਾਣੀ ਦਰਸਣ ਇੱਛਾ ਜਾਗੀ । ਖੋਲ ਕੁਬਾੜ ਦਿਖਾਯੇ ਦਰਸਣ ਦੇਖ ਭਯਾ ਬੈਰਾਗੀ ॥ ੧੫ ॥ ਵਾਹਿ ਵਾਹਿ ਸੰਤਨ ਕਾ ਦਰਸਣ ਸਦ ਮਨਰੰਗੀ ਸੋਭਾ । ਪੇਖਿਓ ਮੋਹਣ ਸਭ ਤੇ ਊਚਾ ਤਉ ਦਰਸਣ ਮਨ ਲੋਭਾ ਰੋਚਾ ਰਾਮ ਸੀਸ ਧਰ ਚਰਨੀ ਗਦ ਗਦ ਬਾਣੀ ਬੋਲਾ। ਬਾਰੀ ਵੈਂਦਾ ਘੋਲੀ ਵੈਂਦਾਂ ਤੂੰ ਪਰਬਤ ਮਮ ਓਹਲਾ ॥ ੧੬ ॥ ਸੰਤਾ ਕੁਸਲ ਪੁਛੀ ਤਿਨ ਅਖੀ ਦਰਸਣ ਕਰ ਮੈ ਰਾਜੀ । ਬਾਜੀ ਗੁਰ ਮਿਲਿਆ ਸੁਖ ਦਾਈ ਜਗਤ ਜਿਸੇ ਦੀ ਬਾਜੀ। ਸੁਣੋ ਸਰੋਤਾ ਸੰਤਾਂ ਏਥੇ ਕੀਰਤ ਗਾਇ ਸੁਣਾਯਾ । ਸ਼ਹਿਰੀ ਤੇ ਮਿਲ ਫੌਜੀ ਸਿੰਘਾਂ ਸਭ ਨੇ ਦਰਸ਼ ਪਾਯਾ । ੧੭। ਦੋ ਦਿਨ ਠਹਿਰੇ ਜਗਤ ਗੁਸਈਂ ਸੰਗਤ ਜੁੜੀ ਅਪਾਰੀ। ਆਏ ਸਿੰਘ ਹਵੇਲੀ ਨਗਰੋਂ ਤਿਨ ਫਿਰ ਅਰਜ ਗੁਜਾਰੀ ॥ ਹੇ ਪ੍ਰਭ ਨਗਰ ਹਵੇਲੀ ਦਰਸ਼ਨ ਸੰਗਤ ਕਉ ਦਖਲਾਵੇ। ਅੰਮ੍ਰਿਤ ਕੇ ਅਭਲਖੀ ਕੇਤੇ ਤਿਨ੍ਹ ਕੋ ਪੌਹਲ ਛਕਾਵੇ । ੧੮। ਸੁਣਕਰ ਸੰਤਾਂ ਕਰੀ ਤਿਆਰੀ ਟਾਂਗੇ ਭਏ ਸੁਵਾਰਾ। ਪਹੁੰਚੇ ਆਇ ਹਵੇਲੀ ਨੱਗਰ ਉਤੱਰੇ ਜਹਿ ਗੁਰਦ੍ਵਾਰਾ । ਦਰਸ਼ਨ ਪਾਵਨ ਸ਼ਹਿਰ ਨਵਾਸੀ ਸੰਗਤ ਮਿਲਕੇ ਆਈ। ਭੇਟ ਚੜ੍ਹਾਵਣ ਸੀਸ ਨਵਾਵਣ ਦੇਵਣ ਗਾਇ ਬਧਾਈ। ੧੯

## ਤ੍ਰਿਭੰਗੀ ਛੰਦ

ਜਨ ਖੇਲ ਨਵੇਲੀ ਪਿੰਡ ਹਵੇਲੀ ਸੰਗਤ ਮੇਲੀ ਦੇ ਦਰਸਾ ॥ ਮਿਲ ਸੰਗਤ ਆਈ ਦੇਤ ਬਧਾਈ ਜਨ ਸੁਖਦਾਈ ਆ ਪਰਸਾ। ਕਰ ਜੋੜਨ ਧੋਏ ਪਾਸ ਖੜੋਏ ਆਖੇ ਜੋਏ ਸੋ ਕਰਸਾ । ਬਹੁਤ ਤਵ ਵਨ ਬਲ ਬਲ ਜਾਵਨ ਦੇਖ ਅਘਾਵਣ ਹੋ ਸਰਸਾ। ੨੦

## ( ਦੁਵਯਾ ਛੰਦ )

ਨਗਰ ਹਵੇਲੀ ਗੁਰੂਦੁਆਰੇ ਸੰਤਾਂ ਸਭਾ ਲਗਾਈ। ਅੰਮ੍ਰਿਤ ਕੇ ਅਭਿਲਾਖੀ ਜੋ ਜੇ ਸਭ ਨੂੰ ਪਹੁਲ ਛਕਾਈ। ਖੰਡੇ ਧਾਰ ਪਹੁਲ ਜਿਨ ਪੀਤੀ ਰਹਤ ਬਤਾਵਣ ਕੀਤੀ। ਬਾਰ ਬਾਰ ਕੀ ਲੋੜ ਲਿਖਣ ਦੀ ਸਭ ਜਾਣਤ ਗੁਰ ਰੀਤੀ । ੨੧। ਲਖਮੀ ਸਿੰਘ ਐਬਟਾਬਾਦੋਂ ਏਥੇ ਆਇ ਪਹੂਚਾ। ਅਖਤ ਹੇ ਪ੍ਰਭ ਦਰਸ਼ਣ ਕੇਰੀ ਸਦਾ ਰਹਿਤ ਮੰਨ ਰੂਚਾ । ਫੇਰ ਚਲੋ ਸਾਡੇ ਗ੍ਰਹਿ ਭੀਤਰ ਇਸ ਬਿਧ ਅਰਜ਼ ਸੁਣਾਈ ॥ ਦੋ ਦਿਨ ਠਹਰ ਹਵੇਲੀ ਨੱਗਰ ਪਰਤਿ ਚਲੇ ਜਗ ਸਾਈਂ । ੨੨ ਆਇ ਐਬਟਾਬਾਦ ਸੰਤ ਜੀ ਕੁਝ ਦਿਨ ਦਰਸ ਦਿਆਯਾ । ਰੋਚਾ ਰਾਮ ਸੰਤ ਹਿਤ ਕਾਰੀ ਤਿਨ ਫਿਰ ਆਖ ਸੁਣਾਯਾ । ਸਾਡਾ ਪੂਰਬ ਨਗਰ ਸੰਤ ਜੀ ਨਾਮ ਖਾਲਸਾ

ਡੇਹਰਾ । ਮੈ ਜਾਊਂ ਪ੍ਰਭ ਸਾਥ ਚਲੋ ਮਮ ਪਾਵੇ ਤਿਸ ਦਿਸ ਫੇਰਾ ॥ ੨੩ । ਤਿਸ ਦੇ ਸਾਥ ਸੰਤ ਜੀ ਪਰਤੇ ਪੰਜੇ ਸਾਹਿਬ ਆਏ । ਈਸ਼ਰ ਸਿੰਘ ਪਾਸ ਆ ਠਹਰੇ ਸੇਵਤ ਸੋ ਮਨ ਲਾਏ । ਰਾਤ ਰਹੇ ਕਰ ਸੁਭੇ ਸਿਨਾਨਾ ਰੇਲ ਭਏ ਅਸਵਾਰਾ ॥ ਮਾਨਕਿ ਆਲੇ ਟੇਸ਼ਣ ਉਤਰੇ ਪੈਦਲ ਚਲੇ ਦਤਾਰਾ । ੨੪ । ਪਹੁੰਚ ਖਾਲਸੇ ਡਿਹਿਰੇ ਨੱਗਰ ਸੰਤਾਂ ਦਰਸ ਦਿਖਾਏ । ਟੇਚਾ ਰਾਮ ਕਹੇ ਮਨ ਬਿਨਤੀ ਮਮ ਸੰਗ ਸੰਤ ਸਿਧਾਏ । ਨਗਰ ਨਿਵਾਸੀ ਮਾਈ ਭ੍ਰਾਈ ਆਏ ਦਰਸ਼ਣ ਹੇਤਾ । ਕੁਸਲ ਅਨੰਦ ਸਰਬ ਦੀ ਪੂਛਤ ਹਰਿਜਨ ਗੁਣੀ ਨਕੇਤਾ ॥ ੨੫ । ਫੂਲਹਾਰ ਸੰਤਾਂ ਗਲ਼ ਪਾਵਣ ਚਰਨੀ ਸੀਸ ਨਿਵਾਂਦੇ । ਬੈਠੇ ਸੰਤ ਪਲੰਘ ਦੇ ਊਪਰ ਸੁਭ ਸੀਖਤ ਬਤਲਾਂਦੇ । ਦਰਸ਼ਣ ਦੇਹ ਬੈਠ ਕੁਝ ਡੇਰੀ ਸੰਤ ਨਦੀ ਤਟ ਆਏ ॥ ਪਾਰ ਬ੍ਰਹਮ ਸੰਗ ਡੋਰੀ ਲਾਗੀ ਰਾਤਰ ਗਈ ਬਿਹਾਏ । ੨੬ । ਅੰਮ੍ਰਿਤ ਵੇਲੇ ਕਰ ਇਸਨਾਨਾ ਗੁਪਤੀ ਚਾਲੇ ਪਾਏ । ਰਾਮ ਸਿੰਘ ਜੀ ਜਾਦ ਕਰੇਂਦੇ ਸੰਤਾਂ ਨੂੰ ਹਿਤ ਲਾਏ । ਜਿਵ ਧਾਂਤੂ ਸੰਗ ਧਾਤੂ ਮਿਲਦੀ ਤਿਉਂ ਲਿਵ ਲਿਵ ਕਉ ਧਾਵੇ ॥ ਜੇਕੇ ਯਾਦ ਕਿਸ ਨੂੰ ਕਰਦਾ ਸੋ ਤਿਸ ਦੇ ਚਿਤ ਆਵੇ । ੨੭ ।

## ( ਬੈਂਤ )

ਕਈ ਨਗਰਾਂ ਜੰਗਲਾਂ ਵਿਚ ਸ਼ਹਿਰਾਂ ਕਦੇ ਠਹਿਰ ਜਾਂਦੇ ਗੁਰਦੁਆਰ ਸਿੰਘੋ ।
ਦਰਸ਼ਨ ਪਾਇ ਚੁਪਾਕ੍ਰੇ ਅੰਮਰਾਲੇ ਆਦਕ ਸਿਆਲਕੋਟ ਪਹੁੰਚੇ ਕਰਨ ਹਾਰ ਸਿੰਘੋ
ਰਾਮ ਸਿੰਘ ਥਮਾਲੀਏ ਪਾਸ ਆਏ ਮਿਲੇ ਬਹੁਤ ਹੀ ਨਾਲ ਪਿਆਰ ਸਿੰਘੋ ॥
ਦਰਸ਼ਣ ਪਾਇ ਹੋਏ ਬਾਗ ਬਾਗ ਦੋਵੇਂ ਮਿਲੇ ਚਿਰਾਂ ਦੇ ਬਿਛੜੇ ਯਾਰ ਸਿੰਘੋ ॥
ਰਾਮ ਸਿੰਘ ਆਖੇ ਬੜੀ ਡੇਰ ਲਾਈ ਕੀਤਾ ਮੁੜਨ ਦਾ ਛੇਤੀ ਇਕਰਾਰ ਸਿੰਘੋ ॥
ਸੰਤ ਆਖਦੇ ਅਸੀ ਕਸਮੀਰ ਹੋਕੇ ਮੇਲਾ ਦੇਖਿਆ ਹਰੀ ਦੁਆਰ ਸਿੰਘੋ । ੨੮ ॥

## ਦੁਵਯਾ ਛੰਦ

ਸੰਤਾਂ ਨੇ ਸਭ ਕਹੇ ਬਤਾਵਨ ਜਹਿ ਜਹਿ ਦਿਵਸ ਗੁਜਾਰੇ । ਰਾਮ ਸਿੰਘ ਫਿਰ ਹਿਤ ਕਰ ਆਖੇ ਅਵ ਨਹਿ ਹੋਵਹੁ ਨਿਆਰੇ । ਬਚਨ ਪਿਆਰੇ ਰਾਮ ਸਿੰਘ ਦੇ ਸੰਤ ਟਿਕੇ ਇਸ ਪਾਸਾ । ਏਥੇ ਆਖ ਗੁਫਾ ਬਣਵਾਈ ਕਰਨ ਸਬਦ ਅਭਿਆਸਾ । ੨੯ । ਇਕ ਦਿਨ ਰਾਮ ਸਿੰਘ ਦੇ ਪਾਸੇ ਸੰਤਾਂ ਬਚਨ ਚਲਾਇ । ਸਾਡਾ ਚਿਤ ਚਾਹਿਤ ਤਪ ਕਰੀਏ ਗਹਰੇ ਜੰਗਲ ਜਾਏ । ਰਾਮ ਸਿੰਘ ਆਖਤ ਹੇ ਸੰਤੋ ਜਗਾ ਹੋਰ ਇਕ ਸਾਡੀ । ਸੋ ਭੀ ਦੇਖ ਲਵੋ ਸੰਗ ਚਾਲੋ ਜੇਕਰ ਰੁਚੀ ਤੁਹਾਡੀ ॥ ੩੦ ॥ ਆਖਤ ਸੰਤ ਚਲਾਂਗੇ ਭਾਈ ਚੇਤ ਮਹੀਨਾ ਆਵੇ ॥ ਦੇਖ ਲਵਾਂਗੇ ਜਗਾ ਤੁਹਾਡੀ ਜੋ ਸਾਡੇ ਮਨ ਭਾਵੇ । ਏਥੇ ਏਕ ਸਰੋਵਰ ਦੰਗਾ ਨਾਨਕ ਸਰ ਤਿਸ ਨਾਮਾ । ਏਸ ਕਨਾਰੇ ਰਾਤੀ ਬੈਠਣ ਬਹੁਤ ਚਿਤ ਉਪਰਾਮਾ ॥

Sri Satguru Jagjit Singh Ji eLibrary NamdhariElibrary@gmail.com

੩੧ । ਇਸ ਬਿਧ ਮਾਘ ਫੱਗਣ ਦੁਇ ਮਾਸਾ ਏਥੇ ਸਿਮਰਨ ਕੀਤਾ । ਡੋਰੀ ਪਾਰ ਬ੍ਰਹਮ ਸੰਗ ਲਾਗੀ ਨਿਮਖ ਨ ਫੇਰਤ ਚੀਤਾ॥ ਚੇਤ ਮਹੀਨੇ ਰਾਮ ਸਿੰਘ ਨੂੰ ਸੰਤਾਂ ਆਖ ਸੁਣਾਈ। ਚਲ ਭਾਈ ਜੋ ਜਗਾ ਤੁਹਾਡੀ ਸੋ ਭੀ ਦੇਹ ਦਖਾਈ। ੩੨ ਸੁਣ ਕਰ ਰਾਮ ਸਿੰਘ ਜੀ ਬੋਲੇ ਜਨਮ ਨਗਰ ਜੋ ਮੇਰਾ । ਪੋਠੋਵਾਰ ਬਮਾਲੀ ਨਗਰ ਬਾਹਰ ਮੇਰਾ ਡੇਰਾ। ਜਲ ਭੀ ਤਿਸ ਦੇ ਲਾਗੇ ਬਗਦਾ ਬਾਗ ਕਨਾਰੇ ਲਾਯਾ ॥ ਏਕ ਜੁਬਾਹਰ ਸਿੰਘ ਪਰੇਮੀ ਸੇਵਕ ਤਹਾ ਬਠਾਯਾ । ੩੩ । ਚਲੋ ਸੰਤ ਜੀ ਤਿਸ ਅਸਥਾਨੇ ਬੈਠੇ ਨਾਮ ਧਿਆਵੇ । ਸੁਭੇ ਰੇਲ ਚੜ੍ਹ ਚਲੋ ਹਰੀਜਨ ਦਰਸ ਅਮੋਲ ਦਿਖਾਵੇ । ਕਰ ਮਸਲਤ ਰਾਤੀ ਬਸਰਾਮੇ ਸੁਭੇ ਰੇਲ ਚੜ੍ਹ ਚਾਲੇ। ਅੰਮ੍ਰਿਤ ਬੇਲੇ ਪਹੁੰਚੀ ਗਾਡੀ ਟੇਸ਼ਣ ਮਾਨ ਕਆਲੇ। ੩੪। ਏਥੋਂ ਉਤਰ ਬੈਠ ਬਿੱਚ ਟਾਂਗੇ ਕੱਲਰ ਨਗਰ ਆਏ। ਏਥੇਨਦੀਕਨਾਰੇ ਸੰਤਾਂ ਬਾਹਰ ਡੇਰੇ ਲਾਏ। ਰਾਮ ਸਿੰਘ ਨੂੰ ਆਖ ਸੁਣਾਈ ਤੂੰ ਚਲ ਅਪਣੇ ਡੇਰੇ । ਕੁਝਦਿਨ ਅਸੀਂ ਠਹਿਰ ਕਰ ਏਥੇ ਫਿਰ ਪਾਵਾਂਗੇ ਫੇਰੇ । ਚਾਰ ਕੋਸ ਪਰ ਨਗਰ ਬਮਲੀ ਰਾਮ ਸਿੰਘ ਤਹਿ ਆਯਾ। ਸੰਤਾਂ ਕਲਰੋਂ ਚੜ੍ਹਦੇ ਪਾਸੇ ਬਾਹਰ ਆਸਣ ਲਾਯਾ ॥ ਨਦੀ ਕਨਾਰਾ ਬਿਰਛ ਘਨੇਰੇ ਬੈਠੇ ਸੰਤ ਅਕੇਲੇ ॥ ਪਾਰਬ੍ਰਹਮ ਦਾ ਧਰਨ ਧਿਆਨਾ ਨਾਮ ਜਪਣ ਹਰਿ ਵੇਲੇ ॥

**ਇਤ ਸਿਰੀ ਸੰਤ ਬਲਾਸ ਗ੍ਰੰਥੇ ਦੂਸਰ ਅਵਸਥੇ ਦੋ ਮਹੀਨੇ ਸ਼ਹਿਰ ਸਿਆਲਕੋਟ ਤਪ ਕਰਕੇ ਪੋਠੋਵਾਰ ਕੱਲਰ ਨਗਰ ਨਦੀ ਕਨਾਰੇ ਆਵਨ ਪ੍ਰਸੰਗ ਬਰਨਨ ਨਾਮ ਅਸਟਵੋਂ ਧਿਆਇ। ੮ । ਸੰਮਤ ੧੯੪੯ ਬਿਕ੍ਰਮੀ ਸ਼ੁਰੂ ਭਯਾ ਸੰਤ ਸਾਹਿਬ ਕੀ ਆਯੂ ਕਾ ਸਤਾਈ-ਸਵੋਂ ਸਾਲ ਸ਼ੁਰੂ ਭਯਾ। ਦੋਹਿਰਾ।**

ਚੇਤ ਸੁਦੀ ਤਿਥ ਏਕਮੀ ਕੱਲਰ ਪਹੁੰਚੇ ਸੰਤ । ਨਦੀ ਕਨਾਰੇ ਬੈਠਕੇ ਸਿਮਰਨ ਕਰਨ ਅਕੰਤ । ੧ ॥

## ਦੂਵਜਾ ਛੰਦ

ਬੈਠੇ ਰਹਿਣ ਨਦੀ ਤਟ ਉਪਰ ਫਲ ਫੂਲ ਆਦਿਕ ਖਾਂਦੇ । ਰਾਤ ਦਿਨੇ ਸਿਮਰਨ ਹੀ ਕਰਦੇ ਨਗਰ ਸ਼ਹਿਰ ਨਾ ਜਾਂਦੇ ॥ ਇਕ ਦਿਨ ਕਲੱਰ ਨਗਰ ਤੋਂ ਆਯਾ ਫੂਲਾ-ਸਿੰਘ ਪਰੇਮੀ ॥ ਕਰ ਬੰਦਨ ਸੰਤਾਂ ਦੇ ਆਗੇ ਬੋਲਾ ਸਹਿਤ ਹਲੇਮੀ। ੨। ਨਗਰ ਵਿਖੇ ਘਰ ਮੇਰੇ ਚਾਲੋ ਭੋਜਨ ਛਕੋ ਹਮਾਰਾ । ਰਾਤ ਹਮੇਸ ਕਰੋ ਬਿਸਰਾਮਾ ਮਮ ਘਰ ਏਕ ਚੁਬਾਰਾ। ਤਿਸਦੀ ਦਿਲੋਂ ਭਾਵਨਾ ਦੇਖੀ ਸੰਤਾਂ ਨੇ ਮੰਨ ਲੀਤੀ। ਰਾਤਰ ਤਿਸ ਘਰ ਆਇ ਬਰਾਜਨ ਤਿਨ ਬਹੁ ਸੇਵਾ ਕੀਤੀ। ੩ । ਕੁਝ ਦਿਨ ਬੀਤ ਗਏ ਇਸ

ਭਾਂਤੀ ਰਾਮ ਸਿੰਘ ਫਿਰ ਆਯਾ । ਫਤੇ ਬੁਲਾਇ ਖਲੋਕਰ ਆਤੋ ਮੁਖ ਤੇ ਆਖ ਸੁਣਾਯਾ ਹਰਿਜਨ ਚਲੋ ਬਮਾਲੀ ਨੱਗਰ ਦੇਖੋ ਠਉਰ ਹਮਾਰੀ ॥ ਓਥੇ ਬੈਠ ਸਾਧਨਾ ਸਾਧੋ ਸੁੰਦਰ ਜਗਾ ਨਿਆਰੀ। ੪ । ਦੇਖ ਪਰੇਮ ਸੰਤ ਜੀ ਬੋਲੇ ਸਾਚ ਪਰੀਤੀ ਜੋੜੀ। ਰਾਮ ਸਿੰਘ ਤੁਮ ਪਰਮ ਸਨੇਹੀ ਪਰੀਤ ਨਾ ਤੁਟਦੀ ਤੋੜੀ। ਖੁਸ਼ ਹੋ ਚਲੇ ਰਾਮ ਸਿੰਘ ਨਾਲੇ ਨਗਰ ਬਮਾਲੀ ਆਏ। ਡੇਰਾ ਨਗਰੋਂ ਫਰਕ ਬਗੀਚਾ ਪਲੰਗ ਬਛਾਏ ਬਠਾ-ਏ। ੫ ਸੁਣ ਸੁਣ ਨਗਰ ਨਵਾਸੀ ਸਭ ਹੀ ਆਏ ਦਰਸ਼ਨ ਹੇਤਾ। ਕੁਸਲ ਅਨੰਦ ਸਰਬ ਦੀ ਪੂਛਤ ਹਰਿਜਨ ਗੁਨੀ ਨਕੇਤਾ। ਦਰਸ਼ਣ ਦੇਖ ਅਨੰਦ ਭਏ ਸਭ ਦਿਲ ਕੋ ਸਾਂਤੀ ਆਈ। ਰਾਮ ਸਿੰਘ ਸਭ ਨੂੰ ਸਮਝਾਵੇ ਸੁਣਿਓ ਮਾਈ ਭਾਈ। ੬ ਬਡੇ ਭਾਗ ਇਸ ਨਗਰੀ ਕੇਰੇ ਸੰਤਾਂ ਦਰਸ ਦਖਾਏ। ਅਸੀਂ ਬੇਨਤੀ ਕਰ ਕਰ ਬਹੁਤੀ ਸੰਤਾਂ ਨੂੰ ਲੈ ਆਏ। ਸੁਨੋ ਸਰੋਤਾ ਕਵ ਜਨ ਆਖਤ ਨਗਰ ਬਮਾਲੀ ਚੰਗਾ। 'ਸਿੰਘ ਪਰੇਮੀ ਬਸਦੇ ਏਥੇ ਗੁਣੀ ਲੋਕ ਸਤਿ ਸੰਗਾ ॥ ੭। ਨਲੂਏ ਹਰੀ ਸਿੰਘ ਦੇ ਸਹੁਰੇ ਏਸੇ ਨੱਗਰ ਮਾਹੀਂ। ਤਿਸ ਨੇ ਬਹੁਤ ਜਮੀਨ ਲਗਾਈ ਕਮੀ ਰਹੇ ਕੁਛ ਨਾਹੀਂ। ਏਥੇ ਠਹਿਰ ਸੰਤ ਜੀ ਕੁਝ ਦਿਨ ਹਰਿ ਸਿਮਰਨ ਰੰਗ ਮਾਣਾ। ਬਚਨ ਕਰੇ ਦੇ ਰਾਮ ਸਿੰਘ ਨੂੰ ਸੰਤਾਂ ਆਖ ਬਖਾਣਾ ॥ ੮ ॥ ਬਹੁਤ ਅਕਾਂਤ ਜਗਾ ਜਹਿ ਹੋਵੇ ਤਪ ਕਰੀਏ ਬਹੁ ਭਾਰੀ। ਹਰਦਮ ਪਾਰਬ੍ਰਹਿਮ ਸੰਗ ਡੋਰੀ ਲਾਗੀ ਰਹੇ ਹਮਾਰੀ। ਰਾਮ ਸਿੰਘ ਆਖਤ ਇਕ ਡੇਰਾ ਹੋਰ ਨਜੀਕ ਹਮਾਰਾ। ਦੋਇ ਕੋਸ ਪਰ ਨਗਰ ਕਨੋਆ ਸੋ ਦੇਖੋ ਦਾਤਾਰਾ। ੯

ਗੋਚਰਵ ਕਰਾਕੇ ਅਉਣਾ ਤੇ ਹਜੂਰ ਸਾਹਿਬ ਰਿਖੀਕੇਸ ਦਾ ਤਪ ਕਰਨਾ ਏਹ ਪ੍ਰਸੰਗ ਗਿਯਾਨੀ ਪਰੇਮ ਸਿੰ[illegible] ਕਨੋਆ ਨਵਾਸੀ ਨੇ ਸੰਤਾਂ ਤੋਂ ਸਰਵਣ ਕੀਤਾ ਹੋਆ ਲਿਖਾਯਾ ਹੈ

ਸੁਣ ਕਰ ਸੰਤਾਂ ਇਸ ਬਿਧ ਆਖੀ ਚਲ ਦਿਖਾਵੋ ਸੋਈ। ਹੋਇ ਤਿਆਰ ਕਨੋਏ ਆਏ ਸੰਤ ਹਰੀ ਜਨ ਦੋਈ। ਏਥੇ ਡੇਰਾ ਨਗਰ ਨਜੀਕੇ ਸੋਮਾ ਜਲ ਦਾ ਨੇਰੇ। ਸੰਤਾਂ ਨੇ ਸਭ ਧਰਤੀ ਦੇਖੀ ਫਿਰ ਕਰ ਨਗਰ ਚਫੇਰੇ। ੧੦। ਕਲਰੇ ਸੜਕ ਅਾ ਇਕੋ ਜਾਂਦੀ ਨਗਰ ਖਾਲਸੇ ਚੋਏ। ਇਸਦੇ ਔਰ ਕਨੋਏ ਦੇ ਮਧ ਸੰਘਣੇ ਬਿਰਛ ਖਲੋਏ। ਨੀਵੀਂ ਠੌਰ ਬਿਰਛ ਬਿਚ ਡਾਢੇ ਦੇਖ ਸੰਤ ਜੀ ਬੋਲੇ। ਏਥੇ ਬੈਠ ਤਪੱਸਿਆ ਕਰੀਏ ਮਿਲਗਏ ਥਾਨ ਅਮੋਲੇ ੧੧। ਫਿਰ ਤੁਰ ਬਾਹਰ ਡੇਰੇ ਆਏ ਛਕ ਭੋਜਨ ਬਿਸਰਾਮੇ॥ ਢਲੇ ਦਿਵਸ ਜਾਗੇ ਇਸਨਾਨੇ ਦਿਨ ਦੇ ਤੀਸਰ ਜਾਮੇ। ਨਗਰ ਕਨੋਆ ਛੋਟਾ ਜੇਹਾ ਜਿਮੀਦਾਰ ਬਸਨੀਕਾ। ਖੇਤੀ ਕਿਰਤ ਧਰਮ ਦੀ ਕਰਦੇ ਇਵ ਹੋਵਤ ਅਵਜੀਕਾ । ੧੨ ॥ ਏਸੇ ਨਗਰ ਬਜੀਰ ਸਿੰਘ ਤੇ ਭਾਗਭਰੀ ਅਰਧੰਗੀ। ਕਿਰਤ ਕੁਮਾਇ ਛਕਣ ਬਰਤਾਕੇ ਹਰਿ ਸੰਗ ਪ੍ਰੀਤੀ ਚੰਗੀ॥ ਇਹ ਸੰਤਾਂ ਦੇ ਦਰਸ਼ਣ ਪਾਵਣ ਨਿਤਾ ਪਰਤ ਹੀ ਔਂਦੇ। ਦੂਧ ਦਹੀ ਆਦਕ ਦੇ ਜਾਂਦੇ ਬਹੁ ਬਿਧ ਟਹਿਲ ਕਮੌਂਦੇ ॥ ੧੩ ॥ ਲੜਕਾ ਭਾਗ ਭਰੀ ਦਾ ਇਕ ਦਿਨ ਭਯਾ ਬਿਮਾਰ ਘਨੇਰਾ॥ ਤਿਸਨੇ ਪਤੀ ਬਜੀਰ ਸਿੰਘ ਨੂੰ ਇਸ ਬਿਧ ਆਖ ਪਰੇਰਾ ॥

Sri Satguru Jagjit Singh Ji eLibrary NamdhariElibrary@gmail.com

ਪਾਠ ਅਖੰਡ ਕਰਾਕੇ ਆਪਾਂ ਭੋਗ ਪਾਵਣਾ ਕਰੀਏ । ਤਪੀਏ ਸੰਤ ਹੋਣ ਜੇ ਪਾਠੀ
ਪਾਠ ਤਿਨਾ ਪੁਛ ਧਰੀਏ । ੧੪ । ਕਹਿਤ ਬਜੀਰ ਸਿੰਘ ਅਰਧੰਗੀ ਸੰਤ ਬੋਲਦੇ
ਨਾਹੀ । ਹਰਿ ਦਮ ਸਿਮਰਨ ਕਰਨ ਅਕੇਲੇ ਕਿਵੇਂ ਮਨਾਵਤ ਤਾਹੀ । ਭਾਗ ਭਰੀ
ਆਖਤ ਹੇ ਸ੍ਵਾਮੀ ਰਾਮ ਸਿੰਘ ਪਹਿ ਜਾਵੇ ॥ ਤਿਸਨੂੰ ਆਖ ਲਜਾਵੇ ਸਾਥੇ ਸੰਤਾਂ ਜਾਇ
ਮਨਾਵੇ ॥ ੧੫ ॥ ਸੁਣ ਕਰ ਤੁਰਤ ਬਜੀਰ ਸਿੰਘ ਜੀ ਰਾਮ ਸਿੰਘ ਪਹਿ ਆਯਾ ।
ਪਾਠ ਅਖੰਡ ਕਰਾਵਣ ਦਾ ਬਰਤੰਤ ਸਭੋ ਸਮਝਾਯਾ । ਥੋੜੇ ਸਾਥ ਸੰਤ ਜੋ ਅਏ ਮਹਾਂ
ਤਪੀਸਰ ਭਾਰੇ । ਪਾਠ ਅਰੰਭ ਕਰਨ ਸੇ ਪਹਿਲੇ ਇਹ ਮਨ ਰੁਚੀ ਹਮਾਰੇ । ੧੬ । ਸੁਣ
ਕਰ ਰਾਮ ਸਿੰਘ ਜੀ ਬੋਲੇ ਕਰੋ ਤਿਆਰੀ ਭਾਈ । ਪਾਠ ਅਰੰਭ ਕਰਨ ਹਿਤ
ਸੰਤਾਂ ਲੈਸਾਂ ਅਸੀਂ ਮਨਾਈ । ਆਇ ਬਜੀਰ ਸਿੰਘ ਨੇ ਸੀਘਰ ਕੀਤੀ ਸਭੋ ਤਿਆਰੀ ।
ਦਿਵਸ ਦੂਸਰੇ ਪਾਠ ਧਰਨ ਹਿਤ ਬਿਨਤੀ ਆਇ ਪੁਕਾਰੀ ॥ ੧੭ ॥ ਰਾਮ ਸਿੰਘ ਸੁਣ
ਕਰ ਸਮਝ ਵਤ ਸੰਤਾਂ ਦੇ ਪਹਿ ਜਾਣਾ । ਏਕ ਬਾਰ ਬਿਨਤੀ ਕਰ ਕਹਿਣਾ ਬਹੁਤਾ
ਨਹੀ ਬੁਲਾਣਾ । ਬੈਠੇ ਬਾਹਿਰ ਸੰਤ ਅਕੇਲੇ ਜੁੜੀ ਸੁਮਾਧ ਅਡੋਲਾ ॥ ਮਸਤਕ ਟੇਕ
ਬਜੀਰ ਸਿੰਘ ਜੀ ਹਾਥ ਜੋੜਕੇ ਬੋਲਾ ॥ ੧੮ ॥ ਪਾਠ ਅਖੰਡ ਅਰੰਭ ਕਰਾਣਾ ਹਰਿ
ਜਨ ਦਰਸਨ ਦੇਵੇ । ਸਾਡੀ ਮਨੋ ਕਾਮਨਾ ਪੂਰੋ ਪਾਠ ਆਪ ਧਰ ਦੇਵੋ । ਸੁਣ ਕਰ ਸੰਤ
ਨਹੀ ਕਛ ਬੋਲੇ ਉਠ ਕਰ ਸਾਥ ਸਧਾਏ । ਪਾਠ ਅਰੰਭ ਕਰਨ ਹਿਤ ਹਰਿ ਜਨ ਗੁਰੂ
ਦੁਆਰੇ ਆਇ । ੧੯ ॥ ਆਗੇ ਸਭੋ ਤਿਆਰੀ ਹੈਸੀ ਬੈਠੇ ਸੀਸ ਨਿਵਾਕੇ ॥ ਭਏ
ਤਿਆਰ ਪਾਠ ਧਰਨੇ ਹਿਤ ਦੇਗ ਪਾਸ ਮੰਗਵਾਕੇ । ਜਿਨ ਜਿਨ ਖਬਰ ਸੁਣੀ ਜਨ
ਤਪੀਏ ਪਾਠ ਕਰਨਗੇ ਭਾਈ । ਪਾਠ ਸੁਣਨ ਹਿਤ ਸੰਗਤ ਬਹੁਤੀ ਭਈ ਇਕੱਤਰ
ਆਈ ॥ ੨੦ । ਕਰ ਅਰਦਾਸਾ ਵਾਕ ਸੁਣਾਕੇ ਸੰਤਾਂ ਪਾਠ ਚਲਾਯਾ । ਊਚੀ ਵਾਜ
ਸੁਰੀਲੀ ਸੁੰਦਰ ਅੰਮ੍ਰਿਤ ਹੀ ਬਰਸਾਯਾ । ਸੁਣ ਸੁਣ ਭਏ ਅਨੰਦ ਸਰੋਤੇ ਭੁਲਗੀ ਮੇਰੀ
ਤੇਰੀ । ਬਰਤੀ ਦੇਗ ਗਈ ਕੁਝ ਸੰਗਤ ਬੈਠੀ ਪਾਸ ਘਨੇਰੀ ॥ ੨੧ । ਦਿਨ ਦੇ
ਦਸਕ ਬਜੇ ਦੇ ਵੇਲੇ ਪਾਠ ਸ਼ੁਰੂ ਸੀ ਕੀਤਾ । ਦੋ ਘੰਟੇ ਪਾਛੇ ਬਦਲਨ ਕੀ ਪਾਠਕ
ਜਨ ਕੀ ਰੀਤਾ । ਬਾਰਾਂ ਬਜੇ ਦੂਸਰਾ ਪਾਠੀ ਕਰ ਇਸਨਾਨਾ ਆਯਾ । ਸੰਤਾਂ ਨੂੰ
ਬਦਲਨ ਹਿਤ ਆਖਤ ਨਹਿ ਬਦਲੇ ਜੱਗ ਰਾਯਾ ॥ ੨੨ । ਇਕ ਰਸ ਪਾਠ ਕਰ-
ਦਿਆਂ ਤਾਈਂ ਚਾਰ ਬਜੇ ਦਿਨ ਕਰੇ । ਰਾਮ ਸਿੰਘ ਨੇ ਕਰ ਕਰ ਬਿਨਤੀ ਕਹ ਕਹ ਸੰਤ
ਪਰੇਰੇ ॥ ਉਠੋ ਸੰਤ ਜੀ ਡੇਰ ਭਈ ਅਬ ਛਕੋ ਦੂਧ ਸਰਦਾਈ । ਬਿਨਤੀ ਮਾਨ ਉਠੇ
ਜਗਦਾਤਾ ਛਕਿਆ ਦੂਧ ਮਗਾਈ ॥ ੨੩ । ਘੜੀ ਕ ਬਾਹਰ ਫਿਰ ਤੁਰ ਆਏ
ਫ਼ੇਰ ਪਾਠ ਲੈ ਲੀਤਾ । ਸਾਰੀ ਰਾਤ ਸਰੀਲੀ ਸੁਰ ਭਰ ਪਾਠ ਸੰਤ ਜੀ ਕੀਤਾ ॥
ਮਾਈ ਭਾਈ ਜੁੜੇ ਘਨੇਰੇ ਸੁਣਦੇ ਰਹੇ ਸਰੋਤੇ । ਹਾਲੀ ਲੋਕ ਉਠੇ ਮਜਬੂਰਨ ਜਾਇ
ਤਿਨਾ ਹਲ ਜੋਤੇ । ੨੪ । ਛੇ ਬਜਿਓ ਦਿਨ ਚੜ੍ਹਦੇ ਵੇਲੇ ਸੰਤਾਂ ਤਾਲ ਬਜਾਏ ।
ਸੁਣ ਕਰ ਬਦਲੀ ਕਰੀ ਪਾਠੀਆਂ ਬਾਹਰ ਸੰਤ ਸਧਾਏ । ਸੌਚ ਸਨਾਨ ਸੋਧ ਕਰ

ਆਏ ਪਾਠ ਕਰਨ ਫਿਰ ਲਾਗੇ। ਇਕ ਰਸ ਪਾਠ ਸੁਰੀਲੀ ਸੁਰ ਬਿਚ ਕੀਤਾ ਅਨ ਦਿਨ ਜਾਗੇ ॥ ੨੫ ॥ ਦਿਨ ਦੇ ਚਾਰ ੨ਜੇ ਫਿਰ ਬਦਲੇ ਦੀਨੀਂ ਦੂਧ ਛਕਾਈ ਫਿਰ ਤੁਰ ਬਹੁਰ ਪਾਠ ਪੁਰ ਬੈਠੇ ਜਾਗਤ ਰੈਣ ਬਿਹਾਈ। ਸੁਣ ਸੁਣ ਸਭ ਹੀ ਕਹਿਣ ਸਰੋਤੇ ਹਰਿਜਨ ਹਰਿਕੇ ਪੂਤੇ। ਗੁਰੂ ਗ੍ਰੰਥ ਵਿਖੇ ਰੁਰ ਆਖਤ ਜਾਗਤ ਕਬਹੂ ਨ ਸੂਤੇ। ੨੬। ਮਾਈ ਭਾਗਭਰੀ ਨੇ ਕਹਿ ਕਹਿ ਸਹਿਜੇ ਪਾਠ ਕਰਾਯਾ ॥ ਤੀਜੇ ਦਿਨ ਛੇ ਬਜੇ ਸੁਵੇਰੇ ਭੋਗ ਸੰਤ ਜੀ ਪਾਯਾ। ਬਰਤੀ ਦੇਗ ਗਈ ਸਭ ਸੰਗਤ ਆਖਤ ਮਾਈ ਭਾਈ। ਊਚੀ ਸੁਰ ਸੰਤਾਂ ਦੀ ਇਕਰਸ ਦਵੀ ਨ ਛਿਨ ਭਰ ਭਾਈ ॥ ੨੭ ॥ ਭੋਗ ਪਏ ਤੋਂ ਰਾਮ ਸਿੰਘ ਜੀ ਨਗਰ ਬਮਾਲੀ ਆਏ। ਇਕ ਦੋ ਦਿਨ ਸੰਤਾਂ ਨੇ ਪਾਛੇ ਇਸ ਗੁਰਦ੍ਵਾਰ ਬਿਤਾਏ। ਦਿਨ ਭਰ ਬਾਹਰ ਰਹਿਣ ਅਕੇਲੇ ਰਾਤ ਰਹਿਣ ਗੁਰ-ਦ੍ਵਾਰੇ ॥ ਭੋਜਨ ਦੂਧ ਬਜੀਰ ਸਿੰਘ ਜੀ ਦੇ ਜਾਵਤ ਹਿਤ ਧਾਰੇ। ੨੮। ਏਥੇ ਬਾਹਰ ਨਗਰ ਨਜੀਕੇ ਬਿਰਛ ਫਲਾਹੀ ਕੇਰੇ ॥ ਘਣੇ ਸੰਘਣੇ ਦੇਖ ਸੰਤ ਜੀ ਏਥੇ ਲਾਏ ਡੇਰੇ। ਏਥੇ ਸਰਪ ਰਹੇ ਇਕ ਭਾਰੀ ਪਹਿਲੇ ਤਿਸਦੀ ਦੇਹੀ। ਇਸ ਦਿਸ ਡਰਦਾ ਕੋਇ ਨਾ ਜਾਵੇ ਨਿਰਜਨ ਬਨ ਥੀ ਰੋਹੀ। ੨੯। ਕੌਣ ਲਖੇ ਗਤ ਰਾਵਰ ਕੇਰੀ ਸੇਸਨਾਗ ਸੋ ਆਯਾ। ਪਹਿਰੇਦਾਰ ਸੰਤ ਜੀ ਅਪਣਾ ਪਹਿਲੇ ਆਖ ਪਠਾਯਾ। ਪੰਜ ਦਿਵਸ ਬੀਤ ਇਹ ਠੌਰਾ ਬਾਹਰ ਸੰਤ ਨ ਆਏ। ਬਹੁਤੀ ਜਗਾ ਬਜੀਰ ਸਿੰਘ ਨੇ ਢੂੰਡੇ ਨਹੀਂ ਥਿਆਏ। ੩੦ ॥ ਇਕ ਦਿਨ ਛੋਟੇ ਨਗਰ ਪਾਸਦੇ ਕਾਰਜ ਕੰਮ ਸਧਾਯਾ ਬਹੁਰ ਬਜੀਰ ਸਿੰਘ ਜੀ ਮੁੜਦਾ ਇਸ ਝੁੰਗੀ ਬਲ ਆਯਾ। ਬੈਠੇ ਇਸੇ ਬਿਰਛ ਨੀਚੇ ਸੰਤ ਸਮਾਧੀ ਲਾਈ ॥ ਬੰਦਨਾ ਕਰੀ ਬਜੀਰ ਸਿੰਘ ਨੇ ਬਿਨਤੀ ਆਖ ਸੁਣਾਈ ੩੧। ਅਸੀਂ ਹਮੇਸ਼ਾ ਰਜ ਰਜ ਛਕਦੇ ਆਪ ਨ ਮੁਝੇ ਥਿਆਏ। ਦੋਸ ਬੜੋ ਸਾਡੇ ਸਿਰ ਆਯਾ ਭੋਜਨ ਤੁਸੀਂ ਨ ਪਾਏ॥ ਸੁਣ ਕਰ ਸੰਤ ਹਸੇ ਫਿਰ ਬੋਲੇ ਸੰਸਾ ਕਰੋ ਨਾ ਭਾਈ। ਸਾਡਾ ਪਤਾ ਨਹੀਂ ਇਤ ਬੈਠੇ ਇਸ ਤੇ ਦੋਸ ਨ ਆਈ। ੩੨ ॥ ਤੁਰਤ ਬਜੀਰ ਸਿੰਘ ਘਰ ਆਯਾ ਭੋਜਨ ਕਹਿ ਬਣਾਯਾ। ਕੁੱਟ ਚੂਰਮਾ ਪਾਏ ਪੰਜਮਾ ਸੰਤਾਂ ਆਣ ਛਕਾਯਾ। ਏਸ ਬਖਤ ਕੁਝ ਢਲੇ ਦੁਪਹਰੇ ਧੁਪ ਪਰਤ ਕ ਆਈ ਦਖ ਬਜੀਰ ਸਿੰਘ ਨੇ ਮੁਖਤੇ ਬਿਨਤੀ ਆਖ ਸੁਣਾਈ। ੩੩। ਹੁਕਮ ਕਰੋ ਛਪਰੀ ਬਣਬਾਵਾਂ ਸੰਤਾਂ ਬਚਨ ਸੁਣਾਯਾ। ਸਤਿਯੁਗ ਲਖ ਲਖ ਬਰਸ ਆਰਜਾ ਮੰਡਪ ਮਹਿਲ ਨ ਪਾਯਾ। ਭਯਾ ਨਰਾਸ ਬਜੀਰ ਸਿੰਘ ਨੇ ਮਨ ਬਿਚ ਬਾਤ ਬਚਾਰੀ। ਰਾਮ ਸਿੰਘ ਨੂੰ ਭੇਤ ਬਤਾਵਾਂ ਧੂਪ ਜੇਠ ਦੀ ਭਾਰੀ। ੩੪। ਸੇ ਆਵਣ ਛਪਰੀ ਵਣਬਾਵਣ ਸੰਤ ਨਾ ਮਨਦੇ ਸਾਡੀ ॥ ਪਹੁੰਚ ਬਮਾਲੀ ਰਾਮ ਸਿੰਘ ਪਹਿ ਕਰੀ ਬਿਨੰਤੀ ਡਾਢੀ। ਸੰਤ ਨਹੀਂ ਛਪਰੀ ਬਣਬਾਵਤ ਕੜਕੇ ਧੂਪ ਘਨੇਰੀ। ਸੁਣ ਕਰ ਰਾਮ ਸਿੰਘ ਜੀ ਆਇ ਅਰਜ ਕਰੀ ਬਿਨ ਡੇਰੀ ॥ ੩੫ ॥ ਮਹਾਰਾਜ ਛਪਰੀ ਬਣ ਜਾਵੇ ਹੁਕਮ ਕਰੋ ਜਗ ਸਾਈ। ਬਹੁਤ ਕਹੀ ਸੰਤਾਂ ਮਨ ਲੀਤੀ ਛਪਰੀ ਕਹਿ ਬਣਵਾਈ।

Sri Satguru Jagjit Singh Ji eLibrary NamdhariElibrary@gmail.com

ਬੈਠੇ ਰਹਿਣ ਸੰਤ ਦਿਨ ਰਾਤੀਂ ਕਦੇ ਨ ਪੈਕੇ ਸੌਂਦੇ। ਦਾਸ ਨਿਵੈਣ ਸਿੰਘ ਦੇ ਦਾਤਾ ਦਮ ਦਮ ਨਾਮ ਧਿਔਂਦੇ। ੩੬।

## ਇਤ ਸਿਰੀ ਸੰਤ ਬਿਲਾਸ ਗ੍ਰੰਥੇ ਦੂਸਰ ਅਵਸਥੇ ਸੰਤ ਜੀ ਮਹਾ-ਰਾਜ ਨੇ ਅਕੇਲਿਆਂ ਅਖੰਡਪਾਠ ਕਰਨਾ ਤੇ ਭਾਰੀ ਤਪ ਅਰੰਭ ਕਰਨਾ ਪ੍ਰਸੰਗ ਬਰਨਨ ਨਾਮ ਨਵਮੋਂ ਧਿਆਇ॥ ੯॥

ਹਰਖ ਸੋਗ ਲੋਭ ਮੋਹ ਰਹਤ ਹਹਿ ਨਿਰਮਲ ਹਰਿਕੇ ਸੰਤਾ॥ ਤਿਨ ਕੀ ਧੂੜਿ ਪਾਏ ਮਨੁ ਮੇਰਾ ਜਾ ਦਇਆਕਰੇ ਭਗਵੰਤਾ॥ ਮਾਰੂ ਮ: ੫। ਜਿਨਾ ਸਾਸ ਗਿਰਾਸਿ ਨ ਬਿਸਰੈ ਹਰਿ ਨਾਮਾ ਮਨ ਮੰਤੁ॥ ਧੰਨ ਸਿਸੇਈ ਨਾਨਕਾ ਪੂਰਨ ਸੋਈ ਸੰਤ। ਬਾਰ ਗੌੜੀ ਸਲੋਕ ਮ: ੫। ਆਪੇ ਤਪੁ ਤਾਪੈ ਲਾਇ ਤਾਰੀ

### ਦੋਹਿਰਾ

ਆਪੇ ਸਿਮਰੇ ਆਪ ਕਉ ਆਪੇ ਧਰੇ ਧਿਆਨ। ਨਿਰਗੁਣ ਸਰਗੁਣ ਆਪ ਹੈ ਹਰਿ ਹਰਿ ਜਨ ਇਕ ਮਨ ।੧

### ਦੂਜਾ ਛੰਦ

ਉਪਰ ਛਪਰੀ ਦੀ ਕੁਝ ਛਾਯਾ ਚਾਰੇ ਪਾਸੇ ਖਾਲੀ। ਤਾਤੀ ਲੋਇ ਵਗੇ ਤਨ ਤਾਪੇ ਕੜਕੇ ਧੂਪ ਕਰਾਲੀ। ਬੈਠੇ ਰਹਿਣ ਸੰਤ ਲਾ ਚੌਂਕੜ ਲੰਮੇ ਕਦੇ ਨ ਪੈਂਦੇ॥ ਭੁਏ ਸਿਆਮ ਰੰਗ ਇਸ ਬੇਲੇ ਬਸਤਰ ਵੀ ਨਹਿ ਲੈਂਦੇ। ੨। ਏਕ ਬਜੀਰ ਘਿੰਘ ਦਾ ਭਾਈ ਬੂਟਾ ਸਿੰਘ ਪਰੇਮੀ। ਸੰਤਾਂ ਦੇ ਦੇਰਸ਼ਨ ਹਿਤ ਆਯਾ ਮਨ ਮਹਿ ਧਾਰ ਹਲੇਮੀ। ਆਗੇ ਸੇਸਨਾਗ ਸੀ ਬੈਠਾ ਸੰਤਾਂ ਦਾ ਹਿਤਕਾਰੀ॥ ਬੂਟਾ ਸਿੰਘ ਦੇਖ ਮੁੜ ਚਾਲ. ਮਨ ਭਉ ਖਾਧਾ ਭਾਰੀ ॥ ੩ ।ਨਗਰ ਵਿਖੇ ਜਾ ਸ਼ੋਰ ਮਚਾਯਾ ਸੰਤ ਸਰਪ ਨੇ ਖਾਏ। ਹਾਹਾ ਕਾਰ ਭਯਾ ਬਿਚ ਨਗਰੀ ਮਿਲ ਜਨ ਦੇਖਣ ਆਏ। ਬੁੰਗੀ ਤੋਂ ਬਾਹਰ ਹੀ ਠਹਿਰੇ ਸੰਤਾਂ ਦਈ ਉਵਾਜਾ। ਆਵੋ ਭਾਈ ਗਿਆ ਸਰਪ ਸੋ ਇਵ ਆਖਤ ਮਹਾਰਾਜਾ॥ ੪ ॥ ਹੌਲ਼ੀ ਹੌਲੀ ਗਏ ਅਗੇਰੇ ਬਿਨਤੀ ਅਖ ਸੁਣਾਈ। ਕਹੋ ਸੰਤ ਜੀ ਸਰਪ ਕਹਾਣੀ ਸੁਣ ਸੰਤਾਂ ਸਮਝਾਈ। ਇਹ ਤੋ ਸੇਸਨਾਗ ਹੈ ਭਾਈ ਪਾਹਿਰੇਦਾਰ ਹਮਾਰਾ ॥ ਬੁਰੀ ਨੀਤ ਕਰਕੇ ਜੋਆਵੇ ਤਿਸ ਡਰ ਦੇਵਤ ਭਾਰਾ। ੫ ॥ ਸੁਣਕਰ ਕਈ ਗੁਣੀ ਜਨ ਬੋਲੇ ਧਨ ਹਰਿ ਜਨ ਕੌ ਦਾਸਾ। ਟਹਿਲ ਕੁਮਾਵਣ ਦਰਸ਼ਣ ਪਾਵਣ ਰਹਿਣ ਸਦਾ ਮਿਲ ਪਾਸਾ। ਬੁਦਣ ਸਾਹ ਫਕੀਰੇ ਕੇਰੀ ਬਕਰੀ ਸ਼ੇਰ ਚਰਾਵੇ। ਬਾਂਦਰ ਜੰਗ ਰਾਮ ਹਿਤ ਕਰਦੇ ਰੀਛ ਲੰਗੂਰ ਲੜਾਵੇ। ੬। ਆਦ ਗੁਰੂ ਨਾਨਕ ਦੇ ਮੁਖ ਤੇ ਛਾਯਾ ਸਰਪ ਰਖਾਈ॥ ਛੇਮੇ ਗੁਰੂ ਜੰਗ ਦੇ ਬੇਲੇ ਠੰਡੀ ਪੌਣ ਬਗਾਈ। ਨੌਵੇਂ ਸਤਿਗੁਰ ਗੁਰੂ ਗ੍ਰੰਥ ਜੀ ਸਤਲੁਜ ਵਿਖੇ ਰਖਾਏ। ਦਸਵੇਂ ਗੁਰੂ

ਸਹੈ ਕੀ ਨਾਲਾ ਜਿਸਨੇ ਤੁਰਕ ਰੁੜ੍ਹਾਏ॥ ੭ ॥ ਹਾਥੀ ਪਾਰਸਾਦੀ ਗੁਰ ਕੇਰਾ ਗੁਰ ਕਉ ਚਵਰ ਢੁਲਾਈ। ਤੀਰ ਚਲਾਵਨ ਤਿਸੇ ਪਠਾਵਨ ਡਿਗੇ ਸੁ ਲਵੇ ਉਠਾਈ। ਨਾਨਕ° ਮਤੇ ਗੁਰੂ ਨਾਨਕ ਸੇ ਸਿਧ ਲੁਕੇ ਲੁਕ ਖੇਲੇ॥ ਕੌਸ ਉਡਾਈ ਟੋਲ ਲਿਆਈ ਹਾਰੇ ਗੋਰਖ ਚੇਲੇ। ੮। ਪਉਣ ਪਾਣੀ ਅਗਨੀ ਹਰਿਜਨ ਕੇ ਸਭ ਹੀ ਸੇਵਕ ਭਾਈ। ਸੇਸਨਾਗ ਭੀ ਪਹਿਰਾ ਦੇਵਤ ਸੰਤਾਂ ਦਾ ਹਿਤ ਲਾਈ। ਏਸ ਦਿਨੋਂ ਸੰਗਤ ਸੰਤਾਂ ਪਹਿ ਧਰ ਹਲੇਮੀ ਆਵੇ। ਸੇਸਨਾਗ ਪਹਿਲੇ ਛਿਪ ਜਾਵੇ ਕਦ ਨ ਰੂਪ ਦਿਖਾਵੇ। ੯ ਕੁਝਕ ਦਿਵਸ ਬੀਤੇ ਇਸ ਭਾਂਤੀ ਤਪ ਤਾਪਨ ਜਗਸਾਈ। ਇਕ ਦਿਨ ਆਇ ਬਜੀਰ ਸਿੰਘ ਨੇ ਬਿਨਤੀ ਆਖ ਸੁਣਾਈ॥ ਮਹਾਰਾਜ ਮੇਰੀ ਇਹ ਮਨਸ਼ਾ ਕੁਟੀਆ ਏਕ ਬਣਾਮਾਂ। ਤਿਸਦੇ ਵਿਖੇ ਬੈਠ ਤਪ ਤਾਪੇ ਕਹੋ ਤ ਡੇਰ ਨ ਲਾਮਾਂ। ੧੦। ਸੰਤਾਂਨੇ ਮਨਜੂਰ ਨ ਕੀਤੀ ਫਿਰ ਤਿਨ ਬਾਤ ਬਚਾਰੀ। ਰਾਮ ਸਿੰਘ ਆਖੇ ਮੰਨ ਜਾਵਣ ਸੋ ਬਹੁਤਾ ਹਿਤਕਾਰੀ। ਦੂਜੇ ਦਿਵਸ ਬਮਾਲੀ ਜਾਕੇ ਰਾਮ ਸਿੰਘ ਲੈ ਆਂਦਾ। ਤਿਸ ਨੇ ਆਏ ਬੰਦਨਾ ਕੀਤੀ ਬਿਨਤੀ ਆਖ ਸੁਣਾਂਦਾ। ੧੧। ਮਹਾਰਾਜ ਕੁਟੀਆ ਬਣਜਾਵੇ ਹੁਕਮ ਕਰੋ ਜਗਸਾਈ। ਤਿਸਦੀ ਅਰਜ ਭਈ ਮਨਜੂਰੇ ਕੁਟੀਆ ਕਹਿ ਬਣਵਾਈ। ਇਕ ਦਿਨ ਕਹਿਤ ਬਜੀਰ ਸਿੰਘ ਜੀ ਮੈਂ ਅੱਜ ਬਾਹਰ ਜਾਊਂ। ਭਾਗ ਭਰੀ ਅਰਧੰਗੀ ਮੇਰੀ ਸੋ ਪਰਸਾਦ ਲਿਆਊ। ੧੨। ਦੋਇ ਪੜੀ ਪੱਥਰ ਦੀ ਸੰਤਾ ਆਪ ਕਿਤੋਂ ਲੈ ਆਂਦੀ॥ ਤਿਸ ਪੁਰ ਬੈਠਣ ਬਾਹਰ ਨਿਸ ਦਿਨ ਕੁਟੀ ਨ ਮਨ ਕੋ ਭਾਂਦੀ ਭੋਜਨ ਕਦੇ ਕਦਾਂਈ ਛਕਦੇ ਦੁਬਲੇ ਭਏ ਘਨੇਰੇ॥ ਮਾਈ ਭਾਗਭਰੀ ਹਿਤ ਭੋਜਨ ਕਹ ਕਹ ਬਹੁਤ ਪਰੇਰੇ ੧੩।



## ਬੈਤ। (ਜੇਠ)

ਜੇਠ ਲੋਆਂ ਤੇ ਕ੍ਰੂੜ ਦੀ ਧੁਪ ਡਾਢੀ ਧਰਤੀ ਤਪਕੇ ਵਾਂਗ ਤੰਦੂਰ ਹੋਈ:
ਸੰਤ ਸਮਝਦੇ ਛਾਮ ਤੇ ਧੂਪ ਇਕੋ ਦੂਈ ਦਿਲਾਂ ਤੋਂ ਜਿਨਾ ਦੀ ਦੂਰ ਹੋਈ:
ਉੱਠੇ ਸਿਲਾ ਤੇ ਰਹਿਣ ਦਿਨ ਰਾਤ ਚੇਜੀ ਜੋਤ ਜਾਗਦੀ ਸਦਾ ਭਰਪੂਰ ਹੋਈ:
ਬਿਰਤੀ ਹੱਲ ਦੀ ਨ ਇਕ ਮਿੰਟ ਕਿਧਰੇ ਫੜੀ ਸ਼ਬਦ ਦਾ ਪਾਇ ਜਮੂਰ ਹੋਈ:
ਸੇਸਨਾਗ ਆਇਆ ਪਹਿਰੇਦਾਰ ਅਗੋ ਸੇਵਾ ਸੰਤ ਕੀ ਏਸ ਮਨਜੂਰ ਹੋਈ:
ਇਰਦ ਗਿਰਦ ਪਰਕਮਿਆ ਨਿਤ ਕਰਦਾ ਹਾਸਲ ਇਸ ਨੂੰ ਸੰਤ ਕੀ ਧੂਰ ਹੋਈ:
ਤੀਰਥ ਲੋਚਦੇ ਸੰਤ ਕੀ ਧੂਰ ਤਾਈਂ ਕਰਮਾਂ ਏਹਦਿਆ ਬਿੱਚ ਜਰੂਰ ਹੋਈ:
ਬੁਰੀ ਨੀਤ ਕਰਕੇ ਜਾਇ ਸ਼ਖਸ ਕੋਈ ਸੇਸਨਾਗ ਦੀ ਓਸਨੂੰ ਘੂਰ ਹੋਈ:
ਫਣ ਤਾਣ ਕੇ ਜਾਇ ਫੁਕਾਰ ਮਾਰੇ ਦੋਖੀ ਦੂਰ ਜਿਉ ਪਉਣ ਤੋਂ ਬੂਰ ਹੋਈ:
ਹੱਥ ਜੋੜ ਪੁੱਛੇ ਭਾਗਭਰੀ ਮਾਈ ਸਾਤੋਂ ਸੰਤ ਜੀ ਕਉਣ ਕਸੂਰ ਹੋਈ:
ਸਾਡਾ ਛੱਕਦੇ ਨਹੀਂ ਪ੍ਰਸਾਦ ਪਾਣੀ ਚਿੰਤਾ ਨਾਲ ਮੈਂ ਭੁੱਜ ਮਨੂਰ ਹੋਈ:

ਕਈ ਕਈ ਦਿਨ ਬੈਠਿਆਂ ਲੰਘਜਾਂਦੇ ਨਹੀ ਜੱਗ ਦੀ ਸੁਰਤ ਸ਼ਹੂਰ ਹੋਈ :
ਸੰਤ ਕਹਿਣ ਸਾਡਾ ਫਿਕਰ ਨਹੀਂ ਕਰਨਾ ਸਾਡੀ ਭੁੱਖ ਅਰ ਤੇਹ ਗਫੂਰ ਹੋਈ :
ਬਿਰਤੀ ਰਹੇ ਅਗੱਮ ਦੇ ਬਿਚ ਸਾਡੀ ਚੜ੍ਹੀ ਜਿਸਤਰਾਂ ਸਿਖਰ ਖਜੂਰ ਹੋਈ :
ਉਲਟੀ ਨਾਵ ਤਰਾਮਦੇ ਸੰਤ ਆਈ ਉਲਟੀ ਛਾਲ ਜਹਾਨ ਲੰਗੂਰ ਹੋਈ :
ਬਾਰ ਬਾਰ ਜਾਂ ਮਾਈ ਨੇ ਅਰਜ ਕੀਤੀ ਦਯਾ ਚਿੱਤ ਦੇ ਬਿੱਚ ਹਜੂਰ ਹੋਈ ਃ
ਮਾਈ ਛਕਾਂਗੇ ਦੋਇ ਗਰਾਸ ਭੋਜਨ ਮੰਗ ਲਵਾਂਗੇ ਅਗਰ ਜਰੂਰ ਹੋਈ ਃ
ਜਿਨ੍ਹਾਂ ਸੇਵਲਏ ਸੰਤ ਨਿਰੈਣ ਸਿੰਘਾ ਚਿੰਤਾ ਤਿਨ੍ਹਾਂਦੀ ਚਕਨਾਚੂਰ ਹੋਈ ਃ ੧੪ ਃ

## ਬੈਂਤ ( ਅਹਾੜ )

ਹਾੜ ਹਰਿ ਜਨਾਂ ਦੀ ਗਤੀ ਕੌਣ ਜਾਣੇ ਮਹਿਮਾ ਸੰਤ ਕੀ ਬੇਦ ਨਾ ਪਾਵੰਦੇਈ ਃ
ਭਾਗਭਰੀ ਮਾਈ ਲੈ ਪ੍ਰਸਾਦ ਆਈ ਅਗੇ ਸੰਤ ਬੈਠੇ ਸ਼ਬਦ ਗਾਵੰਦੇਈ ਃ
ਨਮਸਕਾਰ ਕਰ ਮਾਈ ਨੇ ਅਰਜ ਕੀਤੀ ਕਿਰਸ ਬਹੁਤ ਹੁੰਦੇ ਆਪ ਜਾਵੰਦੇਈ ਃ
ਅਜ ਛਕੋ ਪ੍ਰਸਾਦ ਜਰੂਰ ਸਾਡਾ ਅਗੋਂ ਸੰਤ ਜੀ ਆਖ ਸੁਣਾਵੰਦੇਈ ਃ
ਸਾਡੀ ਦਿਲੋਂ ਹੈ ਇਹ ਦਲੀਲ ਮਾਈ ਬਰਮੀ ਦੇਹ ਬਣਾਵਣੀ ਚਾਵੰਦੇਈ ਃ
ਬਾਰ ਬਾਰ ਜਾਂ ਮਾਈ ਨੇ ਅਰਜ ਕੀਤੀ ਪਾਣੀ ਮੰਗਦੇ ਹੱਥ ਧੁਵਾਵੰਦੇਈ
ਮਾਈ ਆਖਦੀ ਨੀਰ ਮੈਂ ਭੁਲਿਆਈ ਅਗੋਂ ਸੰਤ ਜੀ ਆਖ ਫੁਰਮਾਵੰਦੇਈ ਃ
ਪਾਣੀ ਦੂਰ ਨਾਹੀਂ ਪਾਣੀ ਆਰਿਹਾਏ ਸੋਮਾ ਧਰਤਹੋਂ ਕਣ ਵ ਵੰਦੇ... ਃ
ਧਰਤੀ ਪੱਥਰਾਂਦੀ ਬੜੀ ਸਗਤ ਦੇਖੋ ਚੋਜੀ ਜਾਹਰੀਆਂ ਕਲਾਂ ਦਿਖ ਵੰਦੇਈ ਃ
[illegible]ਨੇ ਰਾਤ ਸੋਮਾ ਸਦਾ ਰਹੇ ਬਗਦਾ ਚੌਰਸ ਓਸਦੀ ਕੁੰਡ ਬਣਬਾਵੰਦੇਈ ਃ
ਤਾਕੀ ਲਾਇ ਚੁਗਾਠ ਜੜਾਇ ਦਿੱਤੀ ਕੋਲੇ ਬਾਵਲੀ ਹੋਰ ਖੁਦਵਾਂਵੰਦੇਈ ਃ
ਕੁੰਡ ਛਕਣ ਦੀ ਬਾਵਲੀ ਨ੍ਹਾਵਣੇ ਨੂੰ ਪਾਨੀ ਫੇਰ ਅਗੇ ਚਲੇਜਾਵੰਦੇਈ ਃ
ਸੇਸਨਾਗ ਰਹਿੰਦਾ ਸਦਾ ਪਾਸ ਬੈਠਾ ਭੁੱਖੇ ਦਰਸ਼ਨਾਂ ਦੇ ਕਈ ਆਵੰਦੇਈ ਃ
ਚੰਗੀ ਭਾਵਨਾ ਧਾਰਕੇ ਔਣ ਜੇਹੜੇ ਸੇਸ ਅਪਣਾ ਰੂਪ ਲੁਕਾਵੰਦੇਈ :
ਕੋਈ ਖੋਟੀਆਂ ਭਾਵਨਾ ਧਾਰ ਆਵੇ ਦੂਰੋਂ ਜਾਇਕੇ ਸੇਸ ਡਰਾਵੰਦੇਈ ਃ
ਪੰਛੀ ਬੋਲਦੇ ਹੋਣ ਜੇ ਬਿਰਛ ਉਤੇ ਮਾਰ ਮਾਰ ਫੁਕਾਰ ਉਡਾਵੰਦੇਈ ਃ
ਹਰੀ ਜਨਾਂ ਦੇ ਇਹੋ ਜੋ ਦਾਸ ਹੁੰਦੇ ਦਰਸ਼ਣ ਪਾਵੰਦੇ ਟਹਿਲ ਕਮਾਵੰਦੇਈ ਃ
ਮਹਾ ਪੁਰਖ ਬੇਅੰਤ ਨਿਰੈਣ ਸਿੰਘਾ ਜਿਵੇਂ ਚਾਹਵੰਦੇ ਤਿਮੇ ਕਰਾਵੰਦਈ ॥ ੧੫ ਃ

## ਬੈਂਤ ( ਸਾਵਣ )

ਸਾਵਣ ਸੋਰ ਪਾਯਾਘਟਾਂ ਕਾਲੀਆਂ ਨੇ ਕੀਤਾ ਜੰਗਲਾਂ ਬਿਚ ਨਿਵਾਸ ਚੋਜੀ ॥
ਕੱਲੇ ਬਿੱਚ ਉਜਾੜ ਅਕੰਤ ਬੈਠੇ ਰਹਿਣ ਦੇਣਨਾ ਕਿਸੇ ਨੂੰ ਪਾਸ ਚੋਜੀ ॥
ਸਸ ਨਾਗ ਇਕੋ ਸੇਵਾਦਾਰ ਚੰਗਾ ਕੋਲੇ ਹੋਰ ਨ ਰੱਖਦੇ ਦਾਸ ਦੋਜੀ ॥

ਦੇਹੀ ਸੁੱਕਕੇ ਪਿੰਜਰਾ ਹੋਇ ਰਹੀ ਮਸਤਕ ਦੰਮਕਦਾ ਕਰਨ ਪ੍ਰਕਾਸ਼ ਚੋਜੀ ॥
ਸਦਾ ਸਿਮਰਦੇ ਨਾਮ ਪਰਮਾਤਮਾ ਦਾ ਬਿਰਥਾ ਕੋਇ ਨ ਛੋਡਦੇ ਸਾਸ ਚੋਜੀ ॥
ਪੂੰਜੀ ਕੂੜਦੀ ਨੂੰ ਹੱਥ ਨਹੀ ਲੌਂਦੇ ਪਲੇ ਬੰਨ ਲਈ ਨਾਮ ਦੀ ਰਾਸ ਚੋਜੀ ॥
ਚੰਦ ਚਾਹੜ ਕੇ ਬ੍ਰਹਮ ਗਿਆਨ ਵਾਲਾ ਕੀਤਾ ਭਰਮ ਅੰਧੇਰਦਾ ਨਾਸ ਚੋਜੀ ॥
ਭਗਤੀ ਦਾਨ ਮੰਗੇ ਚਰਨੀ ਲਗ ਕੋਈ ਪੂਰੀ ਕਰਨ ਇਨਸਾਨ ਦੀ ਆਸ ਚੋਜੀ ॥
ਭੁੱਲੇ ਮੁਲਖ ਤੇ ਨਾਮ ਜਪੌਣ ਖਾਤਰ ਸੱਚ ਖੰਡ ਬਿਚੋਂ ਆਏ ਖਾਸ ਚੋਜੀ ॥
ਲਗੀ ਰਹੇ ਸੁਮਾਧ ਅਖੰਡ ਹਰਦਮ ਮੁਖੋ ਕਦੇਈ ਕਰਨ ਬਲਸ ਚੋਜੀ ॥
ਬਹੁਤ ਬਾਰ ਜਾਂ ਬੇਨਤੀ ਕਰੇ ਮਾਈ ਛਕਣ ਦੁਧ ਦਾ ਕਦੇ ਗਲਾਸ ਚੋਜੀ ॥
ਬ੍ਰਹਮਾ ਨੰਦ ਦੇ ਬਿਚ ਨਿਹੈਣ ਸਿੰਘਾ ਸਾਵਣ ਬੈਠਿਆ ਬੀਤਿਆ ਮਾਸ ਚੋਜੀ ੧੬ ॥

## ਭਾਦੋਂ ( ਬੈਂਤ )

ਭਾਦੋਂ ਭਵਰ ਬੋਲੇ ਕੰਨਾਂ ਪਾਸ ਆਕੇ ਮੱਛਰ ਡੰਗ ਮਾਰੇ ਜੁਗਨੂੰ ਚੰਮਕਦੇ ਜੀ ॥
ਮਾਰੇ ਗਰਮੀਆਂਦੇ ਨਾਗ ਚੱੜ ਬਿਰਛੀਂ ਉਪਰ ਡਾਹਲੀਆਂਦੇ ਪਏ ਲੰਮਕਦੇ ਜੀ ॥
ਪਵੇ ਧੂਪ ਡਾਢੀ ਲਗਣ ਭੁੱਖ ਮਾਰੂ ਕਦੇ ਪੌਣ ਬਗਦੀ ਬੁਲੇ ਰਮਕਦੇ ਜੀ ॥
ਕਦੇ ਬਿਜਲੀਆਂ ਘਟਾਂ ਦੀ ਘੋਰ ਪੈਂਦੀ ਬੋਲਣ ਮੋਰ ਪਹਾੜਵੀ ਧੰਮਕਦੇ ਜੀ ॥
ਸੰਤ ਸੁੰਨ ਸੁਮਾਧੀਆਂ ਲਾਇ ਰੱਖਣ ਨਹੀ ਬੋਲਦੇ ਅੱਖ ਨ ਝੰਮਕਦੇ ਜੀ ॥
ਭਾਵੇਂ ਹੋਰ ਸਰੀਰ ਤਾਂ ਕਿਰਸ ਹੋਯਾ ਮਸਤਕ ਸੂਰਜਾਂ ਦੀ ਤਰਾਂ ਦੰਮਕਦੇ ਜੀ ॥
ਕਦੇ ਮੀਹ ਪੈਂਦਾ ਛਪਰ ਰਹ ਚੋਂਦਾ ਛੰਮਾ ਛੰਮ ਪਾਣੀ ਪਏ ਛੰਮਕਦੇ ਜੀ ॥
ਦਾਦਰ ਬੋਲਦੇ ਭਰੇ ਦਰਿਆਉ ਬਗਦੇ ਸ਼ਰ ਬਿਚ ਪਹਾੜੀਆਂ ਭੁੰਮਕਦੇ ਜੀ ॥
ਤੁਰੀਆ ਪਦ ਚੌਥੇ ਸੰਤਾ ਬਾਸ ਕੀਤਾ ਨਹੀ ਹੱਲਦੇ ਨ ਕਦੇ ਜੰਮਕਦੇ ਜੀ ॥
ਪੁੰਜ ਸਾਂਤੀ ਦਾ ਸੰਤ ਨਿਹੈਣ ਸਿੰਘਾ ਮਿਠਾ ਬੋਲਦੇ ਕਦੇ ਨ ਤੰਮਕਦੇ ਜੀ ॥੧੭

## ਬਿਜੈਦੰਡਕ ਛੰਦ । (ਅੱਸੂ)

ਅਸੂ ਆਸ਼ਕਾਂ ਨੇ ਕਰੀ ਕਠਨ ਬਿਰਤੀ ਮੁੱਖੋਂ ਬੋਲਣਾ ਨਾ ਸੰਤ ਚਹਿਣ ਭਾਈ
ਗਲੇ ਪਾਵੰਦੇ ਨਾ ਉਤੇ ਲੈਣ ਬਸਤਰ ਅੱਠੋਂ ਜਾਮ ਚੋਜੀ ਨੰਗੇ ਰਹਿਣ ਭਾਈ
ਬਿਰਤੀ ਪਰਮ ਬੈਰਾਗ ਦੇ ਬਿੱਚ ਰਹਿੰਦੀ ਗਰਮੀ ਸੀਤ ਸਰੀਰ ਤੇ ਸਹਿਣ ਭਾਈ
ਖਾਣ ਪੀਣ ਦੀ ਸੁੱਧ ਬਸਾਰ ਛਡੀ ਮੁਖੋਂ ਪਾਣੀਆਂ ਲਈ ਨਾ ਕਹਿਣ ਭਾਈ
ਜਾਪ ਜਪੀ ਜਾਂਦੇ ਇਕੋ ਤਾਰ ਬੈਠ ਚਲਣ ਜਿਵੇਂ ਦਰਿਆਓ ਦੇ ਵਹਿਣ ਭਾਈ
ਕਈ ਦੇਖਦੇ ਰਾਤ ਨੂੰ ਲੁਕੇ ਬੈਠੇ ਪਾਪੀ ਸਾਧੂਆਂ ਨਾਲ ਭੀ ਖਹਿਣ ਭਾਈ
ਮਾਰੀ ਮੱਤ ਤੇ ਜੱਗ ਦੇ ਕੂੜ ਬੰਦੇ ਇਮਤਹਾਨ ਲੈਂਦੇ ਪਏ ਦਹਿਣ ਭਾਈ
ਕਦੇ ਬਹੁਤ ਪ੍ਰਕਾਸ਼ ਤੇ ਰਾਗ ਹੋਵੇ ਪਰੀਆਂ ਦੇਵ ਅਕਾਸ ਤੋਂ ਲਹਿਣ ਭਾਈ
ਬਿਨਾ ਹੁਕਮ ਜੋ ਰਾਤ ਨੂੰ ਦੇਖ ਜਾਂਦੇ ਸੁਭੋ ਲੈਣ ਮਾਫੀ ਚਰਨੀ ਢਹਿਣ ਭਾਈ

ਸੰਤ ਸੰਗ ਸੋ ਪਉਣ ਨਿਰੈਣ ਸਿੰਘਾ ਛੱਡ ਕੂੜ ਜੋ ਸੱਚ ਨੂੰ ਗਹਿਣ ਭਾਈ ॥ ੧੯

## ਬੈਤ । (ਕੱਤਕ)

ਕੱਤਕ ਕਾਰ ਕਰਸਾਣ ਦੀ ਬਹਤ ਡਾਢੀ ਬੱਢਣ ਸਾਵਣੀ ਬੀਜਦੇ ਹਾੜੀਆਂਈ ॥
ਸੰਤ ਬੀਜਦੇ ਨਾਮ ਪਰਮਾਤਮਾ ਦਾ ਬੈਠੇ ਰਹਿਣ ਲਗਾਇਕੇ ਤਾੜੀਆਂਈ :
ਅੱਠੇ ਪਹਿਰ ਪਰਮਾਤਮਾ ਨਾਲ ਜੁੜਦੇ ਏਹੋ ਹਰਿਜਨਾਂ ਦੀ ਫਸਲ ਬਾੜੀਆਂਈ ॥
ਦੇਹੀ ਸੁਕ ਕੇ ਪਿੰਜਰਾ ਹੋਇ ਚੱਲੀ ਦਿਸਣ ਹੱਡੀਆਂ ਤੇ ਬਾਕੀ ਨਾੜੀਆਂਈ :
ਕਦੇ ਬੈਠਦੇ ਰੋੜ ਬਛਾਇ ਕਰਕੇ ਕਦੇ ਹੇਠ ਬਛਾਮਦੇ ਝਾੜੀਆਂਈ ॥
ਪਰੀਆਂ ਰਾਗ ਦੀ ਕਰਨ ਧੁਨਕਾਰ ਰਾਤੀਂ ਲਾੜਾ ਪਰਖਣੇ ਔਂਦੀਆਂ ਲਾੜੀਆਂਈ :
ਹਰੀ ਰੰਗ ਰੱਤੇ ਸੰਤ ਮਸਤ ਰਹਿੰਦੇ ਆਖਣ ਚੰਗੀਆਂ ਨਾ ਕਦੇ ਮਾੜੀਆਂਈ :
ਕਲਯੁਗ ਬਿਚ ਸਤਯੁਗ ਬਰਤੋਣ ਵਾਲੇ ਸੰਤ ਹਰੀ ਦੇ ਸੱਚੀਆਂ ਦਾਹੜੀਆਂਈ : ੧੯

## ਬੈਤ । (ਮੱਘਰ)

ਮੱਘਰ ਮੋੜਕੇ ਬਾਸਨਾ ਸਾਰੀਆਂ ਤੋਂ ਬਿਰਤੀ ਨਾਲ ਪਰਮਾਤਮਾ ਜੋੜ ਰਖੀ ‡
ਇਹ ਰਸ ਛੱਡਿਆਂ ਓਸਦਾ ਸਵਾਦ ਆਯਾ ਬਿਰਤੀ ਖਾਣਿਆਂ ਤੋਂ ਸਦਾ ਤੋੜ ਰਖੀ ‡
ਬੈਰੀ ਕਾਮ ਕਰੋਧ ਹੰਕਾਰ ਪੰਜੇ ਗਰਦਣ ਤਿਨ੍ਹਾਂ ਦੀ ਪਕੜ ਮਰੋੜ ਰਖੀ ‡
ਝੋੜਾ ਬ੍ਰਹਿਮ ਗਿਆਨ ਦਾ ਪਕੜ ਸੰਤਾਂ ਚਾਟੀ ਭਰਮ ਦੀ ਮਰਕੇ ਫੋੜ ਰਖੀ ‡
ਮਿੰਟ ਮਿੰਟ ਅੰਦਰ ਹਰੀ ਜਾਪ ਕਰਦੇ ਬਿਰਤੀ ਲਾਲਚਾਂ ਵਲੋਂ ਬਛੋੜ ਰਖੀ ‡
ਸਚਾ ਅਮਰ ਸਚ ਪਾਤਸ਼ਾਹ ਬਣਕੇ ਬਾਦਸ਼ਾਹੀਆਂ ਦੀ ਨਹੀਂ ਲੋੜ ਰਖੀ ‡
ਸਫਲ ਮੂਰਤੀ ਸੰਤ ਕੀ ਪਰਸਦੇ ਜੋ ਬਿਰਤੀ ਪਾਪ ਤੋਂ ਤਿਨ੍ਹਾਂ ਦੀ ਮੋੜ ਰਖੀ ‡
ਸੁਰਤੀ ਹੱਲਦੀ ਨਹੀਂ ਨਿਰੈਣ ਸਿੰਘਾ ਪਹਿਲਵਾਨ ਦੇ ਵਾਂਗ ਭੰਵੋੜ ਰਖੀ ‡ ੨੦

## ਬੈਤ । (ਪੋਹ)

ਪੋਹ ਪਤਿ ਝੜਕੇ ਬਿਰਛ ਪਏ ਖਾਲੀ ਬਗਣ ਪੌਣ ਬੁੱਲੇ ਠੰਡੀਠਾਰ ਦੇ ਜੀ ‡
ਸੰਤ ਜੋੜ ਸਮਾਧੀਆਂ ਬੈਠ ਰਹਿੰਦੇ ਨੰਗੇ ਰਹਿਣ ਤੇ ਨਾਮ ਚਤਾਰਦੇ ਜੀ ‡
ਸੇਵਕ ਬਿਸਤਰਾ ਰਾਤ ਨੂੰ ਰੱਖਿ ਔਂਦੇ ਲੈਂਦੇ ਹੱਥ ਨਾ ਸੰਤ ਸਹਾਰਦੇ ਜੀ ‡
ਆਵੇ ਸਰਨ ਜੇਹੜਾ ਪਾਪ ਹਰਨ ਤਿਸਦੇ ਮੇਹਰਵਾਨ ਹੋ ਦੁਖ ਨਿਵਾਰਦੇ ਜੀ ‡
ਨਹੀਂ ਏਸ ਜਹਾਨ ਦੇ ਜੀਵ ਹਰਿ ਜਨ ਅਏ ਧੁਰੋਂਈ ਹੁਕਮ ਕਰਤਾਰਦੇ ਜੀ ‡
ਸਾਨੂੰ ਕਰਨ ਉਰਾਰ ਤੋਂ ਪਾਰ ਆਏ ਪਤੇ ਦੇਣ ਅਏ ਧੁਰੋਂ ਪਾਰਦੇ ਜੀ ‡
ਭਿੰਨੀ ਰੈਣ ਚੰਮਕਦੇ ਰਹਿਣ ਤਾਰੇ ਜਾਗਣ ਸੰਤ ਬਿਚ ਰਾਮ ਪਿਆਰਦੇ ਜੀ ‡
ਬੁੱਧੀ ਤੁੱਛ ਹੈ ਤੇਰੀ ਨਿਰੈਣ ਸਿੰਘਾ ਗੁਣ ਕਥਨ ਔਖੇ ਬੇਸ਼ੁਵਾਰਦੇ ਜੀ ॥ ੨੧ ‡

—ੰ§§§ੰ—

Sri Satguru Jagjit Singh Ji eLibrary NamdhariElibrary@gmail.com

## ਬੈਤ । ( ਮਾਘ )

ਮਾਘ ਮੱਜਨ ਚੰਗਾ ਧੂੜੀ ਸਾਧੂਆਂ ਦੀ ਤੀਰਥ ਸੰਤ ਕੀ ਧੂੜ ਨੂੰ ਲੈਣ ਔਂਦੇ ।
ਦਰਸ਼ਨ ਰਾਤ ਨੂੰ ਦੇਵਤੇ ਕਰਨ ਆਕੇ ਪਰੀਆਂ ਰਾਗ ਮਿਲਕੇ ਕਰਨ ਗੈਣ ਔਂਦੇ ।
ਸਿੱਧ ਛੱਡ ਸਮਾਧੀਆਂ ਪਰਬਤਾਂ ਤੋਂ ਸਰਨ ਸੰਤ ਕੀ ਚੱਲਕੇ ਪੈਣ ਔਂਦੇ ।
ਲੱਗੀ ਰਹੇ ਅਖੰਡ ਅਫੁਰ ਸਮਾਧੀ ਬ੍ਰਹਮਾ ਬਿਸਨ ਸਿਵਜੀ ਦੇਖਣ ਨੈਣ ਔਂਦੇ ।
ਸਾਧ ਸੰਗ ਸੇਵਾ ਧਰਮਰਾਜ ਕਰਦੇ ਹਨੂਮਾਨ ਆਦਿਕ ਚਰਨੀ ਢਹਿਣ ਔਂਦੇ ।
ਲਖਾਂ ਸਿੰਘ ਸ਼ਹੀਦ ਆ ਪੈਣ ਚਰਨੀ ਗੁਪਤ ਬਹੁਤ ਰੂਹਾਂ ਵਗੇ ਬਹਿਣ ਔਂਦੇ ।
ਕਈ ਸੰਤ ਮਹਾਤਮਾ ਔਣ ਸੁਣਕੇ ਹੱਥ ਜੋੜ ਨਮੋ ਨਮੋ ਕਹਿਣ ਔਂਦੇ ।
ਮੰਗਦੇ ਅਉਤਰੇ ਪੁੱਤਰ ਨਿਰੈਣ ਸਿੰਘਾ ਦੁਖੀ ਪਾਵਣੇ ਦੁਖਾਂ ਦੇ ਬੈਣ ਔਂਦੇ । ੨੨ ।

## ਬੈਤ । ( ਫੱਗਣ )

ਫੱਗਣ ਫੁੱਲ ਆਏ ਨਮੇ ਬੂਟਿਆਂ ਨੂੰ ਬੋਲਣ ਬੁਲਬੁਲਾਂ ਬਿੱਚ ਗੁਲਜਾਰ ਆਈਆਂ ।
ਕਿਤੇ ਮੋਰ ਨੱਚਣ ਪੈਲਾਂ ਪਾਇ ਕਰਕੇ ਕਲੀਆਂ ਮੋਹਣੀਆਂ ਨਾਲ ਅਨਾਰ ਆਈਆਂ
ਕਿਤੇ ਕੋਇਲ ਮਿਠੇ ਮਿਠੇ ਬੋਲ ਬੋਲੇ ਲਹਿਰਾਂ ਪੰਛੀਆਂ ਬਿਚ ਅਪਾਰ ਆਈਆਂ
ਨਉਨਿਧੀਆਂ ਰਿਧੀਆਂ ਸਿਧੀਆਂਈ ਹੱਥ ਜੋੜਕੇ ਕਈ ਹਜਾਰ ਆਈਆਂ
ਬਾਰੀ ਜਾਂਦੀਆਂ ਨੇ ਘੋਲੀ ਜਾਂਦੀਆਂ ਨੇ ਕਰਨ ਆਪਣਾ ਚਲਿ ਉਧਾਰ ਆਈਆਂ
ਕਹੇ ਸੰਤ ਜੀ ਧਰਤ ਸਵਰਨ ਕਰੀਏ ਅਸੀਂ ਹੋਇਕੇ ਤਾਬਿਆਦਾਰ ਆਈਆਂ
ਕਹੋ ਮੋਤੀਆਂ ਦੇ ਮੰਦਰ ਪਾਇ ਦੇਈਏ ਤੇਰੀ ਸਰਨ ਦੇ ਬਿੱਚ ਦਾਤਾਰ ਆਈਆਂ
ਕਹੋ ਦੁਧ ਦੇ ਬਹਿਣ ਬਗਾਇ ਦਈਏ ਅਰਜ ਕਰਨ ਖੜੀਆਂ ਬਾਰ ਬਾਰ ਆਈਆਂ
ਕਹੋ ਰਾਤ ਦਾ ਦਿਵਸ ਬਣਾਇ ਦੇਈਏ ਅਸੀਂ ਭੇਜੀਆਂ ਖਾਸ ਕਰਤਾਰ ਆਈਆਂ
ਲੱਖਾਂ ਜੁਗਤੀਆਂਈ ਲੱਖਾਂ ਭੁਗਤੀਆਂਈ ਲੱਖਾਂ ਮੁਕਤੀਆਂ ਸੰਤ ਕੇ ਦੁਆਰ ਆਈਆਂ
ਲੱਖਾਂ ਜਤਨ ਕੀਤੇ ਰਿਧੀ ਸਿਧੀਆਂਈ ਨਾਪਸੰਦ ਇਹ ਸੰਤ ਅਵਤਾਰ ਆਈਆਂ
ਚੋਜੀ ਹੱਸ ਕੇ ਮੁੱਖੜਾ ਮੀਚ ਲੈਂਦੇ ਖੜੀਆਂ ਜੋੜਿਆਂ ਬਿਚ ਲਾਚਾਰ ਆਈਆਂ
ਠਾਕਰ ਝਾਕਦੇ ਨ ਕਦੇ ਅੱਖ ਭਰਕੇ ਰਗੜ ਰਗੜ ਮੱਥੇ ਆਖਰ ਹਾਰ ਆਈਆਂ ॥
ਆਖਰ ਚੱਲੀਆਂ ਬਹੁਤ ਨਰਾਸ ਹੋਕੇ ਆਪੇ ਵਿੱਚਦੀ ਕਰਤ ਬੀਚਾਰ ਆਈਆਂ ॥
ਸਾਨੂੰ ਲੋੜ ਦੇ ਨੇ ਲੱਖਾਂ ਹੋਰ ਸਾਧੂ ਅਸੀ ਕਿਸੇ ਨ ਬਿਚ ਅਖਤਿਆਰ ਆਈਆਂ ॥
ਐਸਾ ਸੰਤ ਹੁੰਦਾ ਕੋਈ ਕੋਟ ਮਧੇ ਲਖਾਂ ਹੋਰ ਰਹਾਂ ਭੇਖ ਧਾਰ ਆਈਆਂ ॥
ਸਿੰਘੋ ਬਾਸਨਾ ਰਹਿਤ ਨਿਰਲੋਭ ਰੂਹਾਂ ਕਦੇ ਕਦੇ ਈ ਬਿਚ ਸਨਸਾਰ ਆਈਆਂ ॥
ਰੋਮ ਰੋਮ ਕੁਰਬਾਨ ਨਿਰੈਣ ਸਿੰਘਾ ਚਰਣ ਕਵਲਾਂ ਤੇ ਅਸੀ ਬਲਿਹਾਰ ਆਈਆਂ ॥

**ਸੰਤਾਂ ਦੀ ਭਾਰੀ ਤਪਸਿਆ ਦੇਖਕੇ ਇੰਦਰ ਸੁਰਗ ਦੇ ਰਾਜੇ ਨੂੰ**

Sri Satguru Jagjit Singh Ji eLibrary NamdhariElibrary@gmail.com

## ਭੈ ਹੋਣਾਂ ਬਿਸਨ ਜੀ ਪਾਸ ਪੁਕਾਰ ਕਰਨੀ ॥

### ਬੈਂਤ

ਇੰਦਰ ਛੱਡਕੇ ਸੁਰਗ ਦੀ ਰਾਜ ਧਾਨੀ ਜਾਕੇ ਬਿਸਨ ਜੀ ਪਾਸ ਪੁਕਾਰ ਕੀਤੀ ।
ਅਤਰ ਸਿੰਘ ਸੂਰਾ ਮੇਰਾ ਰਾਜ ਲੈਲਊ ਤੱਪ ਸਾਧਨਾ ਓਸ ਅਪਾਰ ਕੀਤੀ ।
ਲੱਖਾਂ ਰਿਧੀਆ ਸਿਧੀਆ ਹੱਥ ਜੋੜੇ ਨਹੀ ਓਸ ਕੋਈ ਅੰਗੀ ਕਾਰ ਕੀਤੀ ।
ਪਰੀਆਂ ਭੇਜੀਆਂ ਨਾਚਦੇ ਕਰਨ ਖਾਤਰ ਪਰਖ ਓਸਦੀ ਮੈ ਕਈ ਬਾਰ ਕੀਤੀ ॥
ਨਹੀ ਡੋਲਦਾ ਕੂੜ ਪਦ ਰਥਾਂ ਤੇ ਪਰੀਆਂ ਰਾਗ ਦੀ ਬੜੀ ਧੁਨ ਕਾਰ ਕੀਤੀ ।
ਇਕੋ ਤਾਰ ਸਮਾਧੀਆਂ ਲਾਇ ਰੱਖੇ ਦੁਖਾਂ ਸੁਖਾਂ ਦੀ ਮੂਲ ਨਾ ਸਾਰ ਕੀਤੀ ॥
ਖਾਣ ਪੀਣ ਦੀ ਸਾਰ ਨਾ ਮੂਲ ਰਖੇ ਬਿਰਤੀ ਸੰਤ ਜੀ ਨੇ ਬ੍ਰਹਿਮਾ ਕਾਰ ਕੀਤੀ ॥
ਬੈਰੀ ਮੀਤ ਨੂੰ ਇਕ ਸਮਾਨ ਜਾਣੇ ਦੂਈ ਦਿਲਾਂ ਦੀ ਕਢਕੇ ਬਾਹਰ ਕੀਤੀ ॥
ਅਠੋ ਜਾਮ ਹੀ ਗੁਜਰਦੇ ਬੈਠਿਆਂ ਨੂੰ ਸਿੱਧਾਂ ਜਾਇ ਬਲਿਹਾਰ ਬਲਿਹਾਰ ਕੀਤੀ ॥
ਦੇਹੀ ਸੁਕਕੇ ਪਿੰਜਰੇ ਵਾਂਗ ਹੋਈ ਕਠਨ ਸਾਧਨਾ ਬਹੁਤ ਮਨ ਮਾਰ ਕੀਤੀ ॥
ਮੈਨੂੰ ਫਿਕਰ ਹੈ ਸੁਰਗ ਦਾ ਰਾਜ ਲੈਲਊ ਮੇਰੀ ਜਿੰਦੜੀ ਓਸ ਲਚਾਰ ਕੀਤੀ ॥
ਤੇਰੀ ਸਰਨ ਮੈਂ ਕਹੇ ਨਿਹੈਣ ਸਿੰਘਾ ਅਰਜ ਬਿਸਨ ਅੱਗੇ ਬਾਰ ਬਾਰ ਕੀਤੀ ॥ ੨੪

## ਉਤਰ ਬਿਸਨ ਜੀ ਬੜੌਦਾ ਕੋ ॥ ਬੈਤ

ਬਿਸਨ ਆਖਦਾ ਇੰਦ ਨ ਫਿਕਰ ਕਰ ਤੂੰ ਲੱਖਾਂ ਸੁਰਗ ਭੀ ਓਸ ਪਸਿੰਦ ਨਾਹੀ।
ਅਤਰ ਸਿੰਘ ਨੂੰ ਲੋੜ ਪਰਮਾਤਮਾ ਦੀ ਬਿਸਰ ਜਾਇ ਤਾਂ ਠਹਿਰ ਦੀ ਜਿੰਦ ਨਾਹੀ।
ਸਦਾ ਸਿਮਰ ਦਾ ਚਰਨ ਪਰਮਾਤਮਾ ਦੇ ਬਿਰਤੀ ਦੂਰ ਕਰਦਾ ਇਕ ਬਿੰਦ ਨਾਹੀ ।
ਓਹਤਾਂ ਨਾਮ ਜਪੌਣ ਨੂੰ ਜੱਗ ਆਯਾ ਬਿਨਾ ਓਸਤੇ ਸਿਵਰ ਦੀ ਹਿੰਦ ਨਾਹੀ ।
ਕਾਹਨੂੰ ਭੈੜਿਆ ਸੁਰਗਦਾ ਫਿਕਰ ਕਰਦੈਂ ਬਣਦਾ ਸੁਰਗ ਦਾ ਓਹ ਸੁਰਗਿੰਦ ਨਾਹੀ ।
ਜੇਹੜੇ ਓਸਦੀ ਟਹਿਲ ਕਮੌਣ ਵਾਲੇ ਤੁੱਲ ਤਿਨ੍ਹਾਂ ਦੀ ਕੋਟ ਨਿਰਿੰਦ ਨਾਹੀ ।
ਓਹ ਤਾਂ ਕੋਟ ਬ੍ਰਹਮੰਡ ਦਾ ਆਪ ਦਾਤਾ ਕੋਈ ਓਸਦੇ ਤੁਲ ਬਖਸਿੰਦ ਨਾਹੀ ।
ਓਹਤਾਂ ਜੋਗੀਆਂ ਦਾ ਮਹਾਂ ਮਹਾਂ ਜੋਗੀ ਕੋਈ ਓਸਦੇ ਤੁਲ ਜੋਗਿੰਦ ਨਾਹੀ ।
ਓਹਤਾਂ ਖਾਸ ਹੈ ਰੱਬ ਦਾ ਨੂਰ ਬਣਿਆ ਦੂਜਾ ਓਸਦੇ ਹੋਰ ਮਨਿੰਦ ਨਾਹੀ ।
ਬਲੀ ਸੂਰਮੇ ਬਾਸਨਾ ਜਿਤ ਲਈਆਂ ਕੋਈ ਓਸਦੇ ਤੁੱਲ ਬਲਿੰਦ ਨਾਹੀ ।
ਸੇਸ ਓਸਦਾ ਟਹਿਲੂਆ ਜਾਇ ਬਣਿਆ ਸੇਵੇ ਹੋਰ ਨੂੰ ਕਦੇ ਨਾਗਿੰਦ ਨਾਹੀ ।
ਜੇਤਾਂ ਜਾਗੀਆਂ ਨੂਰ ਭਰਪੂਰ ਹੋਯਾ ਕੋਈ ਓਸਨੂੰ ਸੱਕਦਾ ਨਿੰਦ ਨਾਹੀ ।
ਚਰਨ ਸੁੰਘ ਕੇ ਓਸਤੋਂ ਦੂਰ ਹੋਯਾ ਛੋਡੇ ਹੋਰ ਨੂੰ ਕਦੇ ਮ੍ਰਿਗਿੰਦ ਨਾਹੀ ।
ਮਸਤੀ ਨਾਮ ਦੀ ਬਿੱਚ ਬੇਫਿਕਰ ਹੋਯਾ ਐਸਾ ਦੇਖਿਆ ਮਸਤ ਗਜਿੰਦ ਨਾਹੀ
ਬਿਸਨ ਆਖਦਾ ਫਿਕਰ ਨਾ ਕਰੀਂ ਕੋਈ ਲੋੜ ਸੁਰਗਦੀ ਓਸਨੂੰ ਇੰਦ ਨਾਹੀ ।
ਸਰਨ ਸੰਤ ਕੀ ਪਵੇ ਨਿਹੈਣ ਸਿੰਘਾ ਰਹੇ ਜਨਮ ਤੇ ਮਰਨ ਦੀ ਚਿੰਦ ਨਾਹੀ । ੨੫

**ਇਤ ਸਿਰੀ ਸੰਤ ਬਲਾਸ ਗ੍ਰੰਥੇ ਦੂਸਰ ਅਵਸਰੇ ਸੰਤ ਜੀ ਮਹਾ-ਰਾਜ ਕੇ ਭਾਰੀ ਤਪ ਕਰਨਪ੍ਰਸੰਗ ਬਰਨਨ ਨਾਮਦਸਵੇਂ ਧਿਆਇ ੧੦ ॥ ਸੰਮਤ ੧੯੫੦ ਬਿਕ੍ਰਮੀ ਸ਼ੁਰੂ ਭਯਾ। ਸੰਤ ਸਾਹਿਬ ਜੀ ਕੀ ਆਯੂ ਕਾ ਅਠਾਈਸਵੇਂ ਸਾਲ ਸ਼ੁਰੂ ਭਯਾ ॥ ਦੋਹਿਰਾ ॥**

ਜਹਿ ਬਿਧ ਜਪਦੇ ਸੰਤ ਜੀ ਸੁਣੋ ਅਮੋਲਕ ਜਾਪ। ਸੁਰਤ ਸਬਦ ਲਿਵ ਲੀਣ ਹੋ ਰਹੇ ਬੈਠ ਤਪ ਤਾਪ ॥ ੧

## ਕੁੰਡਲੀਆ ਛੰਦ

ਖਪਦੇ ਉੱਚੀ ਮੂਲ ਨਾ ਜਪਦੇ ਰਿਦੇ ਮਝਾਰ। ਪਰਾ ਪਸੰਤੀ ਮੱਧਮਾ ਬੈਖਰ ਬਾਣੀ ਚਾਰ। ਬੈਖਰ ਬਾਣੀ ਚਾਰ ਬੱਤ ਹਸਤਾਮਲ ਰਾਖੀ। ਰਹੇ ਸੰਤ ਸੇ ਦੂਰ ਸੋਇ ਜੋ ਮਾਇਆ ਮਾਖੀ। ਦੱਸੇ ਭੇਤ ਨਿਰੈਣ ਸਿੰਘ ਹਰਿ ਜਨ ਜਿਉਂ ਜਪਦੇ। ਸੁਰਤ ਸਬਦ ਲਿਵ ਲੀਣ ਮੂਲਨਾ ਉੱਚੀ ਖਪਦੇ ॥ ੨ ॥ ਮਾਈ ਦੁਇ ਹਥ ਜੋੜਕੇ ਅਰਜ ਕਰੀ ਸਿਰ ਨਿਵਾਇ। ਸੋਮੇ ਉੱਪਰ ਸੰਤ ਜੀ ਕੁਟੀਆ ਲਉ ਪੁਵਾਇ। ਕੁਟੀਆ ਲਉ ਪੁਵਾਇ ਆਪ ਵਿਚ ਕਰੋ ਨਿਵਾਸਾ। ਫੇਰ ਬਦਲ ਕੇ ਆਰਹੀ ਜੋ ਰੁੱਤ ਚੁਮਾਸਾ। ਠੰਢੀ ਰੁਤਿ ਬਤੀਤ ਭਈ ਪਰਤਿ ਗਰਮੀ ਆਈ। ਭਾਗ ਭਰੀ ਹੱਥ ਜੋੜ ਕੇ ਇਵ ਆਖਤ ਮਾਈ ॥ ੩

## ॥ ਦੁਵਯਾ ਛੰਦ ॥

**ਆਇ ਬਜੀਰ ਸਿੰਘ** ਕਰ ਬੰਦਨ ਬਿਨਤੀ ਕਹੀ ਪੁਕਾਰੇ। ਦੇਵੋ ਹੁਕਮ ਸਿਰੀ ਸੰਤ ਜੀ ਕੁਟੀਆ ਹੋਇ ਤਿਆਰੇ। ਦਿਲੋਂ ਪਰੀਤੀ ਜਾਣ ਸੰਤ ਜੀ ਇਸ ਬਿਧ ਹੁਕਮ ਸੁਣਾਯਾ। ਸੋਮੇ ਊਪਰ ਕੁਟੀ ਪੁਵਾਈ ਤਖਤ ਪੋਸ਼ ਬਨਵਾਯਾ ॥ ੪ ॥ ਗੁਰੂ ਗ੍ਰੰਥ ਬੀੜ ਇਕ ਛੋਟੀ ਸੰਤਾਂ ਆਖ ਮਗਾਈ। ਕਰ ਪਰਕਾਸ਼ ਹਮੇਸ਼ਾ ਪੜ੍ਹਦੇ ਰਖਦੇ ਤਾਕ ਅੜਾਈ। ਪਤੀ ਬਜੀਰ ਸਿੰਘ ਅਰਧੰਗੀ ਭਾਗ ਭਰੀ ਮਿਲ ਔਂਦੇ ॥ ਦਰਸ਼ਣ ਕਰ ਜਾਂਦੇ ਤੇ ਭੋਜਨ ਸੰਤਾਂ ਆਇ ਛਕੌਂਦੇ ॥ ੫ ॥ ਇਕ ਦਿਨ ਆਇ ਬਜੀਰ ਸਿੰਘ ਨੇ ਬਿਨਤੀ ਆਖ ਸੁਣਾਈ। ਜੇਕਰ ਹੁਕਮ ਕਰੋਂ ਜਗਦਾਤਾ ਖੂਆਂ ਦਿਆਂ ਲਗਾਈ। ਸੁਣਕਰ ਸੰਤਾਂ ਬਚਨ ਸੁਣਾਯਾ ਜਲ ਸੋਮੇਦਾ ਚੰਗਾ ॥ ਕੂਏ ਪੁਰ ਬਹੁ ਖਰਚ ਹੋਇਗਾ ਤੁਮਰੇ ਚਿੱਤ ਉਮੰਗਾ ॥ ੬ ॥ ਕਹੇ ਬਜੀਰ ਸਿੰਘ ਹੇ ਪ੍ਰਭ ਜੀ ਖਰਚ ਕਰੂੰ ਮੈਂ ਸਾਰਾ। ਆਖਤ ਸੰਤ ਰਜਾਇ ਤੁਮਾਰੀ ਫਿਰ ਤਿਨ ਉੱਦਮ ਧਾਰਾ। ਲਾਇ ਮਜੂਰ ਕੂਪ ਖੁਦਵਾਯਾ ਪੰਦਰਾਂ ਹਾਥ ਪਟਾਯਾ। ਦਿਲ ਬਿਚ ਪਏ ਰਾਤ ਨੂੰ ਸੋਚਣ ਪਾਣੀ ਅਜੇ ਨਾ ਆਯਾ। ੭। ਦਿਵਸ ਦੂਸਰੇ ਦੇਖਣ ਜਾਕੇ ਭਰਿਆ ਕੰਢੇ ਤਾਈ ॥ ਖੁਸ਼ੀ ਹੋਇ ਸੰਤਾਂ ਨੂੰ ਆਖਤ ਜਲ ਆਯਾ ਜਗ ਸਾਂਈ। ਸੁਣ ਕਰ ਸੰਤ ਹਸ ਫਿਰ ਬੋਲੇ ਰਾਜ਼ੀ

ਤੁਸਾਂ ਚਿਤਾਰਾ। ਜਲ ਨਹਿ ਆਵਤ ਕੂਏ ਅੰਦਰ ਖਰਚ ਹੋਗਿਆ ਭਾਰਾ ॥ ੮ ॥
ਫੇਰ ਅਸੀਂ ਜਲ ਨੂੰ ਫੁਰਮਾਇਆ ਆਵੇ ਜਲ ਭੁਗਵਾਨਾ। ਤਦ ਪਾਣੀ ਸੇ ਭਰਿਆ
ਕੂਆ ਤੁਮਰਾ ਫਿਕਰ ਮਟਾਨਾ॥ ਦਿਲ ਦੀ ਬਾਤ ਸੁਣਾਈ ਸੰਤਾਂ ਸੇਵਕ ਚਰਨੀ ਲਾਗੇ
ਖੂਹ ਉਸਾਰ ਤਿਆਰ ਬਣਾਯਾ ਦਿਲਦੇ ਮਾਣ ਤਿਆਗੇ। ੯ ॥ ਫੇਰ ਬਜੀਰ ਸਿੰਘ ਨੇ
ਬਿਨਤੀ ਇਸਬਿਧ ਆਖ ਸੁਨਾਈ। ਕੂਏ ਯੱਗ ਬੁਲਾਕੇ ਸੰਗਤ ਹੁਕਮ ਕਰੋ ਜਗਸਾਈ
ਨਾਮ ਦਾਨ ਇਸਨਾਨ ਭਲੇਰਾ ਸੰਤਾਂ ਬਚਨ ਸੁਣਾਏ। ਯੱਗ ਕਰੋ ਸਰਧਾ ਧਰ ਸੇਵੇ
ਸਾਧ ਸੰਤ ਜੋ ਆਏ। ੧੦ ॥ ਸੁਣ ਕਰ ਤੁਰਤ ਬਜੀਰ ਸਿੰਘ ਨੇ ਸੋਜ ਸਭੋ ਮੰਗਵਾਈ
ਦੂਜੇ ਦਿਨ ਇਸ ਖੂਹ ਦੇ ਨੇੜੇ ਦੇਗਾਂ ਜੜੀਆਂ ਆਈ। ਸੰਗਤ ਬਹੁਤ ਨਗਰ ਦੀ
ਆਈ ਜੁਟੇ ਟਹਿਲ ਹਿਤ ਸਾਰੇ। ਦਿਨ ਦੇ ਬਾਰਾਂ ਬਜੇ ਦੇ ਤਾਈਂ ਭਏ ਤਿਆਰ
ਭੰਡਾਰੇ। ੧੧ ॥ ਬਹੁਰ ਬਜੀਰ ਸਿੰਘ ਮਨ ਅੰਦਰ ਇਹ ਸਕਲੰਪ ਉਠਾਯਾ। ਗੁਰ
ਬਾਣੀ ਦਾ ਕੀਰਤ ਕਰਦੇ ਸਬਦੀ ਜਥਾ ਨ ਆਯਾ। ਸੰਤਾਂ ਤਿਸਦੇ ਦਿਲ ਦੀ ਜਾਣੀ
ਇਸ ਬਿਧ ਬਚਨ ਸੁਣਾਏ। ਆਇ ਰਿਹਾ ਹੈ ਸਬਦੀ ਜੱਥਾ ਇਤਨੇ ਸਿੰਘ ਕੁਝ
ਆਏ ॥ ੧੨ ॥ ਸਾਜ ਟਿਕਾਇ ਬੰਦਨਾ ਕੀਤੀ ਸੰਤਾਂ ਚਰਨੀ ਲਾਗੇ।
ਆਖਤ ਸਿੰਘ ਪਾਇਕਰ ਦਰਸ਼ਣ ਆਜ ਭਏ ਵਡਭਾਗੇ।
ਕੀਰਤ ਭਲੀ ਭਾਂਤਿ ਮਿਲ ਕੀਤਾ ਸੰਤਾ ਸ਼ਬਦ ਸੁਣਾਏ। ਦੇਖ ਬਜੀਰ ਸਿੰਘ ਬਹੁ
ਸੰਗਤ ਕੁਝ ਦਿਲ ਮਹਿੰ ਘਬਰਾਏ। ੧੩ ॥ ਨਿਕਟ ਬੁਲਾਇ ਸੰਤ ਜੀ ਬੋਲੇ
ਫਿਕਰ ਕਰੋ ਨਹਿ ਭਾਈ ॥ ਕਰ ਅਰਦਾਸ ਦੇਗ ਦੇ ਨੇੜੇ ਸੰਤਾਂ ਚੌਕੜ ਲਾਈ।
ਗੁਪਤ ਸਲੋਕ ਪੜ੍ਹਨ ਤੇ ਆਖਣ ਪੰਗਤ ਸਭ ਦੀ ਲਾਵੋ।। ਸਾਡੇ ਹੱਥੋਂ ਲੈ ਲੈ
ਫੁਲਕੇ ਸਭ ਤਾਈਂ ਬਰਤਾਵੋ। ੧੪ ਪੰਗਤ ਲਾਗੀ ਫਿਰ ਬਰਤਾਵੇ ਫਿਰਨ ਬਿੱਚ
ਬਰਤੌਂਦੇ। ਖੀਰ ਕੜ੍ਹਾਹ ਦਾਲ ਤੇ ਫੁਲਕਾ ਮੁੜ ਮੁੜ ਸਭ ਨੂੰ ਪੌਂਦੇ। ਰਜ ਰਜ
ਰਹਿ* ਘਰਾਂ ਨੂੰ ਸਭ ਹੀ ਚਕ ਚਕ ਭੀ ਲੈ ਆਏ। ਭੋਜਨ ਬਹੁਤ ਰਿਹਾ ਬਚ ਪਾਛੇ
ਦੇਖ ਸਿੰਘ ਬਿਸ ਮਾਏ। ੧੫। ਬੈਠੇ ਸੰਤਾਂ ਦੇ ਚਹੁਗਿਰਦੇ ਹੇ ਪ੍ਰਭ ਸਾਚ ਬਤਾਵੇ।
ਭੋਜਨ ਥੋੜਾ ਬਚਿਆ ਜਾਦੇ ਇਹ ਬਿਧ ਕਹ ਸਮਝਾਵੇ। ਸੁਣ ਕਰ ਸੰਤ ਹਸੇ
ਫਿਰ ਬੋਲੇ ਸੁਣੋ ਗੁਰੂ ਕੇ ਦਾਸਾ। ਧਰੇ ਧਿਆਨ ਗੁਰੂ ਨਾਨਕ ਦਾ ਸੋਧ ਲਵੋ
ਅਰਦਾਸਾ। ੧੬ ॥ ਏਹ ਸਲੋਕ ਪੜ੍ਹੇ ਮਨ ਅੰਦਰ ਖੁਸ਼ੀ ਹੋਇ ਬਰਤਾਵੇ। ਸੰਗਤ
ਕੇ ਸਮਝਣ ਹਿਤ ਕਵਿਜਨ ਸੋਇ ਸਲੋਕ ਲਖਾਵੇ ॥ † ਮਹਾਂ ਪੁਰਖ ਏਹ ਸੁਤੇ
ਸਿੱਧ ਹੀ ਜਾਹਰ ਕਲਾ ਦਖਾਈ। ਧੰਨ ਧੰਨ ਕਰਦੀ ਸਭ ਸੰਗਤ ਹੀ ਉਠ ਕਰਿ
ਘਰੀਂ ਸਧਾਈ। ੧੭ ॥ ਭੋਜਨ ਏਸ ਭੰਡਾਰੇ ਕੇਰਾ ਸੰਤਾਂ ਭੀ ਮੁਖ ਪਾਯਾ। ਬਹੁਰ
ਕੁਟੀ ਜੋ ਸੋਮੇ ਉਪਰ ਤਿਸ ਮਹਿ ਆਸਣ ਲਾਯਾ। ਏਸ ਯਗ ਤੋਂ ਪਾਛੇ ਸੰਤਾਂ ਅਨੂ
ਪਾਨ ਤਜ ਦੀਨਾ। ਚਾਲੀਸਾ ਤਪ ਕਰਣਨੇ ਕੇਰਾ ਦਿਲ ਮਹਿੰ ਫੁਰਨਾ ਕੀਨਾ।

* ਤਿਚਰ ਮੂਲਨਾ ਥੁੜੀਦੋਂ ਜਿਚਰ ਆਪਿ ਕਿਰਪਾਲੁ ਸਬਦੁ ਅਖੁਟ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ

੧੮। ਮਾਈ ਭਾਗ ਭਰੀ ਦੇ ਸਾਥ ਬਜੀਰ ਸਿੰਘ ਭੀ ਆਯਾ॥ ਯਗ ਤੋਂ ਪਾਛੇ ਦਿਵਸ ਸਤਮੇ ਸੰਤਾਂ ਨੇ ਫੁਰਮਾਯਾ॥ ਕਰੋ ਤਿਆਰ ਦਾਤਣਾਂ ਚਾਲੀ ਕੁਟੀਆ ਬਿਖੇ ਰਖਾਵੇ। ਚਾਲੀ ਦਿਨ ਸਾਡੀ ਕੁਟੀਆ ਦੇ ਕਦੇ ਨਜੀਕ ਨ ਆਵੇ। ੧੯। ਤੁਰਤ ਬਜੀਰ ਸਿੰਘ ਕਟਿ ਦਾਤਣ ਕੁਟੀਆ ਬਿਖੇ ਰਖਾਈ। ਚਾਲੀ ਦਿਨ ਦਰਸ਼ਣ ਨਹਿ ਹੋ ਸੀ ਇਹ ਸੁਣ ਚਿੰਤਾ ਪਾਈ। ਬਚਨ ਮਾਨ ਦੰਪਤ ਮਿਲ ਦੋਵੇਂ ਫਿਕਰ ਭਰੇ ਘਰ ਆਏ। ਸੰਤਾਂ ਬੜ ਕੁਟੀਆ ਕੇ ਮਾਹੀਂ ਅੰਦੋਂ ਤਾਕ ਅੜਾਏ॥ ੨੦

## ਕੁੰਡਲੀਆ ਛੰਦ

ਕੁਟੀਆ ਅੰਦਰ ਬੈਠ ਕੇ ਲੀਨੇ ਤਾਕ ਲਗਾਇ। ਕਰਦੇ ਜਾਪ ਅਕਾਲ ਕੇ ਸੁਨ ਸੁਮਾਧੀ ਲਾਇ। ਸੁਨ ਸਮਾਧੀ ਲਾਇ ਗਏ ਪਦ ਚੌਥੇ ਅੰਦਰ। ਖਾਲੀ ਭਯੋ ਸਰੀਰ ਜਿਵੇ ਨਰ ਬਾਝੋਂ ਮੰਦਰ। ਸੇਵਕ ਆਵਣ ਨਿੱਤ ਮਨੋ ਤਿਨ ਧੀਰਜ ਛੁਟੀਆ। ਚਾਲੀ ਦਿਨ ਜਗ ਨਾਥ ਰਹੇ ਸਜ ਅੰਦਰ ਕੁਟੀਆ। ੨੧।

## ਦੁਵਯਾ ਛੰਦ

ਮਾਈ ਭਾਗਭਰੀ ਲੈਆਵੇ ਭੋਜਨ ਰੋਜ ਬਣਾਕੇ। ਕੁਟੀਆ ਦੇ ਚਹੁਤਰਫੇ ਫਿਰਕੇ ਬੈਠੇ ਦਰ ਵਲ ਆਕੇ॥ ਛਿਨ ਛਿਨ ਮਨ ਦੇ ਅੰਦਰ ਆਖੇ ਹੇ ਸਭ ਦੇ ਸੁਖਦਾਈ। ਕੁਟੀਆ ਖੋਲ੍ਹ ਛਕੋ ਪ੍ਰਭ ਭੋਜਨ ਬਹੁਤੀ ਡੇਰ ਬਿਹਾਈ। ੨੨। ਇਸਬਿਧ ਚਾਲੀ ਦਿਵਸ ਬਤੀਤੇ ਸੰਤਾਂ ਕੁਟੀਆ ਖੋਲ੍ਹੀ। ਮਿਲ ਦੰਪਤਿ ਦਰਸਣ ਹਿਤ ਆਏ ਜਾਵਣ ਬਾਰੀ ਘੋਲੀ॥ ਕੁਟੀਆ ਦੇ ਦਰ ਆਗੇ ਆਕੇ ਬੈਠੇ ਸੀਸ ਨਿਵਾਕੇ। ਮਾਈ ਭਾਗਭਰੀ ਨੇ ਇਸ ਬਿਧ ਬਿਨਤੀ ਕਰੀ ਸੁਣਾਕੇ। ੨੩॥ ਕੁਟੀਆ ਤੇ ਬਾਹਰ ਪ੍ਰਭ ਆਵੋ ਬੈਠੇ ਦਰਸ ਦਿਖਾਵੋ। ਸੁਣ ਬੇਨੰਤੀ ਆਖਤ ਪ੍ਰਭ ਜੀ ਅੰਦਰ ਦਰਸ਼ਨ ਪਾਵੋ। ਛੇਕ ਮਹੀਨੇ ਮਨਸਾ ਸਾਡੀ ਅੰਦਰ ਠਹਿਰਨ ਕੇਰੀ। ਇਤਨਾਂ ਸੁਣ ਕਰ ਭਾਗਭਰੀ ਨੇ ਬਿਨਤੀ ਕਰੀ ਘਨੇਰੀ। ੨੪। ਕੁਝ ਦਿਨ ਬਾਹਰ ਬਿਰਰੋ ਪ੍ਰਭਜੀ ਭੋਜਨ ਭੀ ਮੁਖ ਪਾਵੋ। ਦਮ ਲੈਕੇ ਫਿਰ ਜੈਸਾ ਭਾਵੇ ਤੈਸਾ ਹੀ ਤਪ ਤਾਵੋ॥ ਇਤਨਾ ਆਖ ਕੁਟੀ ਦੇ ਅੰਦਰ ਜਾਇ ਬੰਦਨਾ ਕੀਤੀ। ਹਰਿਜਨ ਭੀ ਉਠ ਬਾਹਰ ਆਏ ਦਿਲ ਦੀ ਜਾਣ ਪਰੀਤੀ। ੨੫॥ ਮਾਈ ਭਾਗਭਰੀ ਘਿਉ ਲੈਕੇ ਮਾਲਸ਼ ਕਰੀ ਘਨੇਰੀ। ਮਖਣੀ ਸੀਸ ਤਾਲੂਏ ਝੱਸੀ ਖੁਸ਼ਕੀ ਜਾਣ ਬਛੇਰੀ। ਕੁਝ ਦਿਨ ਖਿਚੜੀ ਰਹੀ ਛਕੌਂਦੀ ਬਿੱਚ ਪੰਜਮਾ ਪਾਕੇ॥ ਕਸੀਂ ਭੀ ਇਸਨਾਨ ਕਰਾਯਾ ਸੇਵਤ ਮਨ ਚਿਤ ਲਾਕੇ॥ ੨੬॥ ਮਸਤਕ ਚਮਕੇ ਸ਼ਾਂਤੀ ਭਰਿਆ ਤਨ ਪਿੰਜਰ ਸਮ ਹੋਯਾ॥ ਹਰਿ ਹਰਿਜਨ ਮਿਲ ਏਕੋ ਹੋਏ ਭੇਦ ਭਰਮ ਸਭ ਖੋਯਾ। ਦੋਇ ਮਹੀਨੇ ਇਸ ਬਿਧ ਬੀਤੇ ਫਿਰ ਭੋਜਨ ਤਜ ਦੀਨਾ। ਮਾਈ ਕਹੇ ਚਿਲੇ ਫਿਰ ਪੈਸੋ ਪਹਿਲੇ ਹੀ ਲਖ ਲੀਨਾ। ੨੭। ਬਿਨਤੀ ਕਰੇ ਬਜੀਰ ਸਿੰਘ ਜੀ ਸੁਣੋ ਜਗਤ ਕੇ ਸਾਈਂ। ਭੋਜਨ ਤਜ ਕੁਟੀਆ ਬੰਦ ਕਰਸੋ ਤਵ ਹਉ ਘਰ ਨਹਿ

ਜਾਈ। ਕੁਟੀਆ ਦੇ ਦਰਿ ਆਗੇ ਬੈਠੇ ਭੋਜਨ ਹਮ ਨਹਿ ਦੈਹੈ । ਤਉ ਖੈਹੈਂ ਜੇ ਤੁਝ ਮੁਖ ਪੈਹੈਂ ਨਹਿ ਭੁਖੇ ਮਰ ਜੈਹੈਂ । ੨੮ । ਦੇਖ ਪਰੀਤੀ ਦਾਸਾਂ ਕੇਰੀ ਸੰਤਾਂ ਬਚਨ ਸੁਣਾਏ। ਚਿਲਾ ਮੋਇ ਮਨਜ਼ੂਰਨ ਹੋਵਤ ਜਿਸ ਮਹਿ ਭੋਜਨ ਖਾਏ। ਆਖਤ ਪ੍ਰਭ ਜੀ ਸੁਣੋ ਪਰੇਮੀ ਏਹ ਕੁਟੀ ਦਾ ਆਲਾ॥ ਇਸ ਮਹਿ ਪਾਉ ਦੂਧ ਧਰ ਜਾਣਾ ਤੁਮਰਾ ਭ੍ਰਾਤ੍ਰਿ ਬਸਾਲਾ । ੨੯। ਲਹੁਵੇ ਬਖਤ ਪਾਉ ਸਰਦਾਈ ਇਕ ਦਾਤਣ ਧਰ ਜਾਣੀ। ਕੁਟੀਆ ਦੇ ਭੀਤਰ ਹੈ ਸੋਮਾ ਸੇ ਬਰਤਾਂਗੇ ਪਾਣੀ। ਏਸ ਭਾਂਤ ਸਮਝਾਕੇ ਸੰਤਾਂ ਦਾਸਾਂ ਧੀਰ ਧਰਾਈ । ਛੇਕ ਮਹੀਨੇ ਬੰਦ ਰਹਾਂਗੇ ਮਤਿ ਜਾਣਾ ਘਬਰਾਈ। ੩੦। ਇਤਨਾ ਆਖ ਕੁਟੀ ਮਹਿ ਬੈਠੇ ਅੰਦਰੋਂ ਤਾਕ ਲਗਾਏ। ਪਾਰ ਬ੍ਰਹਮ ਸੇ ਲਾਗੀ ਡੋਰੀ ਬੇਗਮ ਪੁਰੇ ਸਿਧਾਏ॥ ਭਾਗਭਰੀ ਤੇ ਪਤੀ ਏਸ ਦਾ ਆਵਣ ਉਠਿ ਸਵੇਰ। ਕੁਟੀਆ ਗਿਰਦ ਕਰਨ ਪਰ ਦੱਖਣ ਬੰਦਨ ਕਰਨ ਅਗੇਰੇ। ੩੧। ਦੂਧ ਔਰ ਸਰਦਾਈ ਧਰਨੇ ਰੋਜ ਦੁਵਖਤੇ ਔਂਦੇ। ਦਾਤਣ ਧਰ ਜਾਵਣ ਬਿਚ ਆਲੇ ਹਿਤ ਕਰ ਸੀਸ ਨਿਵੌਂਦੇ। ਇਸ ਬਿਧ ਬੀਤ ਗਏ ਖਟਿ ਮਾਸਾ ਦਰਸ਼ਣ ਚਾਹ ਘਨੇਰੀ। ਸੰਤਾਂ ਨੇ ਕੁਟੀਆ ਦਰ ਖੋਲ੍ਹਾ ਸੁਣ ਆਏ ਬਿਨ ਡੇਰੀ ੩੨ । ਆਇ ਧਰੇ ਚਰਨਾਂ ਤੇ ਮਸਤਕ ਗਦ ਗਦ ਬਾਣੀ ਬੋਲੀ। ਭਰੇ ਬਰਾਗ ਕਹਣ ਮਿਲ ਦੰਪਤ ਹਉ ਵਾਰੀ ਘੋਲੀ। ਸਿਥਲ ਸਰੀਰ ਸੰਤ ਜੀ ਕੇਰਾ ਦੇਖ ਭਏ ਬਿਸਮਾਦਾ । ਬੀਤ ਗਏ ਛੇ ਮਾਸ ਹਰੀਜਨ ਅੰਨ ਮੂਲ ਨਾ ਖਾਧਾ। ੩੩॥ ਘਿਉ ਦੀ ਮਾਲਸ਼ ਕਰੀ ਜਗਲ ਤਨ ਸੀਸ ਤਾਲੂਏ ਮਾਹੀ। ਦਸ ਦਿਨ ਦੇਧੀ ਰਹੇ ਛਕੌਂਦੇ ਅੰਨ ਹਜਮ ਸੀ ਨਾਹੀ।

ਇਕ ਦਿਨ ਬੈਠੇ ਸੰਤ ਹਰੀ ਜਨ ਸ਼ੰਗਤ ਪਾਸ ਘਨੇਰੀ। ਬਚਨ ਕਰੇ ਸੰਤਾਂ ਇਸ ਭ੍ਰਾਂਤੀ ਧਰਤੀ ਏਹ ਭਲੇਰੀ। ੩੪। ਮਹਾਂਅਨੰਦ ਹੋਤ ਲਿਵ ਲਾਗੀ ਇਹ ਸਾਡੇ ਦਿਲ ਭਾਵੇਂ। ਕਈ ਬਰਸ ਬੀਤਣ ਲਿਵ ਲਾਗੀ ਤਨ ਬਰਮੀ ਹੋ ਜਾਵੇ। ਏਹ ਬਚਨ ਸੁਣ ਸੰਗਤ ਨੇ ਮਿਲ ਇਸ ਬਿਧ ਅਰਜ ਗੁਜਾਰੀ ॥ ਏਹ ਦੇਹ ਜੋ ਤੁਮਰੀ ਹਰਿ ਜਨ ਇਹ ਸਾਡੇ ਹਿਤਧਾਰੀ। ੩੫। ਦੇਹ ਸਨੇਹ ਆਪਕੋ ਨਾਹੀਂ ਪਰਉਪਕਾਰੀ ਆਏ ਜੀਅ ਦਾਨਦੇ ਭਗਤੀਲਾਵੋ ਹਰਿ ਸੰਗ ਲਉ ਮਲਾਏ। ਅਵਤਉ ਸਿਥਲ ਸਰੀਰ ਘਨੇਰਾ ਝਬਦੇ ਚਿਲੇ ਨ ਪੈਣਾ। ਕੁਝ ਦਿਨ ਕਰੋ ਅਰਾਮ ਹਰੀਜਨ ਬਹੁਰ ਚਿਲਾ ਕੱਢ ਲੈਣਾ। ੩੬। ਸੰਗਤ ਕੀ ਬਿਨਤੀ ਸੁਣ ਪ੍ਰਭ ਜੀ ਠਹਿਰੇ ਦੋਇ ਮਹੀਨ। ਬਹੁਰ ਸਾਲ ਭਰ ਚਿਲਾ ਕਟਣ ਦੇ ਬੈਠ ਗੁਰਮਤੇ ਕੀਨੇ। ਸੁਣ ਕਰ ਭਏ ਉਦਾਸ ਪਰੇਮੀ ਦਰਸ਼ਨ ਦੇ ਅਭਿਲਾਖੀ। ਕੁਟੀਆ ਅੰਦਰ ਰਹਿਣ ਸੰਤ ਜੀ ਦਰਸ਼ਣ ਤਰਸਣ ਆਖੀ ॥ ੩੭ ॥

**ਇਤ ਸਿਰੀ ਸੰਤ ਬਲਾਸ ਗ੍ਰਿੰਥੇ ਦੂਸਰ ਅਵਸਥੇ ਸੰਤ ਸਾਹਿਬ ਜੀ ਮਹਾਰਾਜ ਕੇ ਚਾਲੀ ਦਿਨ ਫਿਰ ਛੇ ਮਹੀਨੇ ਕੁਟੀਆ ਅੰਦਰ ਬੈਠ ਭਾਰੀ ਤਪ ਕਰਨ ਪ੍ਰਸੰਗ ਬਰਨਨ ਨਾਮ ਇਕਾਦਸਵੋ ਧਿਆਇ ॥ ੧੧ ॥ ਸੰਮਤ ੧੯੫੧ ਬਿਕ੍ਰਮੀ ਸ਼ੁਰੂ ਭਯਾ ਸੰਤ ਸਾਹਿਬ ਜੀ ਕੀ ਆਰਵਲਾ ਦਾ ਉਣੱਤੀਸਵੇਂ ਸਾਲ ਸ਼ੁਰੂ ਭਯਾ।**

## ਦੋਹਿਰਾ

ਕੁਟੀ ਬੰਦ ਕਰ ਸੰਤ ਜੀ ਤਪੁ ਤਾਪਨ ਇਕ ਸਾਲ। ਇਹ ਸੁਣ ਕਹੇ ਬਜੀਰ ਸਿੰਘ ਚਰਨੀ ਧਰ ਧਰ ਭਾਲ।੧। ਹੇ ਪ੍ਰਭ ਭੋਜਨ ਛਕਣ ਦਾ ਪਹਿਲੇ ਕਰੋ ਕਰਾਰ। ਜੈਸਾ ਛਕੋ ਸੁਆਖੀਐ ਹੋਸੀ ਰੋਜ ਤਿਆਰ। ੨।

## ਦੁਵਯਾ ਛੰਦ

ਸੁਣਕਰ ਬਿਨਤੀ ਸੇਵਕ ਕੇਰੀ ਸੰਤਾਂ ਨੇ ਸਮਝਾਯਾ। ਅੰਨ ਖਾਇਕਰ ਬੈਠਣ ਮੁਸ਼ਕਲ ਤਉ ਹਮ ਚਾਹਤ ਨ ਖਾਯਾ। ਕਹੇ ਬਜੀਰ ਸਿੰਘ ਹੇ ਪ੍ਰਭ ਜੀ ਅਵਰ ਗਿਜਾ ਛਕ ਲੈਣੀ ਬਿਨਾ ਛਕੇ ਕਲਯੁਗ ਦੇ ਅੰਦਰ ਦੇਹੀ ਮੁਸ਼ਕਲ ਰਹਿਣੀ।੩। ਸੁਣ ਕਰ ਸੰਤ ਹਸੇ ਫਿਰ ਬੋਲੇ ਇਹ ਕੁਝ ਅਚਰਜ ਨਾਹੀ। ਜਿਸ ਮਨ ਚਢਿਆ ਦਸਮ ਅਕਾਸ਼ੇ ਊਂਘ ਭੁੱਖ ਨਹਿ ਤਾਹੀ। ਭਾਗ ਭਰੀ ਭੀ ਖਿਨ ਖਿਨ ਆਖਤ ਹੇ ਪ੍ਰਭ ਛਕਣਾ ਚਹੀਐ। ਜੋ ਕੁਝ ਮਾਫਕ ਹੇ ਜਗ ਦਾਤਾ ਸੋਈ ਹਮਕਉ ਕਹੀਐ। ਬਹੁਤ ਪਰੇਮ ਦੇਖ ਜਗ ਸਾਈਂ ਇਸ ਬਿਧ ਬਚਨ ਸੁਣਾਯਾ। ਸੁਭੇ ਦੂਧ ਸਰਦਾਈ ਆਥਣ ਆਲੇ ਬਿਖੇ ਰਖਾਯਾ। ਬਖਤ ਸ਼ਿਆਮ ਕੌਲ ਇਕ ਸਬਜੀ ਦਾਤਣ ਇਹ ਧਰ ਜਾਣਾ। ਹੋਇ ਜਰੂਰਤ ਤਉ ਛਕ ਲੈਹੈਂ ਅਵਰ ਨਹੀਂ ਕੁਝ ਖਾਣਾ। ੫। ਬਹੁਰ ਬਜੀਰ ਸਿੰਘ ਨੇ ਬਿਨਤੀ ਇਸਬਿਧ ਆਖ ਸੁਣਾਈ। ਦਿਵਸ ਅਠਵੇਂ ਕੇਸ ਸਿਨਾਨੇ ਦਹੀਂ ਧਰਾਂਗੇ ਸਾਈ। ਇਹ ਬਿਨਤੀ ਸੰਤਾਂ ਮਨ ਲੀਤੀ ਸੇਵਕ ਚਰਨੀ ਲਾਗੇ। ਏਕ ਸਾਲ ਦਾ ਜਾਣ ਬਛੋੜਾ ਦਿਲ ਮਹਿ ਬਹੁਤ ਬਰਾਗੇ। ੬। ਬੰਦਨ ਕਰਕੇ ਘਰ ਨੂੰ ਆਏ ਬਹੁਤ ਚਿਤ ਮੁਰਝਾਏ। ਚਾਰ ਪਹਰ ਚਹੁ ਜੁਗਾ ਸੁਮਾਨੇ ਕਿਸਬਿਧ ਸਾਲ ਬਿਹਾਏ। ਦਿਵਸ ਦੂਸਰੇ ਅੰਮ੍ਰਿਤ ਬੇਲੇ ਸੰਤਾਂ ਸੋਧ ਇਸਨਾਨਾ। ਕੁਟੀ ਬੰਦ ਕਰ ਪਾਰ ਬ੍ਰਹਮ ਸੇ ਬੈਠੇ ਜੋੜ ਧਿਆਨਾ। ੭। ਏਕ ਬਸਾਖ ਬਸਾਖੀ ਦੇ ਦਿਨ ਸੰਤਾਂ ਤਾਕ ਅੜਾਏ। ਇਸ ਦਿਨ ਸਤਗੁਰ ਪੰਜ ਪਿਆਰੇ ਅਪਣਾ ਰੂਪ ਬਣਾਏ। ਭਾਗਭਰੀ ਦੁਧ ਤੇ ਸਰਧਾਈ ਸਬਜੀ ਨਿਤ ਧਰ ਜਾਵੇ। ਕੁਟੀ ਗਿਰਦ ਪਰਕਰਮਾ ਕਰਕੇ ਆਗ ਸੀਸ ਨਿਵਾਵੇ। ੮। ਪੋਠੋਹਾਰ ਦੇਸ ਦੇ ਅੰਦਰ ਖਬਰ ਗਈ ਸੁਧ ਸਾਰੇ। ਏਕ ਸਾਲ ਭਰ ਕਰਨ ਕਠਨ ਤਪ ਸੰਤਾਂ ਧਾਰਨ

Sri Satguru Jagjit Singh Ji eLibrary NamdhariElibrary@gmail.com

ਧਾਰੇ । ਸਬਜੀ ਛਕਣ ਦੁਧ ਸਰਦਾਈ ਇਹ ਭੀ ਕਦੇ ਕਦਾਈ । ਇਹ ਸੁਣ ਜੋ ਸਿੰਘ ਸ਼ਹਿਰ ਨਿਵਾਸੀ ਸਬਜੀ ਦੇਣ ਪੁਚਾਈ । ੯ । ਮਾਈ ਭਾਗਭਰੀ ਦੇ ਘਰ ਬਿੱਚ ਸਬਜੀ ਰਹੇ ਘਨੇਰੀ । ਇਕ ਆਖੇ ਅਜ ਮੇਰੀ ਧਰਿਓ ਦੂਜਾ ਆਖੇ ਮੇਰੀ । ਮਾਈ ਭਾਗ ਭਰੀ ਦੋ ਵੇਲੇ ਧਰੇ ਦੁਧ ਸਰਦਾਈ ॥ ਇਕ ਦਿਨ ਕੁਟੀ ਪਾਸ ਹੋ ਸੁਣਦੀ ਸਾਸ ਬਿੜਕ ਨਹਿ ਆਈ । ੧੦ । ਆਇ ਬਜੀਰ ਸਿੰਘ ਪਹਿ ਬੋਲੀ ਸਾਸ ਬਿੜਕ ਨਹਿ ਹੋਈ ॥ ਕੇਜਾਪੇ ਦੇਹੀ ਕਿਸ ਭਾਂਤੀ ਜੀਵਤ ਹੈਕੇ ਮੋਈ ॥

ਕਹਿਤ ਬਜੀਰ ਸਿੰਘ ਸੁਣ ਝੱਲੀ ਸੰਤ ਜਗਤ ਕੀ ਜਿੰਦੂ। ਧਰਮਰਾਜ ਭੀ ਸੇਵ ਕੁਮਾਵਤ ਟਹਿਲ ਕਰਤ ਸੁਰ ਗਿੰਦੂ ੧੧ ਸੁਣੋ ਸਰੋਤਾ ਸੇਵਕ ਇਸਬਿਧ ਗਿਣਦੇ ਰੋਜ ਦਿਹਾਰੇ । ਜਿਉ ਚਕਵੀ ਸੂਰਜ ਨੂੰ ਖਿਨ ਖਿਨ ਪਤਿ ਕੇ ਹੇਤ ਚਿਤਾਰੇ ॥ ਜਿਉ ਤਰਨੀ ਪਰਦੇਸ ਪਤੀ ਕਉ ਕਰੇ ਮਿਲਨ ਦੀ ਆਸਾ । ਘਰ ਨਹਿ ਆਵੇ ਮਰੀਐ ਹਾਵੇ ਏਕ ਘੜੀ ਖਟ ਮਾਸਾ ॥ ੧੨ ਜਿਵੇਂ ਬਬੀਹਾ ਸ੍ਵਾਂਤ ਬੂੰਦ ਕਉ ਬਾਦਲ ਦੇਖੇ ਬੋਲੇ । ਗਈ ਮਾਘ ਆਈ ਰੁਤਿ ਜਾੜਾ ਪੇਖਤਹੀ ਮਨ ਡੋਲੇਂ ॥ ਸਰਦੀ ਬਿਖੇ ਸੰਤ ਜੀ ਕਿਸਬਿਧ ਛਕਦੇ ਨਿਤ ਸਰਧਾਈ । ਹੁਕਮ ਪਾਇ ਧਰਦੇ ਨਿਤ ਸੇਵਕ ਛਕਣ ਕਿਨਾ ਜਗ ਸਾਈਂ ॥ ੧੩ ॥ ਗੁਰ ਤ੍ਰਿਪਤੇ ਗੁਰ ਸਿੱਖ ਮੁਖ ਪਾਵੇ ਤਿਉ ਬਾਲਕ ਤੇ ਮਾਤਾ । ਤਿਨ ਕਉ ਨੀਂਦ ਭੂਖ ਕਹੁ ਕੈਸੀ ਪਾਰ ਬ੍ਰਹਮ ਮਨ ਰਾਤਾ ॥ ਸੇਵਕ ਸੰਸਾ ਕਰਨ ਪੈਰਾ ਸਕਦੇ ਨਾਹਿ ਬੁਲਾਈ । ਏਕ ਸਾਲ ਦੀ ਮੁਹਲਤ ਕਰ ਕੇ ਪ੍ਰਭੂ ਸਮਾਧੀ ਲਾਈ ॥ ੧੪ । ਡੋਲ ਸੁਮੇਰ ਟਰੇ ਧ੍ਰੂ ਮੰਡਲ ਪੱਛਮ ਚੜ੍ਹੇ ਦਿਨੰਦਾ ॥ ਗੰਗ ਜਮਨ ਜੇ ਉਲਟੀ ਜਾਵੇ ਗੈਂਚਾਰੇ ਮ੍ਰਿਗਿੰਦਾ ॥ ਇਹ ਸਭ ਹੋਇਤ ਅਚਰਜ ਨਾਹੀ ਸੰਤ ਸੁਮਾਧਨ ਡੋਲੇ । ਹਰਿਕਾ ਸੰਤ ਸੁ ਹਰਿਹੀ ਜੇਹਾ ਭੇਧਨ ਮਾਣਸ ਚੋਲ੍ਹੇ ੧੫ ॥ ਆਪੇ ਹੀ ਤਪ ਤਾਪੇ ਪ੍ਰਭ ਜੀ ਆਪੇ ਸਿਮਰੇ ਨਾਮਾ । ਸੰਤ ਔਰ ਗੋਬਿੰਦ ਕੇ ਸ੍ਰੋਤਾ ਜਾਣੋ ਏਕੋ ਕਾਮਾ ॥ ਹਮਰੇ ਭਰਤਾ ਬਡੇ ਬਿਬੇਕੀ ਆਪੇ ਸੰਤ ਕਹਾਵੈ । ਓਹੁ ਹਮਾਰੇ ਮਾਥੇ ਕਾਇਮ ਮਾਯਾ ਨਿਕਟ ਨ ਆਵੈ ॥ ੧੬ ॥ ਗਿਣਦੇ ਗਿਣਦੇ ਸਾਲ ਬਤੀਤਾ ਮਿਲ ਆਏ ਨਰ ਨਾਰਾ । ਦਿਵਸ ਬਸਾਖੀ ਦਰਸ਼ਣ ਦੀਨਾ ਸੰਤਾਂ ਖੋਲ੍ਹ ਕਿਵਾਰਾ । ਸਭ ਹੀ ਬੰਦਨ ਕਰ ਕਰ ਆਖਣ ਧੰਨ ਹਰੀਜਨ ਪੂਰਾ । ਮਸਤਕ ਜਗ ਮਗ ਜੋਤ ਪ੍ਰਕਾਸੀ ਭਯੋ ਸਰੀਰ ਅਧੂਰਾ । ੧੭ ॥ ਮਾਈ ਭਾਗਭਰੀ ਘਿਉ ਲੈਕੇ ਮਾਲਸ ਕਰਨੇ ਲਾਗੀ ॥ ਦੇਖ ਬਜੀਰ ਸਿੰਘ ਜੀ ਬੋਲੇ ਆਜ ਘੜੀ ਬਡਭਾਗੀ । ਏਕ ਨਿਮਖ ਦਰਸ਼ਣ ਬਿਨ ਪ੍ਰਭ ਜੀ ਕੋਟ ਦਿਵਸ ਲਖ ਬੱਰੀਆ । ਦਰਸ਼ਣ ਪਾਇ ਭਈ ਮਨ ਸਾਂਤੀ ਮਿਲੇ ਲਾਲ ਮਨ ਹਰੀਆ । ੧੮ । ਅਵਮੈ ਪੇਖਿਓ ਸਭ ਤੇ ਊਚਾ ਮੋਹਨ ਸਭ ਊਚਾ । ਜਾਕੋ ਸਮ ਸਰ ਅਵਰ ਨ ਦੂਜਾ ਢੂੰਡ ਰਹੇ ਹਮ ਮੂਚਾ । ਮਾਸ ਬਿਨਾ ਨਾੜੀ ਤੇ ਅਸਤੀ ਐਸੋ ਭਯੋ ਸਰੀਰਾ । ਨੌ ਵਾਰੀ ਮੈ ਘੋਲੀ ਪ੍ਰਭ ਜੀ ਆਖਤ ਸਿੰਘ ਬਜੀਰਾ । ੧੯

Sri Satguru Jagjit Singh Ji eLibrary NamdhariElibrary@gmail.com

ਸੁਣੋ ਸਰੋਤਾ ਖਬਰ ਭਈ ਜਦ ਖੋਲੇ ਪ੍ਰਭੂ ਕਿਵਾਰਾ । ਦਰਸ਼ਣ ਦੇ ਹਿਤ ਆਵਣ ਲਾਗੇ ਮਿਲ ਦੂਹੋਂ ਨਰ ਨਾਰਾ। ਗਹਿਮਾ ਗਹਿਮ ਰਹੇ ਹਰਿ ਵੇਲੇ ਕੀਰਤ ਗਾਵਣ ਰਾਗੀ। ਇਕ ਆਵਣ ਇਕ ਮੁੜ ਮੁੜ ਜਾਵਣ ਰਹੇ ਨਾਮ ਧੁਨ ਲਾਗੀ ੨੦ । ਧਨ ਗੁਰ ਧਨ ਗੁਰ ਤਪਲੋ ਅਖਣ ਤੂੰ ਹਰਿ ਤੂੰ ਹਰਿ ਮੋਨੀ। ਨਾਗ ਪਾਇ ਕਰ ਗਾਵਣ ਰਾਗੀ ਹੇ ਪ੍ਰਭ ਕਾਟੋ ਜੋਨੀ । ਮਿਲਿਆ ਸਰਬ ਘਟਾਂ ਦਾ ਮਾਲਕ ਚੋਜੀ ਸਭ ਦਾ ਵਾਲੀ। ਮਨੋ ਕਮਨਾ ਪੂਰੇ ਸਭ ਦੀ ਕੋਇਨ ਜਾਵਤ ਖਾਲੀ । ੨੧ ॥ ਸੰਤਾਂ ਕੀਤੀ ਕਠਨ ਸਾਧਨਾ ਤਨ ਪਿੰਜਰ ਸਮ ਹੋਯਾ। ਰੰਗ ਸਿਆਮ ਭਯਾ ਤਨ ਕੇਰਾ ਜਾਵਤ ਨਾਹਿ ਖਲੋਯਾ । ਨਿਤਾ ਪਰਤ ਹੀ ਮਾਲਸ ਕਰਦੀ ਭਾਗਭਰੀ ਘਿਉ ਲੈਕੇ। ਬੈਠੇ ਰਹਿਣ ਸਦਾ ਜਗ ਸਾਈਂ ਕਦੇ ਨ ਸੋਵਤ ਪੈਕੇ। ੨੨ । ਏਕ ਬਰਾਗਣ ਪਾਸ ਰਖੇਂਦੇ ਲਾਵਣ ਤਿਸੇ ਸਹਾਰਾ । ਭਾਰੀ ਯੱਗ ਕਰਨ ਹਿਤ ਸੰਗਤ ਕਰਦੀ ਬੈਠ ਬਿਚਾਰਾ । ਘਿਉ ਮਿਠਾ ਆਟਾ ਤੇ ਚਾਵਲ ਸਭ ਹੀ ਦੇ ਦੇ ਜਾਂਦੇ । ਧਰ ਧਰ ਮੁੜਦੇ ਕਰ ਕਰ ਬੰਦਨ ਏਕ ਚਲੇ ਹੀ ਆਂਦੇ ॥ ੨੩ । ਨਿਕਟ ਗਰਾਂਮਾ ਸ਼ਹਿਰਾਂ ਵਾਲੇ ਦੇ ਗਏ ਰਸਤ ਘਨੇਰੀ ॥ ਦਰਸ਼ਣ ਦੇ ਅਭਿਲਾਖੀ ਭੀ ਨਿਤ ਪਾਵਣ ਲਾਗੇ ਫੇਰੀ । ਸੁਣੋ ਸਰੋਤਾ ਇਸ ਧਰਤੀ ਬਿਚ ਹੋਯੋ ਏਕ ਫਕੀਰਾ । ਤਿਨ ਭੀ ਕਠਨ ਸਾਧਨਾ ਕੀਤੀ ਨਿਰਬਲ ਭਯੋ ਸਰੀਰਾ । ੨੪ ॥ ਚੱੜਦੇ ਦਿਸ ਨਗਰੋਂ ਅਸਥਾਨਾ ਜਹਾ ਫਕੀਰ ਨਿਵਾਸਾ। ਡੇਰ ਭਈ ਹੇ ਗੁਜਰੇ ਤਾਈ ਗੁਰਪੁਰ ਕੀਨੇ ਬਾਸਾ ॥ ਬਹੁਰ ਏਸ ਭੂੰਗੀ ਦੇ ਅੰਦਰ ਸੰਤਾਂ ਬਹੁ ਤਪ ਤਾਏ। ਪਾਰਸ ਭੇਟ ਭਏ ਬਹੁ ਪਾਰਸ ਕੇਤੇ ਪਾਰ ਲੰਘਾਏ ॥ ੨੫ ॥

**ਇਤ ਸਿਰੀ ਸੰਤ ਬਲਾਸ ਗ੍ਰਿੰਥੇ ਦੂਸਰ ਅਵਸਥੇ ਸੰਤ ਮਹਾਰਾਜ ਜੀ ਕੇ ਏਕ ਸਾਲ ਸੋਮੇ ਵਾਲੀ ਕੁਟੀ ਅੰਦਰ ਬੈਠ ਭਾਰ੍ਰੀ ਤਪ ਕਰਨ ਪ੍ਰਸੰਗ ਬਰਨਨ ਨਾਮ ਦੁਆਦਸਵੇਂ ਧਿਆਇ। ੧੨ । ਸੰਮਤ ੧੯੫੨ ਬ੍ਰਿਕਮੀ ਸ਼ੁਰੂ ਭਯਾ ਸੰਤ ਮਹਾਰਾਜ ਕੀ ਆਰਵਲਾ ਦਾ ਤੀਸਵੇਂ ਸਾਲ ਸ਼ੁਰੂ ਭਯਾ।**

## [ ਦੋਹਿਰਾ ]

ਯੱਗ ਕਰਨ ਹਿਤ ਸੰਗਤਾਂ ਜੁੜੀਆ ਅਪਰ ਅਪਾਰ। ਕੀਰਤ ਗਾਵਤ ਰਾਗ ਧੁਨ ਹੋਵਤ ਜੈ ਜੈ ਕਾਰ। ੧ ।

## ॥ ਦੁਵਯਾ ਛੰਦ ॥

ਦੀਰਘ ਜੋੜ ਮਿਲ ਕਰ ਸੰਗਤ ਯੱਗ ਪਕਾਵਣ ਲਾਗੀ। ਖੀਰ ਕੜਾਹ ਪੂਰੀਆਂ ਕਣ ਕੀਰਤ ਗਾਵਣ ਰਾਗੀ। ਬਾਰਾ ਬਜੇ ਦੀਬਾਨ ਸਮਾਪਤ ਸੋਧਿ ਲਿਆ

Sri Satguru Jagjit Singh Ji eLibrary NamdhariElibrary@gmail.com

ਅਰਦਾਸਾ ॥ ਪੰਗਤ ਲਾਇ ਯੱਗ ਬਰਤਾਯਾ ਛਿੱਠਾ ਅਜਬ ਤੁਮਾਸਾ । ੨। ਸਾਧ ਫਕੀਰ ਸਿੱਖ ਮਿਲਕੇਤੇ ਛਕ ਛਕ ਰਹੇ ਸਧੌਂਦੇ । ਤੋਟ ਨਾ ਆਵੈ ਬਧਤੇ ਜਾਈ ਥਕਤ ਭਏ ਬਰਤੌਂਦੇ । ਆਖਰ ਅਰਜ ਕਰੀ ਸੰਤਾਂ ਪਹਿ ਸੁਣੋ ਜਗਤ ਕੇ ਸਾਈ । ਭੋਜਨ ਪਾਛੋ ਪਯਾ ਘਨੇਰਾ ਸੰਗਤ ਘਰੀਂ ਸਿਧਾਈ। ੩ । ਸੁਣ ਕਰ ਸੰਤਾਂ ਨੇ ਫੁਰਮਾਯਾ ਭੋਜਨ ਘਰੀਂ ਪੁਚਾਵੇ । ਜੋ ਕੁਝ ਛਕਿਆ ਜਾਇ ਸ ਛਕਣਾ ਗਊਆਂ ਨੂੰ ਭੀ ਪਾਵੋ । ਇਤਨਾ ਸੁਣ ਸੰਗਤ ਨੇ ਚਕ ਚਕ ਘਰਾਂ ਬਿਖੇ ਪਹੁਚਾਯਾ ॥ ਭਾਰੀ ਤਪ ਕਰਕੇ ਸੰਤਾਂ ਨੇ ਭਾਰੀ ਯਗ ਕਰਾਯਾ ॥ ੪ ॥ ਘਰ ਘਰ ਸੰਤਾਂ ਦਾ ਜਸ ਹੋਵੇ ਜਲਨ ਈਰਖਾ ਬਾਦੀ । ਦਾਖ ਪਕੀ ਕਾਗਾਂ ਮੁੱਖ ਪਾਕੇ ਤਿਵ ਹੀ ਝੁਰਨ ਬਿਖਾਦੀ ॥ ਯੱਗ ਕਰਾਵਣ ਵਾਰੀ ਵਾਰੀ ਸੇਠ ਲੋਕ ਸਿਰਦਾਰਾ । ਕੀਰਤ ਹੋਤ ਕਥਾ ਭੀ ਹੋਵਤ ਲਾਗੀ ਸਦ ਗੁਲਜਾਤਾ ੫। ਦੂਜ ਚੰਦ ਸਮ ਦਿਨ ਦਿਨ ਹੋਵਤ ਸੰਤਾਂ ਦਾ ਜਸ ਭਾਰੀ। ਕਰਨ ਬਖੀਲੀ ਨਿੰਦਕ ਪਾਪੀ ਸੜਦੇ ਰਿਦੇ ਮਝਾਰੀ। ਭਾਗਭਰੀ ਤੇ ਪਤੀ ਏਸ ਦਾ ਦੋਵੇਂ ਅਰਜ ਕਰੇਂਦੇ । ਰਾਤਰ ਸਦਾ ਅਸਾਡੇ ਘਰ ਬਿਚ ਰਹੋ ਸਦਾ ਦ੍ਰਸ ਦੇਂਦੇ। ੬ । ਘਰ ਹੀ ਭੋਜਨ ਛਕੋ ਸੰਤ ਜੀ ਘਰ ਹੀ ਕਰੋ ਬਿਸ੍ਰਾਮਾ। ਦਿਨ ਭਰ ਤਪ ਅਸਥਾਨ ਗੁਜਾਰੋ ਇਵ ਗੁਜ਼ਰਨ ਅਠਜਾਮਾ ॥ ਸੰਤਾਂ ਕਰ ਮਨਜ਼ੂਰ ਬੇਨਤੀ ਇਹੋ ਰੀਤ ਠਹਿਰਾਈ । ਦਿਨ ਭਰ ਤਪ ਅਸਥਾਨ ਗੁਜਾਰਨ ਰਾਤਿ ਰਹਿਣ ਘਰ ਜਾਈ । ੭।

## ॥ ਪਰੇਮ ਸਿੰਘ ਦਾ ਮਿਲਾਪ ॥

### ਦੂਵਯਾ ਛੰਦ

ਇਕ ਦਿਨ ਭਾਗਭਰੀ ਦੇ ਘਰ ਤੋਂ ਸੰਤ ਸੁਭੇ ਉਠ ਚਾਲੇ । ਗੁਰੂ ਦੁਆਰੇ ਪਾਸ ਬਾਵਲੀ ਇਸ ਦੇ ਕੰਧ ਬਿਚਾਲੇ! ਏਕ ਤਰਫ ਜਲ ਛਕਣੇ ਬਾਲਾ ਦੂਜੀ ਤਰਫ ਸਿਨਾਨਾ। ਧੋਭੀ ਲੀੜੇ ਭੀ ਧੋ ਲੈਂਦੇ ਗਏ ਸੰਤ ਤਿਸ ਥਾਨਾ। ੮ । ਪ੍ਰੇਮ ਸਿੰਘ ਲੀੜੇ ਭੀ ਧੋਵੇ ਪੜ੍ਹੇ ਸੁਖਮਨੀ ਬਾਣੀ ॥ ਸੰਤਾਂ ਤਿਸ ਦੇ ਪਾਸ ਜਾਇਕੇ ਮੁਖ ਤੇ ਅਖ ਬਖਾਣੀ ॥ ਸਿਖਾ ਮੈਲ ਕਾਸ ਨੂੰ ਧੋਵਤ ਕਰਨ ਬੰਦਗੀ ਆਯਾ। ਤੇਰੇ ਮਸਤਕ ਲਿਖੀ ਬੰਦਗੀ ਤੂੰ ਕਿਉਂ ਜਾਲ ਫਸਾਯਾ ॥ ੯। ਪਰੇਮ ਸਿੰਘ ਆਖੇ ਹੇ ਪ੍ਰਭ ਜੀ ਇਸਬਿਧ ਮੁਝੇ ਗੁਜਾਰਾ। ਰੋਟੀ ਕਹੋ ਕਹਾਂ ਤੇ ਖਾਂਉਂ ਤਜਕਰ ਕਾਰ ਵਿਹਾਰਾ । ਸੁਣ ਕਰ ਸੰਤ ਹਸੇ ਫਿਰ ਬੋਲੇ ਫਿਕਰਨ ਕਰ ਤੂੰ ਭਾਈ। ਰੋਟੀ ਤੇਰੇ ਮਗਰ ਫਿਰੇਗੀ ਛਕੀਂ ਤਿ ਅਵਰ ਛਕਾਈਂ । ੧੦ । ਪਰੇਮ ਸਿੰਘ ਆਖੇ ਹੇ ਪ੍ਰਭ ਜੀ ਲੀੜੇ ਜਿਸ ਜਿਸ ਕੇਰੇ । ਧੋਇ ਸਰਬ ਦੇ ਘਰੀਂ ਪੁਚਾਵਾਂ ਬਹੁਰ ਮੁਕਾਊਂ ਝੇਰੇ ॥ ਭਲਾ ਬਾਤ ਕਹਿ ਚਲੇ ਸੰਤ ਜੀ ਆਏ ਤਪ ਅਸਥਾਨੇ । ਪਰੇਮ ਸਿੰਘ ਨੇ ਧੋਇ ਸੁਕਾਕੇ ਬਸਤਰ ਦਏ ਬਗਾਨੇ। ੧੧। ਚਲਿਆ ਤਪ ਅਸਥਾਨ

ਤਰਫ ਨੂੰ ਸਾਬ ਸਿੰਘ ਸੀ ਦੂਜਾ। ਨਾਮ ਗੁਲਾਬ ਸਿੰਘ ਤਿਸ ਕੇਰਾ ਚਲੇ ਕਰਨ ਪ੍ਰਭੂ ਪੂਜਾ। ਰਸਤੇ ਜਾਂਦੇ ਪ੍ਰੇਮ ਸਿੰਘ ਨੇ ਇਸਬਿਧ ਆਖ ਸੁਣਾਈ। ਤਉਮੈ ਸੰਤ ਦਾਸ ਬਣ ਜਾਉ ਦਿਲ ਦੀ ਦੇਣ ਬਤਾਈ। ੧੨ ॥ ਕਹੇ ਗੁਲਾਬ ਸਿੰਘ ਸੁਣ ਭਾਈ ਮੇਰੀ ਦੱਸਣ ਆਯੂ। ਕਿਤਨੀ ਰਹੀ ਭੋਗਣੀ ਬਾਕੀ ਦੱਸਣ ਤੋਲ ਤਰਾਜੂ ॥ ਕਹੇ ਪਰੇਮ ਸਿੰਘ ਮੈ ਕੀਤੀ ਕੁਝ ਦਿਨ ਠੇਕੇ ਦਾਰੀ। ਤਿਸਦਾ ਭੇਤ ਬਤਾਵਣ ਮੈਨੂੰ ਸਮਝੂੰ ਕਲਾ ਨਿਆਰੀ। ੧੩। ਇਸਬਿਧ ਚਿਤਵ ਕਨੋਏ ਬਾਸੀ ਜਾਇ ਬੰਦਨਾਂ ਠਾਨੀ। ਹਰਿਜਨ ਸਭ ਘਟਿ ਘਟਿ ਕੀ ਜਾਣਤ ਤਿਨ ਪਾਸੋਂ ਕਿਆ ਛਾਨੀ। ਨਮਸਕਾਰ ਕਰ ਆਗੇ ਬੈਠੇ ਸੰਤਾਂ ਬਚਨ ਸੁਣਾਏ। ਪਰੇਮ ਸਿੰਘ ਤੈਂ ਠੇਕੇਦਾਰੀ ਕਰ ਕਰ ਦੰਮ ਕੁਮਾਏ। ੧੪। ਸੁਣੋ ਗੁਲਾਬ ਸਿੰਘ ਜੀ ਤੇਰੀ ਖਟਮਾਸਾ ਸਭ ਆਜੂ ਕਰ ਹਰਿ ਸਿਮਰਨ ਤਜ ਮੈ ਮੇਰੀ ਦੱਸੀ ਤੋਲ ਤਰਾਜੂ। ਦਿਲ ਦੀ ਸੁਣ ਕਰ ਚਰਨੀ ਲਾਗੇ ਹੇ ਪ੍ਰਭ ਅਸੀਂ ਨਿਆਣੇ ॥ ਅਜਮਤ ਲਈ ਕਰੀ ਨਹਿ ਅਛੀ ਤੂੰ ਘਟਿ ਘਟਿ ਦੀ ਜਾਣੇ। ੧੫। ਪਰੇਮ ਸਿੰਘ ਜੀ ਨੀਮੀ ਪਾਈ ਨੈਣ ਨ ਕਰਤ ਅਗੇਰੇ ਆਖਣ ਸੰਤ ਸੋਚ ਕਿਆ ਲਾਗੀ ਤਜੋ ਘਰਾਂ ਦੇ ਝੇਰੇ। ਕਹੇ ਪ੍ਰੇਮ ਸਿੰਘ ਹੇ ਪ੍ਰਭ ਜੀ ਘਰ ਦਾ ਜੋਇ ਸਮਾਨਾ ॥ ਬੇਚ ਬੱਟਕੇ ਤੁਝ ਪਹਿ ਆਊਂ ਬਹੁਰਨ ਘਰ ਮਹਿ ਜਾਨਾ। ੧੬। ਪਾਇ ਆਗਿਆ ਘਰ ਮਹਿ ਆਯਾ ਬੇਚੀ ਬਸਤ ਚੰਗੇਰੀ। ਬਾਕੀ ਫੂਕ ਸੁਆਹ ਬਣਾਈ ਆ ਮਿਲਿਆ ਬਿਨ ਡੇਰੀ। ਸੰਤਾਂ ਤਿਸਦੀ ਮਾਯਾ ਕੇਰਾ ਭਾਰੀ ਯੱਗ ਕਰਾਯਾ ਏਕ ਚੁਬਾਰਾ ਗੁਰੂਦੁਆਰੇ ਸੰਤਾਂ ਆਖ ਪੁਵਾਯਾ। ੧੭ ਇਕ ਦਿਨ ਕਹੇ ਪਰੇਮ ਸਿੰਘ ਜੀ ਹੇ ਪ੍ਰਭ ਬਚਨ ਸੁਣਾਵੋ। ਜਹਿਬਿਧ ਭਵਜਲ ਪਵੇ ਨ ਫੇਰਾ ਸੋ ਉਪਦੇਸ ਬਤਾਵੋ ॥ ਸੰਤਾਂ ਪਹਿਲੇ ਸ਼ਬਦ ਸੁਣਾਕੇ ਫਿਰ ਕੀਤਾ ਬਖਿਆਨਾ ॥ ਸੁਣੋ ਸਰੋਤਾ ਸੰਗਤ ਕੇ ਹਿਤ ਸੋਮੈ ਅਗਰ ਲਿਖਾਨਾ। ੧੮।

## [ ਗਾਉੜੀ ਮਹਲਾ ੫ ]

ਸੰਤ ਕੀ ਧੂਰ ਮਿਟੇ ਅਘ ਕੋਟ। ਸੰਤ ਪ੍ਰਸਾਦਿ ਜਨਮ ਮਰਨ ਤੇ ਛੋਟ ॥ ੧ ॥
ਸੰਤ ਕਾ ਦਰਸ ਪੂਰਨ ਇਸਨਾਨ। ਸੰਤ ਕ੍ਰਿਪਾ ਤੇ ਜਪੀਐ ਨਾਮੁ ॥ ੧। ਰਹਾਉ
ਸੰਤ ਕੈ ਸੰਗ ਮਿਟਿਆ ਅਹੰਕਾਰ। ਦ੍ਰਿਸਟਿ ਆਵੈ ਸਭ ਏਕੰਕਾਰੁ ॥ ੨ ॥
ਸੰਤ ਸੁ ਪ੍ਰਸੰਨ ਆਏ ਵਸ ਪੰਚਾ ॥ ਅੰਮ੍ਰਿਤ ਨਾਮੁ ਰਿਦੈ ਲੈ ਸੰਚਾ। ੩ ॥ ਕਹੁ ਨਾਨਕ ਜਾਕਾ ਪੂਰਾ ਕਰਮ ॥ ਤਿਸ ਭੇਟੇ ਸਾਧੂ ਕੇ ਚਰਨ ॥ ੪ ॥

## ( ਦੁਵਯਾ ਛੰਦ )

ਉਪਰ ਲਿਖਿਆ ਸ਼ਬਦ ਸੰਤ ਜੀ ਅਰਥ ਸਮੇਤ ਸੁਣਾਯਾ। ਸੁਣ ਕਰ ਪਰੇਮ ਸਿੰਘ ਨੇ ਉਠ ਕਰ ਚਰਨੀ ਸੀਸ ਨਿਵਾਯਾ। ਬਹੁਰ ਪਰੇਮ ਸਿੰਘ ਨੇ ਮੁਖ ਤੇ ਗਾਯਾ ਸ਼ਬਦ ਖਲੋਕੇ। ਸੋ ਭੀ ਕਵਜਨ ਲਿਖਤ ਅਗੇਰੇ ਸਮਝੋ ਗੁਰਮੁਖ ਹੋਕੇ।

Sri Satguru Jagjit Singh Ji eLibrary NamdhariElibrary@gmail.com

## ਗਉੜੀ ਮਃ ੫

ਭਲੇ ਦਿਨਸ ਭਲੇ ਸੰਜੋਗ । ਜਿਤੁ ਭੇਟੇ ਪਾਰਬ੍ਰਹਮ ਨਿਰਜੋਗ । ੧ । ਓਹੁ ਵੇਲਾ ਕਉ ਹਉ ਬਲਿ ਜਾਉ । ਜਿਤੁ ਮੇਰਾ ਮਨੁ ਜਪੈ ਹਰਿ ਨਾਉ । ੧ । ਰਹਾਉ ॥ ਸਫਲ ਮੂਰਤੁ ਸਫਲ ਓਹ ਘਰੀ । ਜਿਤੁ ਰਸਨਾ ਉਚਰੈ ਹਰਿ ਹਰੀ । ੨ । ਸਫਲ ਓਹੁ ਮਾਥਾ ਸੰਤ ਨਮਸਕਾਰਸਿ । ਚਰਣ ਪੁਨੀਤ ਚਲਹਿ ਹਰਿ ਮਾਰਗ । ੩ । ਕਹੁਨਾਨਕ ਭਲਾ ਮੇਰਾ ਕਰਮ । ਜਿਤੁ ਭੇਟੇ ਸਾਧੂ ਕੇ ਚਰਨ । ੪॥

## ਦੁਵਯਾ ਛੰਦ

ਪ੍ਰੇਮ ਸਿੰਘ ਜੀ ਸ਼ਬਦ ਗਾਇਕੇ ਹੋਯਾ ਦਿਲੋਂ ਬਰਾਗੀ । ਭੇਟਿਉ ਪੁਰਖ ਰਸਕ ਬੈਰਾਗੀ ਦੁਬਿਧਾ ਸਗਲ ਤਿਆਗੀ । ਬਾਰ ਬਾਰ ਸਮਝਾਵਤ ਹਰਿਜਨ ਇਹ ਜਗ ਰੈਣ ਬਸੇਰਾ । ਪ੍ਰੇਮ ਸਿੰਘ ਵਾਹਿਗੁਰੂ ਸਿਮਰੋ ਅਵਰ ਨਹੀਂ ਕੁਛ ਤੇਰਾ । ੨੦ । ਪ੍ਰੇਮ ਸਿੰਘ ਅਖੇ ਹੇ ਪ੍ਰਭੂ ਜੀ ਮੈਂ ਹਰਿ ਦਰਸ਼ਨ ਪਾਏ । ਹਰਿ ਕਾ ਸੰਤ ਹਰਿ ਕੀ ਹਰਿ ਮੂਰਤ ਮਿਲ ਐ ਭਰਮ ਚੁਕਾਏ । ਹਰਿ ਕੇ ਸੰਤ ਮਿਲੇ ਹਰਿ ਮਿਲਿਆ ਰਾਗ ਕਾਨੜੇ ਗਾਈ । ਹਰਿ ਹਰਿਜਨ ਦੁਇ ਏਕ ਸਮਾਨੇ ਇਹ ਭੀ ਗੁਰਾਂ ਜਨਾਈ । ੨੧ । ਦਰਸ਼ਣ ਦੇਖਤ ਦੁਖ ਭੁਖ ਨਾਸੀ ਮੰਗਨ ਚਿੱਤ ਨਾ ਆਵੈ । ਇਹ ਨਸ਼ਾਣੀ ਸਾਧੂ ਕੇਰੀ ਭੇਟਤ ਪਾਰ ਤਰਾਵੈ । ਸੁਣੋਂ ਸਰੋਤਾ ਪ੍ਰੇਮ ਸਿੰਘ ਜੀ ਰਹੇ ਸੰਤਜੀ ਸਾਥੇ । ਦਰਸ਼ਣ ਪਾਵੈ ਟਹਿਲ ਕਮਾਵੈ ਸਗਲ ਪਦਾਰਥ ਲਾਵੇ । ੨੨ । ਕਵਿਜਨ ਆਖਤ ਪ੍ਰੇਮ ਸਿੰਘ ਨੇ ਮੋਕੋ ਕਥਾ ਲਖਾਈ । ਬਹੁਤ ਬਰਸ ਸੰਤਾਂ ਸੰਗ ਰਹਿਕੇ ਕੀਤੀ ਭਲੀ ਕਮਾਈ । ਆਗੇ ਸੁਣੋਂ ਕਥਾ ਪ੍ਰਭੂ ਕੇਰੀ ਬੈਠਣ ਤਪ ਅਸਥਾਨੇ । ਦਰਸ਼ਣ ਪਾਵਣ ਸੰਗਤ ਆਵਤ ਜਿਉਂ ਦੀਪਕ ਪਰਵਾਨੇ । ੨੩ । ਇਕ ਦਿਨ ਸੰਗਤ ਬਹੁਤੀ ਆਈ ਬੈਠੀ ਸੰਤਾਂ ਪਾਸੇ । ਮਾਈ ਭਾਗਭਰੀ ਨੂੰ ਸੰਤਾਂ ਇਸ ਬਿਧ ਕਹੇ ਬਲਾਸੇ । ਸਾਡੇ ਲਈ ਰਗੜ ਸਰਦਾਈ ਭੇਜੋ ਘਰੋਂ ਗਲਾਸਾ ॥ ਕਾਕਾ ਸਿੰਘ ਸਾਥ ਲੈ ਜਾਵੇ ਲੈ ਆਊ ਮੁਝ ਪਾਸਾ ੨੪ । ਸੰਗਤ ਹੇਤ ਬਣਾਵੇ ਲੰਗਰ ਸਭ ਨੂੰ ਦਿਓ ਛਕਾਈ । ਇਤਨਾ ਸੁਣ ਲੈ ਕਾਕਾ ਸਿੰਘੇ ਘਰਨੂੰ ਆਈ ਮਾਈ ॥ ਆਇ ਕੁਵਾੜ ਖੋਲਣੇ ਲਾਗੀ ਡਿਗਿਆ ਨਾਗ ਕਰਾਲਾ ਮਾਈ ਦੇ ਲੱਤਾਂ ਨੂੰ ਪਾਏ ਕਈ ਬੇੜ ਤਤਕਾਲਾ ॥ ੨੫ ॥ ਸੰਤਾਂ ਤਪ ਅਸਥਾਨ ਬੈਠਿਆਂ ਸੱਜੀ ਭੁਜਾ ਉਠਾਈ ॥ ਇਤਨੇ ਕਾਕਾ ਸਿੰਘ ਆਇਕੇ ਸਾਰੀ ਖਬਰ ਸੁਣਾਈ । ਮਾਈ ਭਾਗਭਰੀ ਦੇ ਚਰਣੀ ਬੇੜ ਸਰਪ ਨੇ ਪਾਏ ॥ ਆਖਣ ਸੰਤ ਬਜੀਰ ਸਿੰਘ ਨੂੰ ਇਸ ਬਿਧ ਬਚਨ ਸੁਣਾਏ । ੨੬ ॥ ਲੜਨੇ ਨਾਗ ਰੋਕਿਆ ਸਾਡਾ ਛਡੋ ਨਾਗ ਨੂੰ ਜਾਈ ॥ ਨਹੀਂ ਮਾਰਨਾ ਤਿਸ ਨੂੰ ਮੂਲੇ ਦੇਣਾ ਦੂਰ ਛਡਾਈ । ਜਾਇ ਬਜੀਰ ਸਿੰਘ ਨੇ ਘਰ ਬਿਚ ਬੇੜ ਸਰਪ ਦੇ ਖੋਲੇ ॥ ਲੈਕਰ ਦੂਰ ਛੋਡ ਕੇ ਆਯਾ ਫੂੰ ਫੂੰ ਕਰ ਸਪ ਬੋਲੇ ॥ ੨੭ । ਸੰਤਾਂ ਭੁਜਾ ਖਲੋਤੀ ਰਾਖੀ ਰੋਕ ਸਰਪ ਨੂੰ ਪਾਈ ॥ ਜਬਹੀ ਦੂਰ ਛੋਡ ਕਰ ਆਏ

ਪਾਛੇ ਭੁਜਾ ਹਟਾਈ ॥ ਕੌਤਕ ਦੇਖ ਸਭੇ ਜਨ ਬੋਲੇ ਧੰਨ ਹਰੀ ਜਨ ਪੂਰੇ। ਲੋਕ ਪਲੋਕ ਬਿਖੇ ਦਾਸਾਂ ਦੇ ਰਾਖੇ ਹਰਿਜਨ ਸੂਰੇ। ੨੮। ਸੰਗਤ ਕੇ ਹਿਤ ਭੋਜਨ ਆਯਾ ਸੰਤਾਂ ਹਿਤ ਸਰਦਾਈ ॥ ਪੰਗਤ ਲਾਇ ਛਕਾਯਾ ਭੋਜਨ ਸੰਗਤ ਬਹੁਤ ਸਧਾਈ। ਇਕ ਦਿਨ ਨਗਰ ਭਨੌੜੇ ਬਾਸੀ ਸੰਗਤ ਬੈਠ ਬਿਚਾਰੇ। ਬਰਖਾ ਪਈ ਨ ਕਾਲ਼ਾ ਪੈ ਗਿਆ ਜੱਗ ਕਰੋ ਮਿਲ ਸਾਰੇ। ੨੯। ਵਿੱਚੋਂ ਏਕ ਸਿੰਘ ਨੇ ਆਖੀ ਜੇ ਤਪੀਐ ਹਲ ਵਾਹੇ। ਬਰਖਾ ਤੱਤਕਾਲ ਪੈਜਾਂਦੀ ਪਰਤੇ ਜੇ ਜੀਅ ਚਾਹੇ। ਮਾਈ ਭਾਗਭਰੀ ਨੂੰ ਆਖੋ ਅਪਣੀ ਅਰਜ਼ ਗੁਜ਼ਾਰੇ। ਜੇਕਰ ਸੰਤ ਬਹੁਣ ਹਲ ਭਾਈ ਬਰਖਾ ਹੋਵਤ ਸਾਰੇ। ੩੦॥ ਮਾਈ ਭਾਗਭਰੀ ਦੇ ਘਰ ਬਿਚ ਸੰਗਤ ਜੁੜਕੇ ਆਈ। ਅਰਜ ਕਰੋ ਜੇ ਸੰਤ ਬੌਹਣ ਹਲ ਸੁਣ ਸੰਗ ਆਈ ਮਾਈ। ਤਪ ਅਸਥਾਨ ਪਹੁਚੇ ਆਕਰ ਸੰਗਤ ਰਹੀ ਖਲੋਤੀ। ਮਾਈ ਗਈ ਕੁਟੀ ਦੇ ਅੰਦਰ ਕਰ ਬੰਦਨ ਥਿਰ ਹੋਤੀ। ੩੧। ਅਰਜ ਕਰੀ ਹੇ ਜਗਤ ਨਾਥ ਜੀ ਸੰਗਤ ਮਿਲਕੇ ਆਈ॥ ਆਖਤ ਜੇ ਹਲ ਬਹੁਣ ਸੰਤ ਜੀ ਬਰਖਾ ਪਵੇ ਸੁਵਾਈ। ਸੁਣਕਰ ਸੰਤ ਹਸੇ ਫਿਰ ਬੋਲੇ ਜੇ ਬਰਖਾ ਇਵ ਹੋਵੇ। ਲਉ ਅਸੀਂ ਹਲ ਬਾਹਦਿਆਂਗੇ ਜੇ ਗੁਰ ਦੂਰ ਭਿਖ ਖੋਵੇ। ੩੨। ਬਾਹਰ ਆਇ ਖੇਤ ਮਹਿ ਪਹੁੰਚੇ ਹਲ ਫੜ ਸੰਤ ਖਲੋਏ॥ ਏਕ ਸਿਆੜ ਖੇਤ ਮਹਿ ਆਂਦਾ ਤਤਛਿਨ ਬਾਦਲ ਹੋਏ। ਬਰਖਾ ਪੈਣ ਲਗੀ ਜਿਸ ਵੇਲੇ ਸੰਗਤ ਅਰਜ ਗੁਜਾਰੀ। ਠਹਿਰੋ ਪ੍ਰਭ ਜੀ ਹੋਵਤ ਬਰਖਾ ਠਹਿਰੇ ਪਰਉਪਕਾਰੀ। ੩੩ । ਧਨ ਧਨ ਕਰਦੀ ਸੰਗਤ ਆਈ ਬਰਖਾ ਪਈ ਘਨੇਰੀ। ਹਰਿ ਹਰਿਜਨ ਦੁਇ ਏਕ ਸਮਾਨੇ ਕਉਣ ਲਖੇ ਗਤ ਤੇਰੀ ਜਗਤ ਉਧਾਰਨ ਸੰਤ ਹਰੀ ਦੇ ਪਰਉਪਕਾਰੀ ਆਏ। ਮੁਕਤਿ ਜੁਗਤ ਨਾਵੈਂਦੀ ਦਾਸੀ ਨਰਕੋਂ ਜੀਵ ਛੁਡਾਏ। ੩੪ । (ਗੁਰ ਪਰਮਾਣ) ਹਰਿ ਸੋ ਕਿਛੁ ਕਰੈ ਜਿ ਹਰਿ ਕਿਆ ਸੰਤਾਂ ਭਾਵੈ ਜੋ ਚਾਹਿਨ ਸੋਈ ਕਰਾਇਨ ਦਰ ਫੇਰਨ ਕੋਈ ਪਾਇਦਾ।

**ਇਤ ਸਿਰੀ ਸੰਤ ਬਲਾਸ ਗ੍ਰਿੰਥੇ ਦੂਸਰ ਅਵਸਥੇ ਮੀਂਹ ਪਵਾਵਨ ਪ੍ਰਸੰਗ ਬਰਨਨ ਨਾਮ ਤਰੋਦਸਵੋਂ ਧਿਆਇ ॥ ੧੩ ॥ ਦੋਹਿਰਾ**

ਮਾਈ ਦੇ ਘਰ ਆਇਕੇ ਰਾਤਰ ਠਹਿਰਨ ਸੰਤ। ਸੇਵਕ ਭਲਾ ਬਜੀਰ ਸਿੰਘ ਭਾਗ-ਭਰੀ ਕੇ ਕੰਤ। ੧

## ਖੂਹ ਮਿੱਠਾ ਕਰਨਾ ਦਵਯਾ ਛੰਦ

ਇਕ ਦਿਨ ਭਾਗਭਰੀ ਦੇ ਘਰ ਤੋਂ ਸੰਤ ਸੁਭੇ ਤੁਰ ਚਾਲੇ। ਕੱਰੀ ਖੂਹੀ ਘਰ ਦੇ ਨੇੜੇ ਤਿਸ ਪਹਿ ਗਏ ਉਤਾਲੇ। ਦੇਖ ਬਜੀਰ ਸਿੰਘ ਨੂੰ ਬੋਲੇ ਪੱਕਾ ਖੂਹ ਬਣਾਵੋ। ਕਰੋ ਸਿਨਾਨ ਛਕੋ ਜਲ ਚੰਗਾ ਬਰਤੋ ਤੇ ਸੁਖ ਪਾਵੋ। ੨। ਕਹਿਤ ਬਜੀਰ ਸਿੰਘ ਹੇ ਪ੍ਰਭ ਜੀ ਪਾਣੀ ਇਸਦਾ ਕਉੜਾ। ਨਾਕੋ ਪੀਵੇ ਨਾ ਇਸਨਾਨੇ ਭਰੇ ਨ ਕੋਈ ਤਉੜਾ। ਸੁਣ ਸੰਤਾਂ ਨੇ ਜਲ ਮੰਗਵਾਕੇ ਮੁਖ ਮਹਿ ਚੂਲੀ ਪਾਈ। ਕੁਰਲੀ ਭਰ ਤਿਸ ਕੂਏ ਡਾਰੀ

Sri Satguru Jagjit Singh Ji eLibrary NamdhariElibrary@gmail.com

ਮੁਖ ਤੇ ਆਖ ਸੁਣਾਈ ੩ । ਬਿਨਾ ਸੰਦੇਹ ਬਣਾਵੇ ਪਕਾ ਅਵਜਲ ਮਿਠਾ ਹੂਆ ॥
ਕਉੜੇਰੀਠੇ ਬਰਗਾ ਸੰਤਾਂਮਿੱਠਾ ਕੀਤਾ ਕੂਆ । ਬਹੁਰ ਬਜੀਰ ਸਿੰਘ ਨੇ ਛੇਤੀ ਪੱਕਾ ਖੂਹ
ਬਣਾਯਾ । ਭਾਗਭਰੀ ਦੇ ਘਰ ਤੇ ਨੇੜੇ ਅਵ ਭੀ ਖੂਹ ਸੁਹਾਯਾ ॥ ੪ । ਏਥੋਂ ਦੋ
ਫਰਲਾਂਗ ਅਗੇਰੇ ਸੰਤਾਂ ਗੁਫਾ ਬਣਾਈ। ਕੱਸ ਕਨਾਰੇ ਬਿੱਚ ਢਗਾਰੇ ਹੱਥੀਂ
ਖੋਦੀ ਸਾਂਈ । ਚੌਕੜ ਲਾਕੇ ਬੈਠਣ ਜੋਗੀ ਪੈਣ ਜੋਗਰੀ ਨਾਹੀ । ਤਿਸ ਮਹਿੰ ਬੈਠ
ਸੁਮਾਧੀ ਲਾਵਣ ਰਹਿਣ ਸਦਾ ਬਣ ਰਾਹੀ। ੫ । ਏਥੇ ਬੜੇ ਕੱਸਦੇ ਥੱਲੇ ਏਕ
ਬਾਵਲੀ ਖੋਦੀ । ਏਥੇ ਸੰਤ ਸਿਨਾਨ ਕਰੇਂਦੇ ਅਜੇ ਨਿਸ਼ਾਨੀ ਓਹਦੀ । ਇਕ ਦਿਨ ਸੰਤ
ਦੁਪਹਰੇ ਢਲਦੇ ਭਾਗਭਰੀ ਘਰ ਆਏ। ਕਹੋ ਸੰਤ ਜੀ ਕਾਰਜ ਕੈਸਾ ਤਿਸ ਨੇ
ਆਖ ਬੁਲਾਏ। ੬ । ਆਖਤ ਹਰਿਜਨ ਬਾਹਰ ਸੰਗਤ ਦਰਸ਼ਣ ਪਾਵਣ ਆਈ।
ਤਿਸਕੇ ਹੇਤ ਬਣਾਵੋ ਭੋਜਨ ਦੇਵੋ ਸੱਦ ਛਕਾਈ। ਆਖਤ ਭਾਗਭਰੀ ਕੁਝ ਬਚਦਾ
ਚਕਿਆ ਹਯਾ ਆਟਾ। ਏਹ ਪਕਾਇ ਬਹੁਰ ਫਿਰ ਗੁਨ੍ਹੂੰ ਜੇ ਦਿਸਿਆ ਕੁਝ
ਘਾਟਾ ॥ ੭॥ ਤਉ ਭੀ ਹੋਰ ਗੁਨ੍ਹ ਕਰ ਧਰਿਆ ਪਹਿਲ਼ੇ ਓਹ ਪਕਾਯਾ ॥
ਏਕ ਤੰਦੂਰ ਪੂਰ ਭਰ ਲਾਯਾ ਦੂਜਾ ਆਣ ਉਠਾਯਾ । ਸੰਤਾਂ ਨੇ ਲੀਹਲਾ ਬਰ
ਤ੍ਰਾਟੀ ਠੰਢਾ ਭਯੋ ਤੰਦੂਰਾ । ਮਾਈ ਚਿੰਤਾ ਆਤਰ ਹੋਈ ਰਹਿ ਗਿਆ ਕੰਮ ਅਧੂਰਾ।
੮। ਹਸਕੇ ਕਹਿਣ ਸੰਤ ਜੀ ਮਾਈ ਏਹੋ ਪੂਰ ਬਤੇਰਾ । ਸੱਤ ਨਾਮ ਆਖੇ ਬਰਤਾਵੇ ।
ਹੋਸੀ ਅੰਨ ਘਨੇਰਾ । ਇਵ ਕਹਿ ਸੰਗਤ ਸੱਦ ਬਠਾਲੀ ਭੋਜਨ ਫਿਰ ਬਰਤਾਯਾ।
ਸੱਠ ਸਰੀਰਾਂ ਰਜ ਰਜ ਛਕਿਆ ਇੱਕੋ ਪੂਰ ਲਗਾਯਾ। ੯ । ਧੰਨ ਸੰਤ ਜੀ ਆਖ
ਮਾਈ ਮੈਂ ਕੀ ਗਤਿ ਨੂੰ ਜਾਣਾ। ਏਕੋ ਪੂਰ ਭੂਰ ਜਨ ਤ੍ਰਿਪਤੇ ਲਖੇਨ ਪੁਰਖ
ਅਜਾਣਾ। ਇਕ ਸਰਦਾਰ ਮੋਹਣ ਸਿੰਘ ਏਥੇ ਆਖਤ ਚੂਨੇ ਵਾਲਾ । ਤਿਸਦੇ
ਲੜਕੇ ਦੀ ਸੀ ਸ਼ਾਦੀ ਦਿਨ ਕੁਝ ਖੁਸ਼ੀਆਂ ਵਾਲਾ । ੧੦ । ਤੇਜਾ ਸਿੰਘ ਨਾਮ
ਲੜਕੇ ਦਾ ਪੁਨਦਾਨੰ ਕੁਝ ਬੰਡੇ ॥ ਇਸ ਖੁਸ਼ੀ ਬਿਚ ਮੁਸਲਮਾਨ ਮਿਲ ਫਿਰਨ ਬਜੌਂਦੇ
ਡੰਡੇ। ਤਪ ਅਸਥਾਨੇ ਉਠੇ ਸੰਤ ਜੀ ਮਾਈ ਦੇ ਘਰ ਆਏ। ਪੁਛਦੇ ਭਾਗ ਭਰੀ ਨੂੰ
ਹਰਿਜਨ ਕਿਨ ਇਹ ਸੋਰ ਮਚਾਏ। ੧੧ । ਆਖਤ ਭਾਗਭਰੀ ਹੈ ਸ਼ਾਦੀ ਲੜਕੇ ਦੀ
ਘਰ ਨੇੜੇ। ਏਥੇ ਮੁਸਲਮਾਨ ਕੁਝ ਗਾਵਤ ਨਚ ਨਚ ਦੇਵਤ ਗੇੜੇ । ਏਕ ਗੁਵਾਂਢਨ ਮਾਈ
ਕੋਰੀ ਸੰਤਾਂ ਨੂੰ ਤਿਨ ਆਖੀ। ਰੌਲਾ ਹੈ ਤਾਂ ਦੂਰ ਸਧਾਵੋਬਨੋ ਨ ਇਸਦੇ ਸਾਖੀ। ੧੨
ਸੁਣ ਸੰਤਾਂ ਨੇ ਦਿਵਸ ਦੂਸਰੇ ਗੁਪਤੀ ਕੂਚ ਬਜਾਈ। ਕੱਲਰ ਨਗਰ ਕਸਦੇ ਥਲ ਬਿਚ
ਜਾਇ ਸੁਮਾਧੀ ਲਾਈ ॥ ਹੋਈ ਖਬਰ ਬਜੀਰ ਸਿੰਘ ਨੂੰ ਭਾਗਭਰੀ ਨੂੰ ਐਸੀ। ਗਏ
ਸੰਤ ਬੇਖਰੇ ਕਿਧਰੇ ਬਾਤ ਬਣੀ ਇਹ ਕੈਸੀ। ੧੩ । ਢੂੰਡ ਭਾਲਕੇ ਬਹੁਤੀ ਥਾਂਈ
ਕੱਲਰ ਫੇਰੇ ਪਾਏ ॥ ਮਿਲਿ ਸੰਤਾ ਨੂੰ ਬੰਦਨ ਕੀਤੀ ਬਿਨਤੀ ਕਰ ਲੈਆਏ ।
ਬਰਸ ਦਿਨਾ ਦਾ ਤਪ ਕੀਤੇ ਨੂੰ ਦੋਇ ਮਹੀਨੇ ਬੀਤੇ। ਗੁੱਜਰ ਖਾਨੇ ਬਿਜਨ—

ਸਿੰਘ ਨੇ ਆਕੇ ਦਰਸ਼ਨ ਕੀਤੇ। ੧੪। ਇਹ ਚਹੁਧਰੀ ਗੁਜਰ ਖਾਨਦਾ ਧਨਪਾਤੀ ਤੇ ਪ੍ਰੇਮੀ। ਸੰਤਾਂ ਆਗੈ ਬੰਦਨ ਕਰਕੈ ਬੋਲਾ ਸਹਿਤ ਹਲੇਮੀ॥ ਗੁੱਜਰ ਖਾਨ ਚਲੋ ਜਗ ਦਾਤ ਪਾਵੋ ਚਰਨ ਅਮੋਲੇ। ਦਰਸ਼ਣ ਦੇਵੋ ਨਾਮ ਜੁਪਾਵੋ ਹਮ ਰਾਵਰ ਕੇ ਗੋਲੇ। ੧੫। ਸੰਤਾਂ ਅਰਜ ਕਰੀ ਮਨਜੂਰੇ ਇਸਦੇ ਸਾਥ ਸਿਧਾਏ। ਨਾਲ ਚਲੇ ਕੁਝ ਸੇਵਕ ਸੰਗੀ ਦਰਸ਼ਨ ਜਾਇ ਦਿਖਾਏ। ਨਗਰ ਬਿਖੇ ਕੀਰਤ ਭੀ ਕੀਨਾ ਅੰਮ੍ਰਿਤ ਪਾਨ ਕਰਾਯਾ। ਬਿਸਨ ਸਿੰਘ ਨੇ ਟਹਿਲ ਕਮਾਈ ਸਭ ਨੇ ਦਰਸਣ ਪਾਯਾ। ੧੬। ਏਧਰ ਮਾਈ ਭਾਗਭਰੀ ਦਾ ਹੀਰਾ ਸਿੰਘ ਭੁਜੰਗੀ। ਸੰਤਾਂ ਦਾ ਬਹੁਤਾ ਹਿਤਕਾਰੀ ਬਿਨਾ ਮਿਲੇ ਤਿਸ ਤੰਗੀ। ਭਯਾ ਉਦਾਸ ਸੰਤ ਜੀ ਬਾਝੋਂ ਖਿਨ ਖਿਨ ਦਰਸ਼ਨ ਲੋੜੇ। ਮਾਤ ਪਿਤਾ ਲੈ ਸਾਥ ਏਸਨੂੰ ਆਇ ਦੇਇ ਕਰ ਜੋੜੇ। ੧੭। ਆਖਤ ਹੇ ਪ੍ਰਭ ਚਲੋ ਕਨੋਏ ਠਹਰਤ ਨਾਹਿ ਭੁਜੰਗੀ। ਚਲੇ ਸੰਤਜੀ ਗੁੱਜਰ ਖਾਨੋ ਦੇਖ ਭਾਵਨਾ ਚੰਗੀ। ਆਇ ਕਨੋਏ ਤਪਅਸਥਾਨੇ ਬਾਹਰ ਡੇਰੇ ਲਾਏ। ਗੁੱਜਰ ਖਾਨੇ ਬਿਸਨ ਸਿੰਘ ਜੀ ਸੰਤਾਂ ਨਾਲੇ ਆਏ। ੧੮। ਨਉਦਿਨ ਰਹੇ ਸੰਤ ਜੀ ਪਾਸੇ ਯੱਗ ਕਰਾਯਾ ਭਾਰੀ। ਬਿਸਨ ਸਿੰਘ ਨੇ ਅਪਣੇ ਪਾਸੋਂ ਖਰਚੀ ਮਾਯਾ ਸਾਰੀ। ਖੁਸ਼ੀ ਕਰੀ ਸੰਤਾਂ ਨੇ ਇਸਪੁਰ ਬੰਦਨ ਕਰੀ ਸਧਾਯਾ। ਕੁਝ ਦਿਨ ਪਾਛੈ ਖੇਮ ਸਿੰਘ ਜੀ ਬੇਦੀ ਬਾਵਾ ਆਯਾ। ੧੯ ਏਸ ਅਲਾਕੇ ਅੰਦਰ ਕਰਦੇ ਲੋਕ ਇਸਦੀ ਪੂਜਾ॥ ਕੋਈ ਦਮੜਾ ਕੋ ਫਲ ਮੇਵਾ ਅਰਪਤ ਮਿਸਰੀ ਦੂਜਾ। ਤਿਸ ਨੇ ਸੋਇ ਸੁਣੀ ਸੰਤਾਂ ਦੀ ਦਰਸ਼ਣ ਦਾ ਅਭਿਲਾਖੀ। ਖਿਨ ਖਿਨ ਅਪਣੇ ਦਿਲ ਬਿਚ ਆਖੇ ਦਰਸ਼ਨ ਦੇਖਾਂ ਆਖੀ। ੨੦। ਪਹਿਲੇ ਨਗਰ ਕਨੋਏ ਆਕੇ ਡੇਰਾ ਇਸਨੇ ਲਾਯਾ। ਫਿਰ ਸੰਤਾਂ ਦੇ ਦਰਸ਼ਣ ਪਾਵਣ ਤਪ ਅਸਥਾਨੇ ਆਯਾ। ਭੂਰੀ ਓਢਿ ਸੰਤ ਜੀ ਪਹੁਚੇ ਚਰਨ ਕੂਤੇ ਸਨ ਨੰਗੇ। ਖੇਮ ਸਿੰਘ ਚਰਨਾਂ ਬਲ ਬੈਠਾ ਦਰਸ਼ਣ ਦੀ ਮੰਗ ਮੰਗੇ। ੨੧। ਚਰਨਾਂ ਵਿਖੇ ਪਦਮ ਦੀ ਰੇਖਾ ਦੇਖ ਚਿੱਤ ਬੀਚਾਰੇ। ਇਹ ਅਵਤਾਰ ਜਗਤ ਮਹਿ ਆਏ ਪਰਉਪਕਾਰੀ ਭਾਰੇ। ਕੁਝ ਚਿਰ ਬੈਠ ਬਹੁਰ ਮੁੜਿਆਯਾ ਸੰਤਾਂ ਨੈਣ ਨ ਖੋਲੇ। ਆਇ ਕਨੋਏ ਦੇ ਲੋਕਾਂ ਨੂੰ ਖੇਮ ਸਿੰਘ ਜੀ ਬੋਲ। ੨੨। ਇਹ ਤਉ ਮਹਾਪੁਰਖ ਹਨ ਭਾਰੇ ਪਦਮ ਰੇਖ ਪਗ ਮਾਹੀ। ਘਰ ਘਰ ਹੋਇ ਕੀਰਤੀ ਇਨਕੀ ਔਰ ਇਨ੍ਹਾ ਸਮ ਨਾਹੀ। ਇਸ ਦਿਨ ਭੋਜਨ ਖੇਮ ਸਿੰਘ ਨੂੰ ਭਾਗਭਰੀ ਘਰ ਕੀਤਾ। ਭਾਗਭਰੀ ਨੂੰ ਖੇਮ ਸਿੰਘ ਨੇ ਏਸ ਭਾਂਤ ਕਹਿ ਦੀਤਾ। ੨੩। ਬਕਰਾ ਨਹੀਂ ਬਨੌਣਾ ਮੁਝ ਕਉ ਖੀਰ ਕੜਾਹ ਬਣਵੇ। ਸੰਤਾਂ ਨੂੰ ਭੀ ਬਰਜੋ ਭੋਜਨ ਪੰਗਤ ਬਿਖੇ ਬਨਾਵੇ। ਸੱਤਬਚਨ ਕਹਿ ਭੋਜਨ ਤਤਛਿਨ ਖੀਰ ਕੜਾਹ ਬਣਾਯਾ॥ ਪੰਗਤ ਲਾਗੀ ਖੇਮ ਸਿੰਘ ਨੇ ਸੰਤਾਂ ਆਖ ਬੁਲਾਯਾ। ੨੪॥ ਆਏ ਸੰਤ ਅਦਬ ਸੇ ਕਹਿਕਰ ਅਪਨੇ ਪਾਸ ਬਠਾਏ। ਥਾਲ ਲਗਾਏ ਭੋਜਨ ਪਾਏ ਸੰਤਾਂ ਬਚਨ ਸੁਣਾਏ॥ ਖੇਮ ਸਿੰਘ ਜੀ ਅਪਣਾ ਖਾਣਾ ਅਜ ਕਿਉਂ ਤੁਧੁ ਬਦਲਾਯਾ। ਬਕਰਾ ਛੋੜ

ਖੀਰ ਬਣਵਾਈ ਸੁਣ ਤਿਨ ਆਖ ਸੁਣਾਯਾ ੨੫। ਮਹਾਂ ਪੁਰਖ ਜੀ ਚਰਨ ਤੁਮਾਰੇ ਪੰਗਤ ਬਿਖੇ ਪਵੰਦੇ। ਸੰਤ ਆਤ੍ਰਿਣ ਤਾਂ ਸਾਂਤੀ ਬਰਤੇ ਬਕਰੇ ਕਿਉਂ ਬਢਵੌਣੇ ਸੁਣੋ ਸਰੋਤਾਂ ਖੇਮ ਸਿੰਘ ਜੀ ਰਹੇ ਜਿਤਕ ਦਿਨ ਏਥੇ ॥ ਸੰਤਾਂ ਨੂੰ ਨਿਤ ਭੋਜਨ ਬਰਤਣ ਸੱਦ ਬਠੌਣ ਅਗੇਤੇ । ੨੬ ।ਦਰਸ਼ਣ ਪਾਕੇ ਦੌਰਾ ਕਰਕੇ ਖੇਮ ਸਿੰਘ ਮੁੜਿ ਆਏ । ਰਾਵਲਪਿੰਡੀ ਤਰਫ ਪਧਾਰੇ ਸੰਤਾਂ ਥਾਨ ਸੁਹਾਏ । ਸੰਗਤ ਆਵੇ ਦਰਸ਼ਣ ਪਾਵੇ ਕੀਰਤ ਹੋਤ ਹਮੇਸ਼ਾ। ਸੰਤ ਸਦਾ ਸਭਕੇ ਹਿਤਕਾਰੀ ਦੇਵਣ ਸੁਭ ਉਪਦੇਸਾ। ੨੭॥

## ( ਬੂਟਾ ਸਿੰਘ ਦਾ ਮਿਲਾਪ )

## ( ਦੁਵਯਾ ਛੰਦ )

ਬੂਟਾ ਸਿੰਘ ਉਮਰ ਛੋਟੀ ਤੋਂ ਸੰਤਾਂ ਦਾ ਸਤ ਸੰਗੀ। ਕੀਰਤ ਕਰੇ ਰਾਗ ਧੁਨ ਅੰਦਰ ਸੁਰ ਬਹੁ ਮਿੱਠੀ ਢੰਗੀ। ਰਾਗੀ ਨਾਲ ਨਿਰੈਣ ਸਿੰਘ ਦੇ ਕੀਰਤ ਮਿਲਕੇ ਗਾਵੇ । ਕਈ ਬਾਰ ਸੰਤਾਂ ਦੇ ਦਰਸ਼ਣ ਪਾਜਾਵੇ ਘਰਿ ਆਵੇ ॥ ੨੮ । ਪਿੰਡ ਦੁਬੇਰਨ ਹੈ ਇਸ ਕੇਰਾ ਇਸੇ ਵਿਵਾਹ ਸੁਹਾਯਾ। ਰਫੂਣਾ ਬੰਧਾ ਹਥ ਇਸਦੇ ਦਰਸ਼ਣ ਪਾਵਣ ਆਯਾ। ਮਾਈ ਭਗਭਰੀ ਦੇ ਘਰ ਬਿਰ ਪਹੁੰਚਾ ਅੰਮ੍ਰਿਤ ਵੇਲੇ। ਸੰਤਾਂ ਪਾਸ ਬੇਨਤੀ ਕੀਤੀ ਬੈਠੇ ਸੰਤ ਅਕੇਲੇ। ੨੯ ਸੁਣੋ ਸੰਤ ਜੀ ਮਾਈ ਮੇਰੀ ਚਾਹਤ ਜਾਲ ਫਸਾਯਾ । ਬਾਈ ਸਾਲ ਉਮਰ ਹੁਣ ਮੇਰੀ ਮੇਰਾ ਬਿਆਹ ਰਚਾਯਾ ॥ ਸੁਣੋ ਸੰਤ ਜੀ ਮੈਂ ਨਹਿ ਚਾਹਤ ਫਸਣਾ ਏਸ ਝਮੇਲੇ। ਆਖਤ ਸੰਤ ਤੋੜਦੇ ਬੰਧਨ ਜੇ ਬਰਣਾ ਇਸ ਬੇਲੇ ੩੦। ਰਫੂਣਾ ਤੋੜ ਬਗਾਹ ਪਠਾਯਾ ਬੜਿਆ ਜੰਗਲ ਜਾਈ। ਮਾਈ ਇਸ ਦੀ ਢੂੰਡ ਭਾਲਦੀ ਸੰਤਾਂ ਦੇ ਪਹਿ ਆਈ। ਕਈ ਆਦਮੀ ਸਾਥ ਏਸਦੇ ਪੁਛਦੇ ਲੜਕਾ ਆਯਾ ॥ ਆਯਾ ਸੀ ਫਿਰ ਵਾਪਸ ਮੁੜਿਆ ਸੰਤਾਂ ਆਖ ਸੁਣਾਯਾ। ੩੧। ਆਖਣ ਘਰ ਪਹੁੰਚਾ ਨਹੀਂ ਸਾਡੇ ਚੜਨ ਬਰਾਤ ਤਿਆਰੀ । ਬੂਟਾ ਸਿੰਘ ਨ ਮਿਲਿਆ ਤਿਸ ਨੂੰ ਮਾਈ ਦੇਵਤ ਗਾਰੀ । ਟਰੀ ਬਰਾਤ ਚੜਨ ਤੋਂ ਤਤਛਿਨ ਬਿਨ ਲਾੜੇ ਜਾਵ ਕੈਸੀ । ਬੂਟਾ ਸਿੰਘ ਰਿਹਾ ਸੰਗ ਸੰਤਾਂ ਭਈ ਬਾਰਤਾ ਐਸੀ । ੩੨ ।

**ਇਤ ਸਿਰੀ ਸੰਤ ਬਲਾਸ ਗ੍ਰੰਥੇ ਦੂਸਰ ਅਵਸਥੇ ਸੰਤ ਜੀ ਮਹਾਰਾਜ ਨੇ ਖਾਰਾ ਖੂਹ ਮਿਠਾ ਕੀਤਾ ਤੇ ਰਾਵਲਪਿੰਡੀ ਵਾ ਲੇਬੇਦੀ ਖੇਮ ਸਿੰਘ ਦਾ ਮਿਲਨ ਦਾ ਪਰਸੰਗ ਬਰਨਨ ਨਾਮ ਚੌਦਸਵੋਂ ਧਿਆਇ। ੧੪**

—-o—-

Sri Satguru Jagjit Singh Ji eLibrary NamdhariElibrary@gmail.com

## [ ਦੋਹਿਰਾ ]

ਸੰਤ ਕਨੋਏ ਤੀਨ ਸਾਲ ਰਹੇ ਮਾਸ ਕੁਝ ਔਰ। ਝੰਗੀ ਬਿਰਛ ਫਲਾਹੀਆਂ ਪਾਵਨ ਸੁੰਦਰ ਠੌਰ। ੧

## ਦੁਵਯਾ ਛੰਦ

ਇਕ ਦਿਨ ਦਰਸ਼ਣ ਪਾਵਣ ਵਾਲੀ ਸੰਗਤ ਬਹੁਤੀ ਆਈ। ਚਾਰ ਤਰਫ ਨਗਰ ਦੀ ਮਿਲ ਕੇ ਰਾਸਣ ਬਹੁਤ ਲਿਆਈ। ਮਿਲ ਕਰ ਭਾਰੀ ਯੱਗ ਰਚਾਯਾ ਲੰਗਰ ਚੱਲੇ ਭਾਰੀ ਕੀਰਤ ਹੋਨਵ ਦਰਸ਼ਣ ਦੇਵਤ ਬੈਠੈ ਸੰਤ ਅਵਤਾਰੀ । ੨ । ਪ੍ਰੇਮ ਸਿੰਘ ਸੇਵਕ ਸੰਤਾਂ ਦਾ ਹਾਥ ਜੋੜਕੇ ਬੋਲਾ। ਹੁਕਮ ਕਰੋ ਮੈਂ ਕਰੂੰ ਸਬੋਧਨ । ਇਹੁ ਸਮਾ ਅਮੋਲਾ ॥ ਸਭ ਸੰਗਤ ਅਰ ਸੰਤਾਂ ਦਿਸ ਤੇ ਮਿਲੀ ਆਗਿਆ ਭਾਈ। ਪ੍ਰੇਮ ਸਿੰਘ ਨੇ ਖੜਾ ਹੋਇਕੇ ਅਚਰਜ ਸਿਫਤ ਸੁਣਾਈ । ੩

## ਬੈਤ

ਪ੍ਰੇਮ ਸਿੰਘ ਨੇ ਉਠ ਖਲੋਇ ਕਰਕੇ ਸ਼ੁਰੂ ਕੀਤਾ ਪ੍ਰਚਾਰ ਸਣਾਵਣਾ ਜੇ॥
ਧੂੜੀ ਸਾਧ ਕੀ ਕੋਟ ਪਰਾਗ ਮੱਜਨ ਏਥੇ ਨ੍ਹਾਲਵੇ ਤੀਰਥੀਂ ਨ੍ਹਾਵਣਾ ਜੇ ॥
ਸੰਗ ਸਾਧ ਕੇ ਪਵੇ ਨਾ ਘਾਲ ਕਰਨੀ ਦਰਸ਼ਣ ਪਾਇ ਨਿਹਾਲ ਹੋਜਾਵਣਾ ਜੇ ॥
ਪੂਰਨ ਸੰਤ ਬਾਬਾ ਅਤਰ ਸਿੰਘ ਬੈਠੇ ਦਰਸ ਪਾ ਲਵੋ ਪਾਪ ਮਟਾਵਣਾ ਜੇ ॥
ਮਾਰਗ ਸੰਤ ਕਾ ਜੋ ਪਉੜੀ ਧਰਮ ਦੀ ਹੈ ਗੁਰੂ ਬਾਣੀ ਦਾ ਸੱਚ ਬਤਾਵਣਾ ਜੇ ॥
ਏਸ ਪਉੜੀਓਂ ਖੁੰਝਿਆ ਜੀਵ ਭਾਈ ਆਇ ਜਾਇ ਸਦਾ ਦੁਖ ਪਾਵਣਾ ਜੇ ॥
ਸੇਵਾ ਸਾਧੂਆਂ ਦੀ ਮੇਵਾ ਬਰਤਦਾਏ ਅਮਰਫਲ ਖਾਲੇ ਜਿਸੇ ਖਾਵਣਾ ਜੇ ॥
ਸੇਵਾ ਸਾਧੂਆਂ ਗੁਰਮੁਖਾਂ ਸੰਗਤਾਂ ਦੀ ਸਿਦਕ ਵਾਲਿਓ ਸਿਖੀ ਦਾ ਪਾਵਣਾ ਜੇ ॥
ਪੂਰੇ ਸੰਤ ਨਾ ਮਿਲਣ ਹਮੇਸ ਭਾਈ ਬੇਲਾ ਸੁਤਿਆਂ ਨਹੀਂ ਲੰਘਾਵਣਾ ਜੇ ॥
ਸੰਤ ਜਨਾ ਮਿਲ ਗਾਈਏ ਨਿਤ ਭਾਈ ਜਸ ਹਰੀ ਦਾ ਕਿਸੇ ਨੇ ਗਾਵਣਾ ਜੇ ॥
ਕੋਟ ਜਨਮ ਦੇ ਦੂਖ ਨਵਿਰਤ ਹੁੰਦੇ ਗੁਰੂਬਾਣੀ ਦਾ ਸੱਚ ਜਣਾਵਣਾ ਜੇ ॥
ਸ਼ਬਦ ਪੁੱਛਲਉ ਸੰਤ ਮਹਾਤਮਾ ਤੋਂ ਚਿੱਤ ਲਾਇਕੇ ਕਿਸੇ ਕਮਾਵਣਾ ਜੇ ॥
ਮਾਨ ਛੋੜਕੇ ਗੁਰਾਂ ਦੀ ਸਰਨ ਪੇ ਜੋ ਝੂਠਾ ਮਾਣ ਨ ਗੁਰਾਂ ਨੂੰ ਭਾਵਣਾ ਜੇ ॥
ਪੂੰਜੀ ਨਾਮ ਦੀ ਸੰਤ ਜੀ ਸਉਂਪ ਦਿੰਦੇ ਧੋਖਾ ਚਿਤ ਦਾ ਕੁਲ ਮੁਕਾਵਣਾ ਜੇ ॥
ਧਰਮਰਾਇ ਕੀ ਕਟੂਗਾ ਫੇਰ ਭਾਈ ਲੇਖਾ ਪਾੜਕੇ ਜੀਵ ਮਲਾਵਣਾ ਜੇ :
ਪੂਰਨ ਸੰਤ ਸੂਰੇ ਅਤਰ ਸਿੰਘ ਆਏ ਵੇਲਾ ਹੋਗਿਆ ਜਗ ਸੁਹਾਵਣਾ ਜੇ।
ਚਰਨੀ ਲੱਗ ਜੋ ਸੰਤ ਮਹਾਤਮਾ ਦੇ ਬੇਲਾ ਬੀਤਿਆ ਹੱਥ ਨਾ ਆਵਣਾ ਜੇ।
ਹੋਇਆ ਬਹੁਤ ਪਰਚਾਰ ਨਿਟੈਣ ਸਿੰਘਾ ਚੰਗਾ ਨਹੀਂ ਗੰਥ ਬਧਾਵਣਾ ਜੇ।
ਪਰੇਮ ਸਿੰਘ ਜੀ ਆਗਿਆ ਪਾਇ ਬੈਠਾ ਸੰਤਾਂ ਸ਼ੁਰੂ ਕੀਤਾ ਸ਼ਬਦ ਗਾਵਣਾ ਜੇ।

Sri Satguru Jagjit Singh Ji eLibrary NamdhariElibrary@gmail.com

ਸ਼ਬਦ ਗਾਇਆ ਰਾਗਭਰ ਸੰਤ ਜੀ ਨੇ ਸੋ ਭੀ ਕਰੂੰ ਮੈਂ ਅਗਰ ਲਖਾਵਣਾ ਜੇ।

## ( ਗਾਉੜੀ ਮਹਲਾ ੫ )

ਭੁਜ ਬਲ ਬੀਰ ਬ੍ਰਹਮ ਸੁਖ ਸਾਗਰ। ਗਰਤ ਪਰਤ ਗਹਿ ਲੇਹੁ ਅੰਗੁਰੀਆ। ੧ । ਰਹਾਉ। ਸਰਵਨਿਨ ਸੁਰਤਿ ਨੈਨ ਸੁੰਦਰ ਨਹੀ। ਆਰਤ ਦੁਆਰ ਰਟਤ ਪਿੰਗੁਰੀਆ। ੧। ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ ਚਰਣ ਕਵਲ ਹਿਰਦੈ ਗਹਿ ਨਾਨਕ ਭੈ ਸਾਗਰ ਸੰਤ ਪਾਰ ਉਤਰੀਆ ॥ ੨

## ਬੈਂਤ

ਆਰਤ ਦੁਆਰ ਜਾਂ ਪਿੰਗੁਰੀਆ ਰਟਤ ਬਾਲੀ ਸੰਤ ਸਾਹਿਬ ਜੀ ਨੇ ਬਾਣੀ ਗਾਈ ਸਿੰਘੋ
ਸੇਸ਼ ਨਾਗ ਆਯਾ ਬੜੇ ਚਾਉ ਭਰਿਆ ਦਿਤੀ ਸੰਗਤਾਂ ਬਿਚ ਦਿਖਾਈ ਸਿੰਘੋ।
ਕਈ ਸਿੰਘ ਦੌੜੇ ਸੱਪ ਸੱਪ ਕਹਿਕੇ ਦਿਤੀ ਜੋਰ ਦੇ ਨਾਲ ਦੁਹਾਈ ਸਿੰਘੋ।
ਸੰਤ ਆਖਦੇ ਡਰੋ ਨਾ ਮੂਲ ਭਾਈ ਏਹੈ ਸੇਸਨਾ ਬੁਰਾ ਕੁਮਾਈ ਸਿੰਘੋ।
ਪਰੇਮ ਸਿੰਘ ਨੇ ਉਠਕੇ ਹੱਥ ਜੋੜੇ ਸੰਤ ਸਾਹਿਬ ਨੂੰ ਅਰਜ ਸੁਣਾਈ ਸਿੰਘੋ।
ਏਹ ਨੂੰ ਸੰਤ ਜੀ ਗੁਪਤ ਹੀ ਕਰੋ ਆਖੇ ਬਿਚ ਸੰਗਤਾਂ ਹਲਚਲੀ ਪਾਈ ਸਿੰਘੋ।
ਸੰਤ ਅਖਦੇ ਸੇਸ਼ਨਾ ਫੇਰ ਆਵੀਂ ਲਗੀ ਸਸ਼ ਦੀ ਹੋਣ ਜੁਦਾਈ ਸਿੰਘੋ॥
ਬਚਨ ਮੋੜਦਾ ਨਹੀਂ ਨਿਰੈਣ ਸਿੰਘਾ ਤਿੰਨ ਸਾਲ ਬਹੁ ਟਹਲ ਕੁਮਾਈ ਸਿੰਘੋ।

## ਸੇਖ ਨਾਗ ਦੀ ਰਵਾਨਗੀ ॥

## ( ਤ੍ਰਿਭੰਗੀ ਛੰਦ )

ਕਹਿਤੇ ਬਖਸਿੰਦਾ ਸੁਨਹੁ ਫਨਿੰਦਾ ਫਿਰਤ ਡਰੰਦਾ ਸਤਿ ਸੰਗੀ। ਅਵਕਰੋ ਤਿਆਰੀ ਚਲਹੁ ਅਗਾਰੀ ਟਹਲ ਤੁਮਾਰੀ ਬਹੁਚੰਗੀ। ਚਹੁਗਿਰਦ ਫਰਿੰਦਾ ਬਦਨ ਪਖਿੰਦਾ ਚਰਨ ਲਗਿੰਦਾ ਫਲ ਮੰਗੀ। ਦ੍ਰਿਗ ਨੀਰ ਬਹਾਯਾ ਸੀਸ ਨਿਵਾਯਾ ਛੰਦ ਸੁਣਾਯਾ ਤਿਰਭੰਗੀ ॥ ੬ ।

## ਬੈਂਤ

ਸੇਸ ਦਿਲੋਂ ਪਰੀਤੀਆਂ ਧਾਰਿ ਆਯਾ ਦੁਆਰਾ ਸੰਤ ਜੀ ਦਾ ਆਕੇ ਮੱਲਿਆਈ।
ਤਿੰਨ ਸਾਲ ਰਹਿਆ ਪਹਰੇਦਾਰ ਬਣਕੇ ਬਿਨਾ ਹੁਕਮ ਤੋਂ ਮਿੰਟਨਾ ਹੱਲਿਆਈ।
ਕੋਈ ਸ਼ਖਸ ਆਵੇ ਖੋਟੀ ਨੀਤ ਕਰਕੇ ਓਨੂੰ ਮਾਰ ਫੂੰਕਾਰ ਦੁਬੱਲਿਆਈ।
ਪੰਜ ਬਾਰ ਪਰਦੱਖਣਾ ਫੇਰ ਕੀਤੀ ਨੈਣੇ ਨੀਰ ਨਾ ਠਹਰਦਾ ਠੱਲਿਆਈ।
ਬਚਨ ਮੰਨਕੇ ਸੰਗਤਾਂ ਬੈਠੀਆਂ ਤੋਂ ਸੇਸ ਸੀਸ ਨਿਵਾਇਕੇ ਚੱਲਿਆਈ॥

—ੳੳੳ—

Sri Satguru Jagjit Singh Ji eLibrary NamdhariElibrary@gmail.com

ਪਿਛੇ ਝਾਕਦਾ ਹ ਜਾਇ ਤੁਰਿਆ ਜਾਵੇ ਸੰਤ ਬਜੋਗਨਾ ਝੱਲਿਆਈ ॥
ਥੋਹੇ ਖਾਲਸੇ ਨੂੰ ਜੋੜੀ ਸੜਕ ਜਾਂਦੀ ਉਹੁਤੋ ਪਾਰ ਹੋ ਰੂਪ ਬੱਦਲਿਆਈ ।
ਬੜਿਆ ਜਾਇਕੇ ਅਪਣੀ ਰਾਜਧਾਨੀ ਦੀਵਾ ਘਿਰਤ ਦਾ ਨਾਗ ਦਰ ਵੱਲਿਆਈ।
ਕਦੇ ਹੱਸ ਪੈਂਦਾ ਕਦੇ ਰੋਇਪੈਂਦਾ ਪਿਆ ਬਿਚ ਬੈਰਾਗ ਦੇ ਵੱਲਿਆਈ :
ਸੇਸ ਸੋਹਣੀਆਂ ਘਾਲਣਾ ਘਾਲ ਆਯਾ ਰਾਜ ਭਾਗ ਪ੍ਰਵਾਹ ਬਹੁ ਫੱਲਿਆਈ ॥
ਸਰਨ ਸੰਤ ਕੀ ਪਿਆ ਜੋ ਇਕ ਬਾਰੀ ਮਾਯਾ ਨਾਗਣੀ ਫੇਰ ਨ ਛੱਲਿਆਈ ॥
*ਪੂਰ ਸੰਤ ਪਾਈ ਨਿਕਟ ਨਹੀਂ ਮਾਈ ਵਾਕ ਧੁਰੋਂ ਗੁਰਦੇਵ ਨੇ ਘੱਲਿਆਈ :
ਕਵੀ ਸਿੰਘ ਆਖੇ ਸੁਣੋ ਖਾਲਸਾ ਜੀ ਮੈਂ ਭੀ ਸੰਤ ਪੂੜੀ ਵਿਖੇ ਪੱਲਿਆਈ ॥
ਧੰਨ ਧੰਨ ਸੋ ਸੰਤ ਨਿਟੈਣ ਸਿੰਘਾ ਜੀਹਦੇ ਡਿਠਿਆਂ ਪਾਪ ਸਭ ਟੱਲਿਆਂਈ। ੭ ॥

## ਕਾਫੀ

ਤ੍ਰਿਨ ਬਰਸ ਭਾਰੀ ਤਪ ਕਰਕੇ ਸੰਤਾਂ ਯੱਗ ਰਚਾਯਾ ਜੀ। ਦੂਰ ਦੂਰ ਤੋਂ ਸੰਗਤ ਆਈ ਮੇਲਾ ਬਹੁਤ ਭਰਾਯਾ ਜੀ। ਮਨ ਇਛੇ ਫਲ ਪਾਏ ਸਭ ਨੇ ਸੰਤ ਸਰਨ ਜੋ ਆਯਾ ਜੀ ਸਭ ਸੰਗਤ ਨੇ ਸੇਵਾ ਕੀਤੀ ਜੰਗਲ ਪਿਆ ਸੁਹਾਯਾ ਜੀ। ਬਹੁਤਾ ਖਰਚ ਬਜੀਰ ਸਿੰਘ ਨੇ ਅਪਣੇ ਘਰੋਂ ਕਰਾਯਾ ਜੀ। ਰਾਗੀ ਸਾਜੀ ਢਾਡੀ ਆਏ ਕੀਰਤ ਗਾਇ ਸੁਣਾਯਾ ਜੀ। ਧਨ ਗੁਰ ਧਨ ਗੁਰ ਤਪਲੋ ਆਖਣ ਹਉਸ ਹਜੂਰ ਬਜਾਯਾ ਜੀ। ਚਰਨ ਸਰਨ ਪੈ ਆਖਣ ਛੈਣੇ ਬਹੁਤ ਕੁਲਾਹਲ ਗਾਯਾ ਜੀ॥ ਭੁੱਲ ਗਏ ਸਭ ਘਰ ਦੇ ਧੰਦੇ ਜਿਨ ਜਿਨ ਦਰਸਨ ਪਾਯਾ ਜੀ। ਕਲਜੁਗ ਦੇ ਬਿਚ ਸੰਤ ਜਨਾਂ ਨੇ ਸਤਿਯੁਗ ਆ ਬਰਤਾਯਾ ਜੀ। ਸਤਿਨਾਮ ਦਾ ਫੇਰ ਢੰਡੋਰਾ ਸੁਤਾ ਮੁਲਖ ਜਗਾਯਾ ਜੀ। ਨਰ ਨਾਰੀ ਦੀਆਂ ਸੁਣ ਸੁਣ ਅਰਜਾਂ ਅੰਮ੍ਰਿਤ ਬਹੁਤ ਛਕਾਯਾ ਜੀ। ਚਰਨ ਘਾਲਦੀ ਰੀਤ ਹਟਾਕੇ ਖੰਡਾ ਪਹੁਲ ਪਿਆਯਾ ਜੀ। ਦਿਨ ਦਿਨ ਦੂਣਾ ਰਾਤ ਚਉਗਣਾ ਸੰਤਾਂ ਦਾ ਜਸ ਛਾਯਾ ਜੀ॥ ਸੁਣ ਸੁਣ ਰਾਵਲਪਿੰਡੀ ਵਾਲਾ ਬੇਦੀ ਬਹੁ ਘਬਰਾਯਾ ਜੀ॥ ਉੱਲੂ ਚੋਰ ਚੁਗਲ ਸਭ ਦੁਖਦੇ ਸੂਰਜ ਮੁੱਖ ਦਖਾਯਾ ਜੀ। ਲੁਕੇ ਨ ਸੂਰਜ ਹੇਠ ਕੁਨਾਲੀ ਚਾਹੇ ਕੋਈ ਲੁਕਾਯਾ ਜੀ। ਕੱਲਰ ਨਗਰੋਂ ਸੰਗਤ ਆਈ ਸਭ ਨੇ ਸੀਸ ਨਿਵਾਯਾ ਜੀ। ਪਾਏ ਚਰਨ ਸੰਤ ਜੀ ਕੱਲਰ ਬਿਨਤੀ ਸਹਿਤ ਸੁਣਾਯਾ ਜੀ। ਕਿਸੇ ਰੋਜ ਆਵਾਂਗੇ ਭਾਈ ਸੰਤਾਂ ਬਚਨ ਅਲਾਯਾ ਜੀ। ਬਹੁਤਾ ਸੀ ਪਰਸੰਗ ਸੰਗਤੇ ਥੋੜੇ ਬਿੱਚ ਮੁਕਾਯਾ ਜੀ। ਜਿਥੇ ਸੀ ਸੰਤਾਂ ਤਪ ਕੀਤਾ ਅਬ ਹਰਿਮੰਦਰ ਪਾਯਾ ਜੀ। ਤੇਜਾ ਸਿੰਘ ਪ੍ਰੇਮੀ ਪਲਜੀ ਟਹਿਲਾ ਬਹੁ ਕਰਵਾਯਾ ਜੀ॥ ਦਾਸ ਨਿਟੈਣ ਸਿੰਘ ਇਵ ਆਖਤ ਦਰਸ ਦਿਓ ਹਰਿ ਰਾਯਾ ਜੀ। ੮

## ਸੰਤ ਸਾਹਿਬ ਜੀ ਦਾ ਕੱਲਰ ਨਗਰ ਫੇਰਾ। ਕਾਫੀ।

* ਗੁਰਦੇਵ ਕਹ ਨਾਨਕ ਜਿਨ ਪੂਰ ਸੰਤ ਪਾਈ ਤਾਕੈ ਨਿਕਟ ਨ ਆਵੈ ਮਾਈ

Sri Satguru Jagjit Singh Ji eLibrary NamdhariElibrary@gmail.com

ਚੁਪ ਚੁਪਾਤੇ ਸੰਤਾਂ ਇਕ ਦਿਨ ਕੱਲਰ ਫੇਰੇ ਪਾਏ ਨੇ। ਸਿੰਘ ਕਨੋਏ ਨੱਗਰ ਵਾਲੇ ਟੋਲ ਭਾਲਦੇ ਆਏ ਨੇ। ਜਾਂ ਦੇਖਣ ਤਾਂ ਕੱਲਰ ਸੰਤਾਂ ਬੈਠ ਦੀਵਾਨ ਸਜਾਏ ਨੇ॥ ਸਾਰੀ ਭਾਈ ਕੱਲਰ ਨਿਵਾਸੀ ਦਰਸ਼ਨ ਕਰ ਹਰਖਏ ਨੇ। ਮਿਸਰੀ ਕੂਜਾ ਥਾਲ ਬਦਾਮਾਂ ਮੇਵੇ ਭੇਟ ਚੜ੍ਹਾਏ ਨੇ। ਦਿਨ ਭਰ ਕੱਲਰ ਠਹਿਰ ਸੰਤ ਜੀ ਰਾਤਿ ਕਨੋਏ ਧਾਏ ਨੇ॥ ਕਈ ਬਾਰ ਜਾ ਸੰਤ ਸਾਹਿਬ ਜੀ ਐਸੇ ਗੇੜ ਲਗਾਏ ਨੇ। ਆਖਰ ਕਲਰ ਨਿਵਾਸੀ ਸਿੰਘਾਂ ਪੈਰੀਂ ਪੈ ਅਟਕਾਏ ਨੇ। ਛਿਪਦੇ ਤਰਫ ਗੁਫਾ ਬਣਵਾਈ ਆਸਣ ਸੰਤਾਂ ਲਾਏ ਨੇ। ਖੇਤ ਇਹ ਤਰਲੋਕ ਸਿੰਘ ਦਾ ਕਵਿਜਨ ਭੇਤ ਬਤਾਤੇ ਨੇ॥ ਪੰਜੇ ਸਾਹਿਬ ਮਨੇਜਰ ਸੀ ਜੋ ਅਬਸੇ ਸੁਰਗ ਸਿਧਾਏ ਨੇ। ਦਿਨ ਦੀਵਾਨ ਸ਼ਹਿਰ ਬਿਚ ਹੋਵਤ ਸੰਤ ਸਾਹਿਬ ਗੁਣ ਗਾਏ ਨੇ। ਰਾਤੀ ਰਹਿਣ ਗੁਫਾ ਬਿਚ ਬੈਠੇ ਗੁਰਚਰਨੀ ਚਿਤ ਲਾਏ ਨੇ ਕਵਜਨ ਆਖਤ ਮੈਂ ਸਭ ਡਿੱਠੇ ਜੋ ਅਸਥਾਨ ਸੁਹਾਏ ਨੇ। ੯

## ਕਲਯਾਣ ਸਿੰਘ ਦਾ ਮਲਾਪ। ਦੁਵਯਾ ਛੰਦ

ਸੰਤ ਅਕੇਲੇ ਬੈਠੇ ਇਕ ਦਿਨ ਬਾਹਰ ਬੀਆਵਾਨੇ। ਏਕ ਪਰੇਮੀ ਫਿਰੇ ਟਹਿਲ ਦਾ ਤਿਸ ਜੰਗਲ ਅਸਥਾਨੇ॥ ਏਕ ਤਰਜ਼ ਮੁਖਤੇ ਤਿਨ ਗਾਈ ਮਨ ਮਸਤੀ ਬਿਚ ਆਕੇ ਕੋਈ ਮੋੜੇ ਮਨ ਦੀਆਂ ਵਾਗਾਂ ਇਵ ਆਖਤ ਮੁਖ ਗਾਕੇ। ੧੦। ਤਿਸਦੇ ਮੁਖ ਤੇ ਸੁਣ ਕਰ ਸੰਤਾਂ ਉੱਤਰ ਗਾਇ ਸੁਣਾਯਾ। ਬਿਰਲਾ ਵਾਗਾਂ ਮੋੜਨ ਹਾਰਾ ਸੁਣ ਸੋ ਨੇੜੇ ਆਯਾ। ਆਇ ਕਰੀ ਸੰਤਾਂ ਨੂੰ ਬੰਦਨ ਸੰਤਾਂ ਲਿਆ ਬੁਲਾਈ। ਆਓ ਜੀ ਕਲਯਾਣ ਸਿੰਘ ਜੀ ਇਵ ਆਖਤ ਜਗਸਾਈ॥ ੧੧। ਇਤਨਾ ਸੁਣ ਕਲਯਾਣ ਸਿੰਘ ਨੇ ਬਿਨਤੀ ਸਹਿਤ ਸੁਣਾਯਾ। ਮੈ ਆਗੇ ਮਿਲਿਆ ਨਹਿ ਪ੍ਰਭ ਜੀ ਕਿਵ ਤੁਮ ਨਾਮ ਬਤਾਯਾ। ਸੁਣ ਕਰ ਸੰਤ ਹਸੇ ਫਿਰ ਮੁਖਤੇ ਇਸ ਇਧ ਵਾਕ ਵਖਾਨਾ। ਪੂਰਬਭੀ ਤੂੰ ਸਾਡਾ ਸੇਵਕ ਨਾਮ ਹੁਤੇ ਮਰਦਾਨਾ। ੧੨। ਅਬ ਤੁਝ ਕੋ ਪਰਤੀਖਤ ਚਿਰਤੋਂ ਆਊ ਬਣੋ ਮਮ ਰਾਗੀ। ਸੁਣ ਕਲਯਾਣ ਦਾਸ ਬਚ ਐਸਾ ਹੋਯਾ ਦਿਲੋਂ ਬਰਾਗੀ॥ ਸੁਣੋ ਸਰੋਤਾ ਇਸਦੀ ਗਾਥਾ ਮੈ ਵਰਨੂ ਸਭ ਤਾਜੀ। ਸਹੁਰੇ ਘਰ ਬਿਚ ਕੱਲਰ ਨੱਗਰ ਕਰਤ ਦੁਕਾਨ ਬਜਾਜੀ। ੧੩। ਨਾਮ ਏਸ ਕਲਯਾਨ ਦਾਸ ਥੀ ਸਾਧ ਸੰਤ ਕਾ ਮੇਲੀ ਆਮਿਲਿਆ ਤਿਸ ਠਾਕੁਰ ਕੇ ਸੰਗ ਜਿਸ ਐਸੀ ਘਣ ਚੇਲੀ। ਸੰਤਾਂ ਨੇ ਕਲਯਾਣ ਦਾਸ ਨੂੰ ਪਾਦਵੀ ਸਿੰਘ ਲਗਾਈ। ਅੰਮ੍ਰਿਤ ਪਾਨ ਕਰਾਕੇ ਪਹਿਲੇ ਭਲੀ ਸੀਖ ਸਮਝਾਈ ੧੪। ਸੁਣ ਕਲਯਾਣ ਸਿੰਘ ਇਹ ਦੁਨੀਆ ਹੈ ਸਭ ਝੂਠ ਪਸਾਰਾ। ਛੋਡੋ ਧੰਦਾ ਕਰੋ ਬੈਰਾਗੀ ਘਰ ਤੇ ਕਰੋ ਕਨਾਰਾ। ਸੁਣ ਕਲਯਾਣ ਸਿੰਘ ਜੀ ਬੋਲੇ ਮੈਂ ਪ੍ਰਭ ਸੰਗ ਸਧਾਊਂ ਫਿਰ ਮੋਕੋ ਤਜ ਦੂਰ ਨ ਕਰਨਾ ਇਸਤੋ ਮੈਂ ਡਰ ਪਾਊਂ। ੧੫। ਸੁਣਕਰ ਸੰਤਾਂ ਬਚਨ ਸੁਣਾਯਾ ਤੁਝਕੋ ਨਹੀਂ ਤਜੈ ਹੈਂ। ਜੇਕਰ ਗੁਪਤ ਕਿਸੇ ਦਿਸ ਜੈ ਹੈਂ ਤੋ ਦੇ ਭੇਤ ਬਤੈਂ ਹੈਂ। ਫਿਰ ਕਲਯਾਣ ਸਿੰਘ ਲੈ ਆਇਸ ਆਯਾ ਪਾਸ ਦੁਕਾਨੇ। ਖਿੱਚ ਬਜ਼ਾਰ

ਬਗਾਹਿ ਚਾਬੀਆਂ ਮੁਖ ਤੇ ਆਖ ਬਖਾਨੇ। ੧੬। ਲੁੱਟ ਲਓ ਹੱਟੀ ਮੇਰੀ ਲੋਕੋ ਮੈਂ ਉਚਾ ਪਦ ਪਾਯਾ। ਸੁਰ ਨਰ ਮੁਨਿ ਜਨ ਜਾਂਕੋ ਖੋਜਤ ਸੋ ਪ੍ਰਭ ਮੋਕੋ ਥਿਆਯਾਂ। ਸੁਣੋ ਸਰੋਤਾ ਹਟੜੀ ਤਜਕਰ ਮਿਲਿਆ ਸੰਤਾਂ ਸੰਗੇ। ਠਾਈ ਬਰਸ ਟਹਿਲ ਮਿਲ ਕੀਤੀ ਨਿਹਚਾ ਰਿਹਾ ਅਭੰਗੇ। ੧੭। ਰਾਗ ਸਾਜ ਦਾ ਧਨੀ ਘਨੇਰਾ ਵਾਜ ਸੁਰੀਲੀ ਚੰਗੀ। ਸੱਤਰ ਸਾਲ ਉਮਰ ਸਭ ਇਸਦੀ ਸਤਿ ਸੰਗਤ ਮਹਿ ਲੰਘੀ। ਦੇਸ ਮਾਲਵੇ ਨਗਰ ਕਾਂਝਲੇ ਗੁਰਪੁਰ ਵਿਖੇ ਸਧਾਰਾ। ਸੰਤਾਂ ਨੇ ਗੁਣ ਵਰਨਨ ਕਰਕਰ ਸੰਗਤ ਵਿਚ ਚੜਾਰਾ। ੧੮

## ਸੁਵਯਾ

ਹੱਟੀ ਸੁ ਲੁਟਾਇ ਮਿਲੇ ਸੰਗ ਆਇ ਕਰੀ ਵਹੁ ਸੇਵ ਨ ਪਰੀਤ ਘਟੀ।
ਘਟੀ ਸੋ ਕੁਬੁੱਧ ਸਮੱਤਿ ਭਈ ਸਤਿਸੰਗ ਬਸੇ ਦੁਖ ਰੀਤ ਕਟੀ।
ਕਟੀ ਜਮਫਾਸ ਰਹੇ ਬਣ ਦਾਸ ਬਟੀ ਜਵ ਦੇਹ ਨ ਪ੍ਰੀਤ ਬਟੀ।
ਬਟੀ ਸੁ ਬਿਗਯਾਨ ਪ੍ਰਕਾਸ਼ ਭਈ ਇਕ ਏਕ ਭਏ ਸੁ ਦੁਵੈਤ ਹਟੀ। ੧੯।

## ਭਾਈ ਬਾਜ ਸਿੰਘ ਦਾ ਮਿਲਾਪ। ਦੁਵੱਯਾ ਛੰਦ ॥

ਬਾਜ ਸਿੰਘ ਇਸ ਕੱਲਰ ਨੱਗਰ ਹਟੜੀ ਕਾਰ ਚਲਾਵੇ ॥ ਗੁੱਜਰ ਖਾਨ ਲਜਾਵੇ ਟੱਟੂ ਸੌਦਾ ਲੱਦ ਲਿਆਵੇ। ਸੰਤਾਂ ਦੇ ਹਿਤ ਕੁਝ ਫਲ ਮੇਵਾ ਲੈ ਆ ਵੇਕਰ• ਪ੍ਰੀਤੀ ॥ ਭੇਟਾ ਧਰ ਦਰਸ਼ਣ ਕਰ ਜਾਵੇ ਕੁਝਕ ਤੋਰ ਇਵ ਬੀਤੀ। ੨੦। ਇਕ ਦਿਨ ਟੱਟੂ ਦੂਰ ਬਾਂਧਕੇ ਸੰਤਾਂ ਨਿਕਟੇ ਆਯਾ। ਭੇਟਾ ਅਰਪੀ ਬੰਦਨ ਕੀਤੀ ਦਰਸ਼ਣ ਪਾਇ ਸਧਾਯਾ। ਟੱਟੂ ਪਾਸ ਜਾਇ ਪਾ ਪਾਣੀ ਲਾਗਾ ਧੋਵਣ ਲਾਗਾ। ਉਠ ਕਰ ਸੰਤ ਏਸ ਪਹਿ ਆਏ ਕਰਮ ਏਸਦਾ ਜਾਗਾ। ੨੦। ਪੁਛਦੇ ਸੰਤ ਬਾਜ਼ ਸਿੰਘ ਤੇਰਾ ਹੈ ਘਰ ਹੋਰ ਸਬੰਧੀ। ਆਕਤ ਨਹੀਂ ਸੰਤ ਸੁਣ ਬੋਲੇ ਤਾਕਿਉ ਫਸਿਆ ਫੰਧੀ। ਤੇਰੇ ਮਸਤਕੋ ਲਿਖੀ ਬੰਦਗੀ ਘਰ ਤੇ ਕਰੋ ਕਨਾਰਾ। ਤੇਰੇ ਚਰਨੀ ਲਗ ਲਗ ਉਧਰਨ ਬਹੁਤੇਰੀ ਨਰ ਨਾਰਾ। ੨੨। ਬਾਜ ਸਿੰਘ ਨੇ ਬਚਨ ਮਾਨਕੇ ਹਟੜੀ ਜਾਇ ਲੁਟਾਈ। ਆ— ਮਿਲਿਆ ਸੰਤਾਂ ਦੇ ਸੰਗੇ ਕੁਝ ਦਿਨ ਟਹਿਲ ਕਮਾਈ। ਸੰਤਾਂ ਭਲੀ ਸਿੱਖ ਸਮਝਾਈ ਰਹੋ ਨ ਸਾਥ ਹਮਾਰੇ। ਬੈਠ ਅਕੱਲੇ ਕਰੋ ਬੰਦਗੀ ਮਿਟਿ ਜਾਵਣ ਅੰਧਿਆਰੇ। ੨੩ ਬਾਜ਼ ਸਿੰਘ ਫਿਰ ਬਚਨ ਮਾਨਕੇ ਗਿਆ ਖਾਲਸੇ ਥੋਹੇ। ਪਾਸ ਨਿਹਾਲ ਸਿੰਘ ਠਾਕਰ ਦੇ ਕਰਤ ਬੰਦਗੀ ਸੋਹੇ। ਬੀਤ ਗਿਆ ਕੁਝ ਸਮਾ ਏਸ ਬਿਧ ਹੋਯਾ ਮਨ ਉਜਿਆਲਾ। ਬਹੁਰੋ ਜਥਾ ਬਣਾਏ ਦੇਸ ਬਿਚ ਕੀਰਤ ਕਰਤ ਬਸਾਲਾ ੨੪ ॥ ਪੋਠੋਵਾਰ ਧਨੀ ਦੇ ਅੰਦਰ ਬਹੁਤੇ ਸਿੰਘ ਸਜਾਏ। ਏਹ ਪਰਸਿੱਧ ਸੰਤ ਫਿਰ ਹੋਇਆ ਉਚੀ ਸੁਰ ਗੁਣ ਗਾਏ। ਸੁਣੋ ਸਰੋਤਾ ਇਸਬਿਧ ਸੰਤਾਂ ਬਹੁਤੇ ਭਗਤੀ ਨਾਤੇ। ਤਾਰੇ ਗਿਣੇ ਅਕਾਸੀਂ ਕੋਈ ਗਿਣੇ ਨ ਪ੍ਰਭੂ ਤਰਾਏ ॥ ੨੫

**ਇਤ ਸਿਰੀ ਸੰਤ ਬਿਲਾਸ ਗ੍ਰੰਥੇ ਦੂਸਰ ਅਵਸਥੇ ਸੰਤ ਸਾਹਿਬ ਜੀ ਨੇ ਕੱਲਰ ਨਗਰ ਵਿਖੇ ਸਤਸੰਗ ਦਾ ਰੰਗ ਲੈਣਾ ਕੀਤਾ ਤੇ ਕਲਿਆਣ ਸਿੰਘ ਬਾਜ ਸਿੰਘ ਤੇ ਭਾਰੀ ਕਿਰਪਾ ਨਦਰ ਕਰਕੇ ਨਿਹਾਲ ਕਰਨ ਪਰਸੰਗ ਬਰਨਨ ਨਾਮ ਪੰਦਰਵੇਂ ਧਿਆਇ। ੧੫ ਸੰਮਤ ੧੯੫੩ ਬਿਕ੍ਰਮੀ ਸ਼ੁਰੂ ਭਯਾ ਸੰਤਾਂ ਦੀ ਆਯੂ ਦਾ ੩੧ ਸਾਲ ਸ਼ੁਰੂ ਭਯਾ। ਦੋਹਿਰਾ।**

ਕੱਲਹ ਨਗਰ ਸੰਤ ਜੀ ਕੀਰਤ ਕਰਨ ਹਮੇਸ਼। ਸੰਗਤ ਆਵਤ ਨਿਤਾ ਪ੍ਰਤਿ ਦੇਵਣ ਸ਼ੁਭ ਉਪਦੇਸ।

## ( ਚਉਪਈ)

ਇਸ ਮੌਕੇ ਦੀ ਕਥਾ ਅਪਾਰ॥ ਸਗਤ ਆਵਤ ਬਿਨਾ ਸੁਮਾਰ।
ਸੁਣਸੁਣਰਾਗੀਜੱਥੇ ਆਵੈਂ। ਬਾਰੀ ਬਾਰੀ ਕੀਰਤ ਗਾਵੈਂ। ੧।

ਲੰਗਰ ਹੋਤ ਸਹਰਖੇ ਮਾਹੀ। ਬਾਰੀ ਬਾਰੀ ਸਭੈ ਛਕਾਹੀ। ਅੰਮ੍ਰਿਤ ਨਿੱਤ ਛਕਾਵਣ ਕਰ ਹੈਂ। ਨਰ ਨਾਰੀ ਗੁਰ ਸਿੱਖੀ ਧਰ ਹੈਂ। ੨। ਦਿਨ ਭਰ ਸਜਿਆ ਰਹੈ ਦੀਬਾਨ। ਦੇਤ ਦਰਸ ਕਰਣਾਂ ਕੀ ਖਾਨ॥ ਸੰਗਤ ਕਲਰ ਨਗਰ ਕੀ ਜੋਈ। ਮਿਲ ਕਰ ਬੈਠ ਬਿਚਾਰਤ ਸੋਈ। ੩। ਸੰਤਾਂ ਹੇਤ ਗੁਫਾ ਦੁਇ ਪੱਕੀ। [illegible]ਨ ਹੇਤ ਕਰ ਮਸਲਤ ਪੱਕੀ॥ ਦਿਸ ਪਹਾੜ ਬਾਹਰ ਸੁਭ ਠਉਰ। ਦੋਇ ਗੁਫਾ ਬਣ ਗਈ ਔਰ। ੪। ਤਿਸ ਬਿਚ ਸੰਤ ਉਤਾਰੇ ਆਨ। ਏਥੇ ਸਜੇ ਹਮੇਸ਼ ਦੀਬਾਨ। ਕੁਝਕੁ ਦਿਵਸ ਬੀਤੇ ਜਵ ਐਸੇ। ਸੰਗਤ ਨੇ ਉਗਰਾਹੇ ਪੈਸੇ। ਜਲ ਪੀਵਣ ਹਿਤ ਲਾਯੋ ਕੂਆ। ਥਾਨ ਕਸੁਬਰਾ ਸੁਥਰਾ ਹੂਆ। ਬੂਟਾ ਸਿੰਘ ਕਲਰਦਾ ਬਾਸੀ। ਤਿਸ ਨੇ ਆਇ ਗਿਰਾ ਪਰਕਾਸੀ। ੬। ਇਹ ਅਸਥਾਨ ਖੇਤ ਹੈ ਮੇਰਾ। ਛੋਡ ਦਿਓ ਸਿੰਘੋ ਬਿਨਤੇਰਾ। ਮੈ ਕੂਏ ਤੋਂ ਸਿੰਜੂੰ ਪੈਲੀ। ਮੋਰ ਕਰੀ ਮਤਿ ਤਿਸਦੀ ਮੈਲੀ। ੭। ਸੁਣ ਸਭ ਸੰਗਤ ਬੋਲੀ ਆਨ। ਠਉਰ ਪਈ ਸੀ ਬਹੁਤ ਬਰਾਨ। ਜਵ ਹਮ ਸਾਫ ਲਈ ਕਰ ਵਾਹਿ॥ ਤਵ ਤੂੰ ਮਾਲਕ ਬਣਿਆ ਆਈ। ੮॥ ਦੇਤ ਭਯੋ ਸੰਗਤ ਕਉ ਗਾਰੀ। ਸੁਣ ਸੰਤਾਂ ਗਿਰਾ ਉਚਾਰੀ॥ ਸੋਂਜੀ ਕਪੂ ਨਹੀਂ ਕਰਵਾਵੈ॥ ਪਾਣੀ ਪੀਣ ਜੋਗਰਾ ਆਵੈ। ੯। ਇਤਨਾ ਆਖ ਉਠੇ ਜਗ ਸਾਈਂ॥ ਨਦੀ ਪਾਰ ਜਾ ਜਗਾ ਸੁਹਾਈ। ਏਥੇ ਹੀ ਸਭ ਸੰਗਤੈ ਜਾਵਤ। ਦਰਸ਼ਣ ਪਾਵਤ ਟਹਿਲ ਕਮਾਵਤ। ੧੦। ਅਵ ਸੁਣੀਏ ਕੂਏ ਦੀ ਗਾਥਾ॥ ਜਿਸ ਕੋ ਬਚਨ ਕੀਆ ਜਗ ਨਾਥਾ। ਬੂਟਾ ਸਿੰਘ ਨਾਲ ਲਗ-

ਵਾਈ। ਭਈ ਬਰਾਨ ਸੂਤ ਨਹਿ ਆਈ। ੧੧॥ ਬਹੁਤ ਬਾਰ ਪਟਵਾਈ ਲਾਈ ਮਾਯਾ ਭੀ ਬਹੁਤੀ ਖਰਚਾਈ। ਚਾਰ ਹਜ਼ਾਰ ਬੈਂਕ ਤੇ ਲੀਆ। ਦੋ ਹਜ਼ਾਰ ਸ਼ਾਹਾਂ ਨੇ ਦੀਆ। ੧੨। ਛੇ ਹਜ਼ਾਰ ਕਰਜ਼ਾ ਸਿਰ ਭਯਾ। ਸੰਤ ਬਚਨ ਬਿਰਥਾ ਨਹਿ ਗਿਆ। ਕਈ ਫਰੰਗੀ ਲੋਕ ਮਗਾਏ। ਬਡੀ ਬਾਰ ਨਲਕੇ ਲਗਾਵਾਏ। ੧੩ ਪਾਣੀ ਨਹੀਂ ਚੁਰੀ ਭਰ ਆਯਾ। ਬੂਟਾ ਸਿੰਘ ਬਹੁਰ ਪਛਤਾਯਾ। ਬੈਂਕ ਵਾਲਿਆਂ ਲਈ ਜ਼ਮੀਨ। ਸ਼ਾਹਾਂ ਨੇ ਘਰ ਲੀਤਾ ਛੀਨ। ਨਿੰਦਾ ਕਰਤ ਸੰਤ ਕੀ ਭਯਾ। ਧਰਮ ਧਾਮ ਪਾਪੀ ਕਾ ਰਾਜਾ। ੧੪॥ ਨਿੰਦਕ ਕਉ ਫਿਟਕੇ ਸੰਸਾਰ। ਨਿੰਦਕ ਜਮ ਪੁਰ ਹੋਤ ਖੁਆਰ। ੧੫। ਅਵ ਸੁਣੀਏ ਸੰਤਨਕੀ ਕਥਾ। ਜਥਾ ਭਈ ਮੈ ਵਰਨੋ ਤਥਾ। ਨਦੀ ਕੱਸ ਦੇ ਪਰਲੇ ਪਾਰ। ਤਪ ਤਾਪਨ ਸ੍ਰੀ ਸੰਤ ਉਦਾਰ। ੧੬।

## ( ਦੁਵਯਾ ਛੰਦ )

ਸੁਣੋ ਸਰੋਤਾ ਨਦੀ ਕਨਾਰੇ ਕਿਲਾ ਪੁਰਾਣਾ ਭਾਰੀ। ਅਵਭੀ ਏਸ ਠਉਰ ਹੈ ਥਾਣਾ ਰਹਿਣ ਲੋਕ ਸਰਕਾਰੀ। ਏਸ ਨਦੀ ਦੇ ਤੀਰ ਬਗੀਚੇ ਸੁੰਦਰ ਸੋਭਾ ਪਾਦੇ। ਪਰਲੀ ਪਾਰ ਫਲਾਹੀ ਦੇ ਤਰ ਗਾਹੜੇ ਖਲੇ ਸੁਹਾਂਦੇ। ੧੭॥ ਦੇਖ ਜਗਾ ਰਮਣੀਕ ਸੰਤ ਜੀ ਏਥੇ ਆਸਣ ਲਾਏ। ਇਕ ਦਿਨ ਸਾਧ ਨਿਰਮਲਾ ਮਿਲਿਆ ਬੈਠਾ ਸੀਸ ਨੁਮਾਏ ਅਰਜ ਕਰੀ ਤਿਨ ਸੁਣੋ ਸੰਤ ਜੀ ਸਾਧੂ ਬਸਤਰ ਰੰਗੇ। ਹੁਕਮ ਕਰੋ ਮੈਂ ਰੰਗ ਲਿਆਵਾਂ ਭਗਵਾਂ ਪਹਿਰੇ ਅੰਗੇ॥ ੧੮। ਸੁਣ ਕਰ ਸੰਤ ਹਸੇ ਫਿਰ ਬੋਲੇ ਕੁਦੰਰਤਿ ਰੰਗ ਚੰਗੇਰਾ। ਕਹਾ ਭਯੋ ਤਨ ਭਗਵਾਂ ਪਹਿਰੇ ਜੇ ਮਨ ਵਿਖੇ ਅੰਧੇਰਾ। ਸੁਣ ਕਰ ਸਾਧ ਪਿਆ ਪ੍ਰਭ ਚਰਨੀ ਸੰਤਾਂ ਸਿਖਯਾ ਸੁਣਾਈ॥ ਕਈ ਦਿਵਸ ਤਿਨ ਪਾਸ ਠਹਰਕੇ ਜੋੜਨ ਬਿਧ ਪਾਈ। ੧। ਸ਼ਹਿਰ ਵਿਖੇ ਸੰਤਾਂ ਦੀ ਉਸਤਤਿ ਕਰਦੇ ਮਾਈ ਭਾਈ। ਰਾਤ ਦਿਨੇ ਤਪ ਕਰਦੇ ਬੈਠੇ ਹਰਜਨ ਧੰਨ ਕੁਮਾਈ। ਏਕ ਘਨਈਆ ਲਾਲ ਪਰੇਮੀ ਦੂਨਾ ਸਿੰਘ ਪਹਿ ਆਯਾ। ਏਕ ਆਤਮਾਂ ਸਿੰਘ ਕੋਹਲੀ ਅਪਣੇ ਸਾਥ ਮਲਾਯਾ ॥ ੨੦। ਚਲੋ ਪਰਖੀਏ ਸੰਤਾਂ ਤਾਈਂ ਸੁਣਿਆ ਸੰਤ ਨ ਸੌਂਦੇ। ਦੇਖੋ ਜਗਤ ਨਾਥਨੂੰ ਪਰਖਣ ਜੀਵਜਗਤਦੇ ਔਂਦੇ॥ ਲੁਕ ਬੈਠੇ ਵਿਚ ਬਾਰੀ ਬਾਰੀ ਜਾਗੇ ਰਾਤਰ ਸਾਰੀ ॥ ਰਹੇ ਸੰਤ ਜੀ ਨਿਸ ਭਰ ਬੈਠੇ ਡਰੇ ਜੀਵ ਸੰਸਾਰੀ ੨੧। ਬੰਦਨ ਕਰ ਬੋਲੇ ਹੇ ਪ੍ਰਭ ਜੀ ਅਸੀਂ ਪਰਖਣੇ ਆਏ। ਬਖਸੋ ਆਖਣ ਸੁਣ ਸੰਤਾਂ ਨੇ ਤਿਨਕੋ ਬਚਨ ਸੁਣਾਏ॥ ਕਰੋਨ ਪਰਖ ਸਾਧ ਕੀ ਕਬਹੂੰ ਸਾਧ ਪ੍ਰਭ ਇਕ ਜਾਣੇ। ਚਰਨੀ ਲਾਗੇ ਮਾਫੀ ਲੀਤੀ ਤਜ ਸਭ ਦਿਲਦਾ ਮਾਣੋ ੨੨। ਏਥੇ ਨਗਰ ਥਮਾਲੀ ਬਾਲੇ ਰਾਮ ਸਿੰਘ ਭੀ ਔਂਦੇ। ਇਹ ਸੰਤਾਂ ਦੇ ਪਰਮ ਸੁਨੇਹੀ ਹਿਤਕਰ ਮੰਤ ਬਲੌਂਦੇ। ਆਤਿ ਸਿੰਘ ਸਾਹਬ ਜੀ ਆਖਣ ਰਾਮ ਸਿੰਘ ਦੇਤਾਈਂ ਇਹ ਭੀ ਸੰਤ ਭਲੇ ਉਪਕਾਰੀ ਕੀਤੀ ਭਲੀ ਕੁਮਾਈ। ੨੩। ਇਕ ਦਿਨ ਸੰਤ ਸੁਭੇ ਕਰ ਮੱਜਨ ਬੈਠੇ ਬਿਚ ਥਲ ਰੇਤੇ। ਕੜਕੀ ਧੂਪ ਜੇਠ ਦੀਡਾਢੀ ਉਠਣਾ ਮੂਲ ਨ ਚੇਤੇ

# ਦੁਵਯਾ ਛੰਦ

ਬਾਜ ਸਿੰਘ ਦਰਸ਼ਨ ਕੋ ਆਯਾ ਵਿਗ ਹੋ ਬੰਦਨ ਕੀਤੀ। ਤੱਤੀ ਰੇਤ ਦੇਖ ਮੁੜ ਛੇਤੀ ਛਾਓਂ ਬਿਰਛ ਦੀ ਲੀਤੀ। ੨੪ ॥ ਦੁਖ ਸੁਖ ਰਹਿਤ ਸਦਾ ਨਿਰਲੇਪੀ ਨਿਰਮਲ ਹਰਿ ਕੇ ਸੰਤਾ। ਛਾਵ ਧੂਪਨੂੰ ਸਮ ਕਰ ਜਾਣਤ ਦੁਖ ਦਰਦ ਸਭ ਹੰਤਾ। ਸੋਦਰ ਬਖਤ ਸੰਤ ਜੀ ਕੇਰੀ ਖੁਲ੍ਹੀ ਸਮਾਧੀ ਭਾਈ। ਬਾਜ ਸਿੰਘ ਨੇ ਬੰਦਨ ਕੀਤੀ ਬਚਨ ਸੁਣੇ ਸੁਖਦਾਈ ੨੫ ॥ ਅਵ ਸੁਣੀਏ ਇਕ ਡਾਕੂ ਕੇਰੀ ਸੰਤਾਂ ਮੱਤ ਪਰੇਰੀ। ਨਾਮ ਗਣੇਸਾ ਇਸ ਬਿੰਗੀ ਬਿਚ ਆ ਟਿਕਦਾ ਬਹੁ ਡੇਰੀ। ਤਿਸਨੇ ਦੇਖੇ ਸੰਤ ਜਾਗਦੇ ਤਪ ਕਰਦੇ ਦਿਨ ਰਾਤੀ। ਆਇ ਗਣੇਸੇ ਬੰਦਨ ਕੀਤੀ ਦਿਲ ਕਉ ਆਈ ਸਾਤੀ। ੨੬ । ਸੰਤਾਂ ਨਦਰ ਕਰੀ ਤਿਸ ਊਪਰ ਭਲੀ ਭਾਂਤ ਸਮਝਾਯਾ। ਪਿਛਲੇ ਔਗਣ ਬਖਸ਼ੇ ਹਰਿਜਨ ਆਗੇ ਮਾਰਗ ਪਾਯਾ। ਅੰਮ੍ਰਿਤ ਛਕ ਤਿਨ ਸੇਵਾ ਕੀਤੀ ਇਸ ਬਿਧ ਜਨਮ ਸੁਧਾਰਾ। ਇਕ ਦਿਨ ਤਿਸਨੂੰ ਪਾਸ ਬੁਲਾਕੇ ਸੰਤਾਂ ਬਚਨ ਉਚਾਰਾ। ੨੭। ਪੁਰਵ ਦਿਹਾੜਾ ਅੱਸੂ ਦਸਮੀ ਨਿਕਟ ਪਹੁਚੀ ਆਏ। ਗੁਰ ਨਾਨਕ ਜੀ ਏਸ ਦਿਹਾੜੇ ਜੋਤੀ ਜੋਤ ਸਮਾਏ ॥ ਉਦਮੁ ਕਰ ਤੂੰ ਸਿੰਘ ਗਣੇਸਾ ਲਇਆ ਬਸਤੂ ਸਾਰੀ ॥ ਏਕ ਚਦੋਆ ਔਰ ਬਛਾਈ ਗੁਰੂ ਗੰਥ ਅਸਵਾਰੀ। ੨੮। ਪਾਠੀ ਚਾਰ ਬੁਲਾਉ ਚੰਗੇਰੇ ਪਾਠ ਅਖੰਡ ਕਰਾਈਏ। ਡੇਗ ਪੁਵਾਇ ਯੱਗ ਭੀ ਕਰੀਏ ਗੁਰਕਾ ਪੁਰਵ ਮਨਾਈਏ ਸੁਣੀ ਗਣੇਸਾ ਸਿੰਘ ਤੁਰਤ ਹੀ ਕੱਲਰ ਨਗਰ ਭਧਾਰਾ। ਗੁਰੂ ਗ੍ਰੰਥ ਚੰਦੋਆ ਬਿਸਤਰ ਪਾਠੀ ਆਂਦੇ ਚਾਰਾ। ੨੯। ਸੁਣ ਸੁਣ ਨਿਕਟ ਗਰਾਮਾ ਕੇਰੀ ਸੰਗਤਿ ਬਹੁਤੀ ਆਈ। ਦੇਗ ਕੜਾਹ ਤਿਆਰ ਕਰਾਕੇ ਫਿਰ ਅਰਦਾਸ ਕਰਾਈ। ਬਿਰਛਾਂ ਹੇਠ ਚਦੋਆ ਤਣਕੇ ਪਾਠ ਅਖੰਡ ਰਖਾਯਾ। ਦਿਵਸ ਬਤੀਤ ਰਾਤ ਭੀ ਬੀਤੀ ਦਿਵਸ ਦੂਸਰਾ ਆਯਾ। ੩੦। ਬਾਦਲ ਔਰ ਅੰਧੇਰੀ ਆਈ। ਲਸਕੇ ਗੱੜਕ ਸੁਣਾਵੇ। ਪਾਠ ਬਿਖੇ ਹੁਣ ਬਿਘਨ ਪਏਗਾ ਸਭ ਸੰਗਤ ਡਰ ਪਾਵੇ। ਸੰਤਾਂ ਪਾਸ ਬੇਨਤੀ ਕੀਤੀ ਹੁਣ ਕੀ ਬਣੈ ਉਪਾਤੂ। ਆਖਤ ਸੰਤ ਗੁਰੂ ਕਾ ਕਾਰਜ ਆਪੇ ਗੁਰੂ ਬਚਾਊ। ੩੧ ਬਹੁਤੀ ਤੇਜ ਅੰਧੇਰੀ ਆਈ ਤੋੜੇ ਬਿਰਛ ਘਨੇਰੇ। ਹੋਵਤ ਪਾਠ ਜਹਾ ਤਿਸ ਭੂੰਮੀ ਮੂਲ ਨ ਆਈ ਨੇਰੇ ॥ ਆਪ ਸੰਤ ਜੀ ਬੈਠ ਤਾਬਿਆ ਪਾਠ ਸੁਣਾਵਣ ਲਾਗੇ। ਡਰ ਪੈ ਪਉਣ ਪਾਣੀ ਹਰਿਜਨ ਤੇ ਟਰੈ ਨ ਆਵਤ ਲਾਗੇ। ੩੨। ਕਉਤਕ ਦੇਖ ਪੁਕਾਰਤ ਸੰਗਤ ਹਰਿ ਹਰਿਜਨ ਦੁਏ ਏਕਾ। ।ਰਾਮ ਸੰਤ ਮਹਿ ਭੇਦ ਨ ਭਾਈ ਜਾਂਕੈ ਸਦਾ ਬਿਬੇਕਾ॥ ਦਿਵਸ ਤੀਸਰੇ ਭੋਗ ਪਾਏ ਤੋਂ ਯੱਗ ਕਰਾਯਾ ਭਾਰੀ। ਨਿਕਟ ਗਰਾਮਾ ਕੇਰੀ ਸੰਗਤ ਪਹੁੰਚੀ ਆਇ ਅਪਾਰੀ ॥ ੩੩ ॥ ਬੇਦੀ ਖੇਮ ਸਿੰਘ ਭੀ ਆਯਾ ਧਰ ਮਨ ਭਾਓ ਬਸਾਲਾ। ਸੰਤਾਂ ਆਗੇ ਅਰਪਨ ਕੀਨਾ ਸੁੰਦਰ ਏਕ ਦੁਸਾਲਾ। ਦੇਖ ਸੰਤ ਜੀ ਹਸ ਕਰ ਬੋਲੇ ਸਾਨੂੰ ਕੰਬਲ ਚੰਗੀ। ਆਖਤ ਖੇਮ ਸਿੰਘ ਹੈ ਚੰਗੀ ਜੇ ਆਖਰ

ਤਕ ਲੰਘੀ। ੩੪। ਕੰਬਲ ਸਾਬ ਪਰੀਤੀ ਹਰਿਜਨ ਜੇਕਰ ਓੜ ਨਿਭਾਈ
ਰਾਜੇ ਸ਼ਾਹ ਨਿਵਣ ਸਭ ਆਗੇ ਕੀਮਤ ਕਹੀ ਨ ਜਾਈ । ਖੇਮ ਸਿੰਘ ਨੇ ਉਸਤਤਿ
ਕੀਤੀ ਬਚਨ ਸੁਣਾਏ ਚੰਗੇ॥ ਪੁੱਤਰ ਪੌਤਰ ਨਿੰਦਕ ਭਾਰੇ ਨੰਗੇ ਦੇ ਘਰ ਪੰਗੇ। ੩੫ ॥
ਬਾਕੀ ਅੱਸੂ ਦੇ ਦਿਨ ਸੰਤਾ ਏਥੇ ਬੈਠ ਬਿਤਾਏ। ਸੰਗਤ ਆਵੇ ਦਰਸ਼ਨ ਪਾਵੇ ਬਹੁਤੇ
ਸਿੰਘ ਸਜਾਏ । ਇਕ ਦਿਨ ਸੰਤ ਸਿਨਾਨ ਸੋਧਕੇ ਬੈਠੇ ਨਦੀ ਕਨਾਰੇ । ਅੰਮ੍ਰਿਤ
ਵੇਲੇ ਦਸਮ ਗੁਰੂ ਜੀ ਦਿੱਤੇ ਆਇ ਦਦਾਰੇ । ੩੬ । ਕਲਗੀ ਦਮਕਤ ਬਜ ਅਗੂਠੇ
ਚੜ੍ਹੇ ਤੁਰੰਗ ਸਵਾਰਾ॥ ਬੰਦਨ ਕਰਕੰ ਸੰਤ ਖਲੋਤੇ ਧਨ ਧਨ ਮੁਖੋਂ ਪੁਕਾਰਾ।
ਕਲਗੀਧਰ ਜੀ ਬਚਨ ਸੁਣਾਏ ਕਰੋ ਸੰਤ ਜੀ ਦਉਰਾ। ਫਿਰ ਫਿਰ ਘਰ ਘਰ ਨਾਮ
ਜਪਾਵੋ ਨਹਿ ਬੈਠੋ ਇਕ ਠੌਰਾ। ੩੭ ॥ ਏਸ ਬਖਤ ਸੰਤਾਂ ਦਾ ਸੇਵਕ ਪ੍ਰੇਮ ਸਿੰਘ
ਥੀ ਕੋਲੇ। ਤਿਨ ਭੀ ਬਚਨ ਸੁਣੇ ਗੁਰ ਕਰੇ ਪਾਇ ਦਰਸ ਅਮੋਲੇ। ਕਲਗੀਧਰ ਜੀ
ਰੂਪ ਛਪਾਯਾ ਸੰਤਾਂ ਬਚਨ ਸੁਣਾਏ। ਪ੍ਰੇਮ ਸਿੰਘ ਹੁਣ ਤੀਜੀ ਬਾਰੀ ਗਏ ਗੁਰੂ ਫੁਰਮਾਏ
੩੮। ਦੋਇ ਬਾਤ ਸ੍ਰੀ ਅਬਚਲ ਨੱਗਰ ਇਹੋ ਆਗਿਆ ਦੀਨੀ । ਜਗਤ ਜਲੰਦਾ
ਨਾਮ ਭੁਲਾਕੇ ਕਿਨੇ ਸਾਰ ਨ ਲੀਨੀ। ਕਲਯੁਗ ਅੰਦਰ ਪੀਰ ਪਗਾਮਰ ਸਿੱਧ ਛਪੇ
ਗਿਰ ਮਾਹੀ। ਬਿਨ ਗੁਰ ਪੂਰੇ ਧੀਰ ਧਰਾਵਣ ਕਿਸੇ ਹੰਮਤਾ ਨਾਹੀ। ੩੯ ।
ਕਰੀਏ ਜਗਤ ਵਿਖੇ ਅਬ ਦਉਰਾ ਹਰਿ ਕੀਰਤ ਰੁਤ ਆਈ । ਜਿਉਂ ਘਣ ਬਰਸੇ
ਤਪਤਿ ਬਨਾਸੇ ਤਿਉਂ ਕੀਰਤ ਸੁਖਦਾਈ॥ ਹਰਿ ਕੀਰਤਨ ਜੋ ਸਾਧ ਸੰਗਤਿ ਹੈ ਪੂਰਬ
ਲਿਖਿਆ ਪਾਹ । ਇਕ ਨਿਮਖ ਪਲ ਸਾਧ ਸਮਾਗਮ ਕੋਟ ਬਕੁੰਠੇ ਆਹੇ। ੪੦।
ਇਸ ਬਿਧ ਬਚਨ ਸੁਣੌਂਦੇ ਹਰਿਜਨ ਆਏ ਸੰਗਤ ਮਾਹੀ। ਪ੍ਰੇਮ ਸਿੰਘ ਸੁਣ ਮੁਝਪੈ
ਭਾਖੇ ਲਿਖੇ ਕਥਾ ਮਹਿ ਤਾਹੀ। ਸੁਣੋ ਸਰੋਤਾ ਪ੍ਰੇਮ ਸਿੰਘ ਨੇ ਸੰਗਤਿ ਕੇ ਮਹਿ ਭਾਖੇ।
ਦਸਮ ਗੁਰੂ ਜੀ ਸੰਤਾਂ ਪਰਤੀ ਬਚਨ ਏਸ ਬਿਧ ਆਖੇ। ੪੧ ॥ ਸੁਣ ਸੰਗਤ ਸੰਤਾਂ ਤੇ
ਪੂਛਤਿ ਕਿਵ ਗੁਰ ਦਰਸ਼ਣ ਪਾਏ । ਸੰਤਾਂ ਨੇ ਗੁਰ ਸ਼ਬਦ ਗਾਇਕ ਤਿਸਦੇ ਅਰਥ
ਸੁਣਾਏ। ਸੁਣੋ ਸਰੋਤਾ ਮੈਂ ਸੰਗਤ ਹਿਤ ਸੋਇ ਸ਼ਬਦ ਲਿਖ ਪਾਉਂ। ਅਰਥ ਗੁਣੀ
ਜਨ ਆਪੇ ਸਮਝਣ ਮੈਂ ਨਹਿ ਅਰਥ ਬਤਾਊਂ। ੪੨।

## ਦੇਵ ਗੰਧਾਰੀ ਮਃ ੫

ਏਕੈ ਰੇ ਹਰਿ ਏਕੈ ਜਾਨ॥ ਏਕੈ ਰੇ ਗੁਰਮੁਖਿ ਜਾਨ। ੧ ਰਹਾਉ । ਕਾਹੇ ਭ੍ਰਮਤ
ਹਉ ਤੁਮ ਭ੍ਰਮਹੁ ਨ ਭਾਈ। ਰਵਿਆ ਰੇ ਰਵਿਆ ਸ੍ਰਬ ਥਾਨ । ੧। ਜਿਉ ਬੈਸੰਤਰੁ
ਕਾਸਟ ਮਝਾਰ। ਬਿਨ ਸੰਜਮ ਨਹੀਕਾਰਜ ਸਾਰਿ। ਬਿਨੁ ਗੁਰ ਨ ਪਾਵੈਗੋ ਹਰਿ ਜੀਕੋ
ਦੁਆਰ। ਮਿਲ ਸੰਗਤਿ ਤਜਿ ਅਭਿਮਾਨ। ਕਹੁ ਨਾਨਕ ਪਾਇਓ ਪਰਮ ਨਿਧਾਨ। ੨

## । ਚਉਪਈ।

ਸੁਣ ਕਰ ਸੰਗਤ ਭਈ ਨਿਹਾਲ। ਨਮਸਕਾਰ ਕੀਨੀ ਧਰ ਭਾਲ। ਘਰ ਘਰ

ਸੰਤਨ ਕੋ ਜਸ ਛਾਯੋ। ਸੁਣ ਸੁਣ ਬੇਦੀ ਮਨ ਮੁਰਝਾਯੋ। ੪੩। ਬੇਦੀ ਖੇਮ ਸਿੰਘ ਦੇ ਲੜਕੇ। ਸੰਤ ਸਿਫਤ ਤਿਨ੍ਹਕੇ ਦਿਲ ਰੜਕੇ॥ ਚਰਨ ਪਾਹੁਲ ਕੀ ਰੀਤ ਨ ਰਹੀ। ਖੰਡੇ ਅੰਮ੍ਰਿਤ ਕੀਨਾ ਸਹੀ। ੪੪। ਜੋ ਤਿਨਕੇ ਚਰਨਾ ਦੇ ਦਾਸ। ਤੇਭੀ ਆਏ ਸੰਤਾਂ ਪਾਸ॥ ਅੰਮ੍ਰਿਤ ਖੰਡੇ ਦਾ ਛਕ ਲੀਨਾ। ਜਹਿ ਹਿਤ ਸੀਸ ਖਾਲਸੇ ਦੀਨਾ ੪੫ ਬੇਦੀ ਝੂਰੈ ਝੱਲ ਨਹਿ ਸਾਕੈ। ਪੇਛਨ ਜਾਇ ਬੁਰਾ ਬਹੁਤਾਕੈ॥ ਉਲੂ ਸੂਰਜ ਕੋ ਨਹਿ ਲੋੜੈ॥ ਬੇ ਮੁਖ ਸੰਤਨ ਸੇ ਮੁਖ ਮੋੜੈ ੪੬।

## । ਕਵਿਓ ਵਾਚ ਬੈਂਤ।

ਉਲੂ ਸੂਰਜੋਂ ਮੁਖ ਛੁਪਾਇ ਲੈਂਦੇ ਦੰਭੀ ਛਪ ਗਏ ਸੰਤ ਅਵਤਾਰ ਕੋਲੋਂ।
ਬਬਰ ਸ਼ੇਰਦੀ ਜਦੋਂ ਭਵਕਾਰ ਪੈਂਦੀ ਮਿਰਗ ਭਜਦੇ ਹੋਇ ਲਚਾਰ ਕੋਲੋਂ।
ਤੁਲੇ ਸੂਰਮਾ ਜੰਗ ਦੇ ਖੇਤ ਅੰਦਰ ਕੈਰ ਭੱਜਦੇ ਬਲੀ ਦੀ ਮਾਰ ਕੋਲੋਂ।
ਬਾਜ ਟੁਟਕੇ ਪਵੇ ਅਕਾਸ ਬਿਚੋ ਔਖਾ ਠਹਿਰਨਾ ਚਿੜੀਆਂ ਦੀ ਡਾਰ ਕੋਲੋਂ।
ਹਰੀ ਸਿੰਘ ਜਰਨੈਲ ਦਾ ਨਾਮ ਸੁਣਕੇ ਭੱਜੇ ਜਾਣ ਪਠਾਣ ਹਜ਼ਾਰ ਕੋਲੋਂ।
ਸਰਦੀ ਵਿੱਚ ਜੇ ਅੱਗ ਮਚਾਇ ਲਈਏ ਹੁੰਦਾ ਦੂਰ ਹੈ ਤੁਰਤ ਤੁਖਾਰ ਕੋਲੋਂ।
ਮੇਘ ਘੋਰਦਾ ਬੋਲਦਾ ਮੋਰ ਸੁਣਕੇ ਨਾਗ ਭੁਜਦਾ ਸੁਣ ਪੁਕਾਰ ਕੋਲੋਂ।
ਦੀਵਾ ਬਾਲੀਏ ਹੋਇ ਪ੍ਰਕਾਸ ਜਾਂਦਾ ਦੂਰ ਭੱਜਦਾ ਤੁਰਤ ਅੰਧਾਰ ਕੋਲੋਂ।
ਝੂਠੇ ਵਣੇ ਦੀ ਕੰਨ ਉਵਾਜ ਸੁਣਕੇ ਚੋਰ ਭੱਜਦਾ ਜਿਵੇਂ ਸਰਕਾਰ ਕੋਲੋ।
ਗੁਣੀ ਸ਼ਖਸ ਨੂੰ ਆਣਕੇ ਲੋਭ ਜਾਗੇ ਲੱਖਾਂ ਗੁਣ ਜਾਂਦ ਇਕੋ ਵਾਰ ਕੋਲੋਂ।
ਭਰਮ ਠਹਿਰ ਦਾਨਾ ਰਿਦੇ ਬਿੱਚ ਨਾਹੇ ਬ੍ਰਹਮ ਗਿਆਨ ਦੀ ਜਿਵੇਂ ਬਿਚਾਰ ਕੋਲੋ।
ਦਾਰਦ ਪਾਰਸੋਂ ਕਾਲ ਜਿਉ ਸੁਧਾਰਸਤੋਂ ਸਤਿਨਾਮ ਤੋਂ ਪਾਪ ਉਤਾਰ ਕੋਲੋਂ।
ਰਾਤਿ ਸੂਰਜੋਂ ਨੇਰ ਜਿਉ ਚੰਦ ਕੋਲੋਂ ਬੈਰੀ ਦਉੜਦਾ ਤੇਗ ਦਾ ਧਾਰ ਕੋਲੋਂ।
ਮੇਘ ਪਉਣ ਅਗੇ ਤੀਰੋ ਕਾਗ ਚਲ ਪਰਸ ਰਾਮ ਜਿਉ ਰਾਮ ਅਵਤਾਰ ਕੋਲੋ।
ਬਾਂਦਰ ਦੜ੍ਹੜਦਾ ਰੈਫਲ ਖੜਾਕ ਸੁਣਕੇ ਮੈਲ ਕੱਪੜੇ ਦੀ ਜਿਵੇਂ ਖਾਰ ਕੋਲੋਂ।
ਕੂੜੀ ਬੋਚਦੇ ਭੱਜਦ ਲੇਖ ਚੰਗੇ ਮਾਯਾ ਦੌੜ ਜਾਂਦੀ ਕੂੜੀ ਮਾਰ ਕੋਲੋਂ।
ਭੇਖੀ ਦੰਭੀਆਂ ਬਿਸਤਰੇ ਗੋਲ ਕੀਤੇ ਅਤਰ ਸਿੰਘ ਜੀ ਸੰਤ ਦਤਾਰ ਕੋਲੋਂ।
ਲੁਕੀ ਗੱਲ ਨਾ ਕੋਈ ਨਿਰੈਣ ਸਿੰਘਾ ਭਾਵੇਂ ਪੁਛ ਲਉ ਕੁਲ ਸੰਸਾਰ ਕੋਲੋਂ। ੪੭॥

## ॥ ਉਚ ਕਰਨੀ ਬੈਤਂ॥

ਬੂਟਾ ਫੇਰ ਬਣਦਾ ਫਲ ਦੇਣ ਵਾਲਾ ਬੀਜ ਧਰਤ ਅੰਦਰ ਗਲਜਾਏ ਪਹਿਲਾਂ।
ਚਿੱਟੀ ਪੱਗ ਸੁਹਾਵੰਦੀ ਸੀਸ ਉਤੇ ਧੋਬੀ ਪਟੜਿਆਂ ਨਾਲ ਪਟਕਾਏ ਪਹਿਲਾਂ।
ਕੰਘੀ ਸੈਂਰ ਕਰਦੀ ਕੇਸਾਂ ਕਾਲਿਆਂ ਦਾ ਜਿਸਮ ਆਰੀਆਂ ਨਾਲ ਚਰਾਏ ਪਹਿਲਾਂ॥
ਅਤਰ ਫੇਰ ਅਮੀਰ ਦੇ ਅੰਗ ਲੱਗਦਾ ਫੁੱਲ ਅਪਣਾ ਤੇਲ ਕਢਾਏ ਪਹਿਲਾਂ॥

Sri Satguru Jagjit Singh Ji eLibrary NamdhariElibrary@gmail.com

ਧਰਮੀ ਵਲੋਂ ਗੁਰ ਤੇਗ ਦੇ ਧਨੀ ਵਾਂਗੂੰ ਖਾਤਰ ਧਰਮ ਦੇ ਸੀਸ ਕਟਾਇ ਪਹਿਲਾਂ।
ਸਾਧੂ ਸੰਤ ਦੀ ਮਾਨਤਾ ਫੇਰ ਹੁੰਦੀ ਕਰੇ ਤਪ ਜੋ ਤਨ ਸੁਕਾਇ ਪਹਿਲਾਂ ॥
ਪੂਰਨ ਸੰਤ ਬਾਬਾ ਅਤਰ ਸਿੰਘ ਦੇਖੋ ਬੈਠ ਜੰਗਲੀਂ ਨਾਮ ਧਿਆਇ ਪਹਿਲਾਂ ॥
ਪਿਛ ਤਾਰਿਆ ਮੁਲਖ ਨਿਰੰਜਣ ਸਿੰਘਾ ਬੈਠ ਆਪ ਭਾਰੀ ਤਪਤਾਇ ਪਹਿਲਾਂ ॥ ੪੮

## ਦੁਵਯਾ ਛੰਦ

ਅਬ ਸੁਣੀਏ ਸੰਤਨ ਕੀ ਗਾਥਾ ਬੈਠੇ ਨਦੀ ਕਨਾਰੇ। ਦੋਇ ਮਾਸ ਕਮ ਸਾਲ ਬਤੀਤਾ ਤਪ ਕੀਤੇ ਬਹੁ ਭਾਰੇ। ਕੱਲਰ ਨਗਰ ਨਿਵਾਸੀ ਸਗਤ ਸੇਵਾ ਕਰਦੀ ਸਾਰੀ ॥ ਰਾਜ ਦੇਵੀ ਤੇ ਮਾਈ ਰੱਜੀ ਸੇਵਣ ਸਨ ਪਰਵਾਰੀ। ੪੯। ਸੰਤ ਸਿੰਘ ਤ੍ਰਲੋਕ ਸਿੰਘ ਇਤ ਆਦਕ ਹੋਰ ਘਨੇਰੇ ॥ ਅਮਲੀ ਅਰਜਣ ਸਿੰਘ ਆਦ ਸਭ ਸੇਵਕ ਹੋਰ ਬਥੇਰੇ। ਸੰਤਾਂ ਦਾਸ ਪਰੇਮ ਸਿੰਘ ਨੂੰ ਇਸਬਿਧ ਆਖ ਸੁਣਾਈ। ਸਾਡ ਥੋਂ ਕਲਿਆਣ ਸਿੰਘ ਨੂੰ ਮੁਖ ਵਕ ਦਿਓ ਬਠਾਈ। ੫੦ ॥ ਰਾਗੀ ਬੂਟਾ ਸਿੰਘ ਸਾਥ ਲੈ ਦੂਜਾ ਸਿੰਘ ਨਿਰੰਜਣਾ। ਤੁਸੀ ਖਾਲਸੇ ਡਿਹਰੇ ਆਉਣਾ ਹੋਰ ਨ ਸਾਥੀ ਲੈਣਾ। ਇਵ ਸਮਝਾਕੇ ਅੰਮ੍ਰਿਤ ਵੇਲੇ ਸੰਤਾਂ ਕੂਚ ਬਜਾਈ। ਨਗਰ ਖਾਲਸੇ ਡਿਹਰੇ ਪਹੁੰਚੇ ਧਰਤੀ ਜਾਇ ਸੁਹਾਈ ॥ ੫੧। ਏਧਰ ਮੁਖ ਵਕ ਨਦੀ ਕਨਾਰੇ ਬੈਠਾ ਸਿੰਘ ਕਲਿਆਣਾ। ਸੰਗਤਿ ਆਵੇ ਸੀਸ ਨਿਵਾਵੇ ਭੇਦ ਕਿਸੇ ਨਾ ਜਾਣਾ ॥ ਦਿਵਸ ਚੜੇ ਮੁਖ ਪੜਦਾ ਲਾਹਕੇ ਇਸਬਿਧ ਆਖ ਸੁਣਾਈ। ਸੰਤ ਸੰਗਤੇ ਕੂਚ ਬਜਾਗੇ ਸੁਣ ਸੰਗਤ ਮੁਰਝਾਈ ॥ ੫੨। ਪਰੇਮ ਸਿੰਘ ਕਲਿਆਣ ਸਿੰਘ ਮਿਲ ਬੂਟਾ ਸਿੰਘ ਜਿ ਰਾਗੀ। ਸਾਥ ਨਿਰੰਜਣ ਸਿੰਘ ਮਿਲ ਚਾਰੇ ਤੁਰੇ ਬਹੁਰ ਬਡਭਾਗੀ। ਸੰਗਤ ਸਾਥ ਚਲੀ ਮਿਲ ਕੇਤੀ ਸੰਤਾਂ ਦੇ ਪਹਿ ਆਏ। ਪਹੁੰਚ ਖਾਲਸੇ ਡਿਹਰੇ ਨੱਗਰ ਚਰਨੀ ਸੀਸ ਨਿਵਾਏ ॥ ੫੩ ॥

**ਇਤ ਸਿਰੀ ਸੰਤ ਬਿਲਾਸ ਗ੍ਰੰਥੇ ਦੂਸਰ ਅਵਸਥੇ ਕੱਲਰ ਨੱਗਰਨਦੀ ਕਨਾਰੇ ਦਸ ਮਹੀਨੇ ਭਾਰੀ ਤਪ ਕਰਨ ਤੇ ਅਨੇਕ ਜੀਵਾਂ ਨੂੰ ਸਮੇਤੇ ਲਾਵਣ ਪ੍ਰਸੰਗ ਬਰਨਨ ਨਾਮ ਸੋਹਲਵਾਂ ਧਿਆਇ। ੧੬**

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary

ਸਰਬ ਸੰਗਤ ਪਰਤੀ ਬੇਨਤੀ ਹੈ ਕਿ ਇਸ ਹਿੱਸੇ ਵਿੱਚ ਲਿਖਣ ਜਾਂ
ਛਪਣ ਵੇਲੇ ਕੋਈ ਗਲਤੀ ਰਹਿ ਗਈ ਹੋਵੇ ਤਾਂ ਪਾਠਕਜਨ ਖਿਮਾ ਬਖਸ਼ਣ
ਭੁੱਲਕੇ ਰਹੀ ਹੋਈ ਗ਼ਲਤੀ ਨੂੰ ਬੁਧਵਾਨ ਬਚਾ ਕੇ ਪੜ੍ਹਨ ਦੀ ਕਿਰਪਾਲਤਾ ਕਰਨ
ਸੰ: ਬਿ: ੧੯੯੭॥ ਸਨ ਈ: ੧੯੪੦

ਦਾਸ:-- ਅਰਜਨ ਸਿੰਘ

!!!!!

SEWAK ARJAN SINGH

704

Sri Satguru Jagjit Singh Ji eLibrary NamdhariElibrary@gmail.com